ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

11-17 ਅਕਤੂਬਰ 2023

ਸਾਲ 14ਵਾਂ - ਅੰਕ 42
email : info@sadelok.com
Ph. : 510-706-1300
Fax : 925-373-1300

ਦਰਬਾਰ ਸਾਹਿਬ ਦੇ ਉਪਰ ਹਮਲਾ ਪੁੱਤ ਸਿੱਖਾਂ ਦੇ ਸਹਿ ਨਹੀਂ ਸਕਦੇ
ਇਹ ਵੀ ਸੱਚ ਹੈ ਕਰਨੇ ਵਾਲੇ ਕਦੇ ਜਿਉਂਦੇ ਰਹਿ ਨਹੀਂ ਸਕਦੇ

ਗੁਰੂ ਰਾਮਦਾਸ ਜੀ ਦੇ ਘਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਸਿੱਖਾਂ ਦਾ ਸ਼ਿਕਾਰ ਖੇਡਣ ਵਾਲੇ ਜ਼ਾਲਮ ਨੂੰ ਕੌਮ ਦੇ ਮਹਾਨ ਸ਼ਹੀਦ ਭਾਈ ਸੁੱਖਾ-ਜਿੰਦਾ ਨੇ ਉਨ੍ਹਾਂ ਦੇ ਘਰ ਜਾ ਸੋਧਿਆ ਤੇ ਹੱਸ ਹੱਸਕੇ ਫਾਂਸੀ ਦੇ ਰੱਸੇ ਚੁੰਮਕੇ ਸ਼ਹਾਦਤਾਂ ਪ੍ਰਾਪਤ ਕੀਤੀਆਂ।



## ਪ੍ਰਣਾਮ ਸ਼ਹੀਦਾਂ ਨੂੰ

(ਦੇਖੋ ਸਫ਼ਾ 28-29 'ਤੇ)

## ਅਗਲੀਆਂ ਏਸ਼ੀਆਈ ਖੇਡਾਂ 'ਚ ਹੋਰ ਬਿਹਤਰ ਪ੍ਰਦਰਸ਼ਨ ਕਰਾਂਗੇ: ਮੋਦੀ



30

## ਅਮਰੀਕਾ ਦੇ ਕਨੈਕਟੀਕਟ 'ਚ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਵੇਗਾ ਸਿੱਖ ਧਰਮ



4

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਦੱਸਣ ਵਾਲੇ ਮੁਲਜ਼ਮ ਖਿਲਾਫ ਰੱਦ ਨਹੀਂ ਹੋਵੇਗੀ ਐਫਆਈਆਰ : ਹਾਈਕੋਰਟ




22

# ਇਜ਼ਰਾਈਲ-ਹਮਾਸ ਜੰਗ 'ਚ ਹੁਣ ਤੱਕ ਹਜ਼ਾਰਾਂ ਮੌਤਾਂ

## • ਗਾਜ਼ਾ 'ਚ ਇਜ਼ਰਾਇਲੀ ਫ਼ੌਜ ਵੱਲੋਂ ਕੀਤੇ ਹਮਲੇ 'ਚ ਸੈਂਕੜੇ ਇਮਾਰਤਾਂ ਜ਼ਮੀਨਦੋਜ਼



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਦਹਿਸ਼ਤਗਰਦ ਹਮਾਸ ਦੇ ਕਾਰਨ ਇਜ਼ਰਾਇਲ ਅਤੇ ਫਲਸਤੀਨ ਦੇ ਲੋਕ ਅਤੇ ਬੱਚੇ ਜੰਗ ਦੀ ਕੀਮਤ ਆਪਣੀਆਂ ਜਾਨਾਂ ਨਾਲ ਅਦਾ ਕਰ ਰਹੇ ਹਨ।

ਯੇਰੂਸ਼ਲਮ : ਇਜ਼ਰਾਈਲੀ ਲੜਾਕੂ ਜਹਾਜ਼ਾਂ ਨੇ ਹਮਾਸ ਦੇ ਡਾਊਨਟਾਊਨ ਗਾਜ਼ਾ ਸ਼ਹਿਰ, ਜੋ ਹਮਾਸ ਦੇ ਸਰਕਾਰੀ ਕੇਂਦਰਾਂ ਦਾ ਘਰ ਹੈ, 'ਚ ਲਗਾਤਾਰ ਬੰਬਾਰੀ ਕੀਤੀ। ਜਾਰੀ ਯੁੱਧ ਵਿਚ ਹੁਣ ਤੱਕ 2200 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਜ਼ਰਾਈਲ ਵਿਚ ਦਹਾਕਿਆਂ 'ਚ ਇਹ ਪਹਿਲੀ ਵਾਰ ਹੈ ਕਿ ਉਸ ਦੀਆਂ ਸੜਕਾਂ 'ਤੇ ਲੜਾਈ ਹੋਈ ਹੋਵੇ ਅਤੇ ਗਾਜ਼ਾ ਦੇ ਨੇੜਲੇ ਇਲਾਕੇ ਮਲਬੇ 'ਚ ਤਬਦੀਲ ਹੋ ਗਏ। ਹਮਾਸ ਨੇ ਵੀ ਬਿਨਾਂ ਚਿਤਾਵਨੀ ਦਿੱਤੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ 'ਤੇ ਬੰਧਕ ਬਣਾਏ ਗਏ

(ਦੇਖੋ ਸਫ਼ਾ 18-20 'ਤੇ)

# SYL ਇਸ ਵਾਰ ਪੰਜਾਬ ਦੇ ਪਾਣੀਆਂ ਦਾ ਫੈਸਲਾ ਪੰਜਾਬ ਨਹੀਂ ਦਿੱਲੀ ਕਰੇਗਾ ?


## 1 ਨਵੰਬਰ ਨੂੰ ਆਪਣੇ ਪੁਰਖਿਆਂ ਦੇ ਕੁਰਸੀ ਵਾਸਤੇ ਕੀਤੇ ਕੁਰਸੀਨਾਮੇ ਵੀ ਨਾਲ ਲੈ ਕੇ ਆਇਉ : ਭਗਵੰਤ ਮਾਨ



ਮੁੱਖ ਮੰਤਰੀ ਨੇ ਵਿਰੋਧੀ ਧਿਰ ਦੇ ਮੁੱਖ ਆਗੂਆਂ ਨੂੰ ਖੁੱਲ੍ਹੀ ਬਹਿਸ ਲਈ ਵੰਗਾਰਿਆ



ਵਿਧਾਨ ਸਭਾ 'ਚ ਨਹੀਂ ਜਨਤਕ ਥਾਂ 'ਤੇ ਹੋਵੇ ਬਹਿਸ: ਬਾਜਵਾ



'ਯੇ ਬਤਾ ਕਾਫ਼ਲਾ ਕਿਉਂ ਲੁਟਾ': ਸੁਨੀਲ ਜਾਖੜ ਪ੍ਰਧਾਨ ਬੀ.ਜੇ.ਪੀ.



ਹਰ ਮੁੱਦੇ 'ਤੇ ਕਰਾਂਗੇ ਸਿੱਧੀ ਗੱਲਬਾਤ: ਸੁਖਬੀਰ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ



ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਕੀਤੇ ਸੱਤ ਸੁਆਲ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਛਿੜੇ ਵਿਵਾਦ ਨੂੰ ਨਵਾਂ ਮੋੜ ਦਿੰਦਿਆਂ ਪੰਜਾਬ ਦੀਆਂ ਵਿਰੋਧੀ ਧਿਰਾਂ ਨੂੰ ਖੁੱਲ੍ਹੀ ਬਹਿਸ ਲਈ ਵੰਗਾਰਿਆ ਹੈ। ਉਨ੍ਹਾਂ ਅੱਜ ਭਾਜਪਾ ਦੇ ਸੂਬਾ

(ਦੇਖੋ ਸਫ਼ਾ 20-21 'ਤੇ)

# ਸਕਾਟਲੈਂਡ ਦੀ ਸੰਸਦ 'ਚ 1984 ਸਿੱਖ ਨਸਲਕੁਸ਼ੀ ਨੂੰ ਯਾਦ ਕਰਦਾ ਮਤਾ ਪੇਸ਼

## ਸਕਾਟਲੈਂਡ ਅਤੇ ਦੁਨੀਆ ਭਰ ਦੇ ਸਿੱਖ ਇਨ੍ਹਾਂ ਘਟਨਾਵਾਂ ਦੇ ਭਾਵਨਾਤਮਕ ਅਤੇ ਡੂੰਘੇ ਮਨੋਵਿਗਿਆਨਕ ਸਦਮੇ ਤੋਂ ਬਾਹਰ ਨਹੀਂ ਨਿਕਲ ਸਕੇ



ਸਕਾਟਿਸ ਸੰਸਦ ਮੈਂਬਰ (ਐਮ.ਐਸ.ਪੀ.) ਕੌਂਕਬ ਸਟੀਵਰਟ ਮਤਾ ਪੇਸ਼ ਕਰਦੀ ਹੋਈ

ਗਲਾਸਗੋ : ਸਕਾਟਲੈਂਡ ਦੀ ਸੰਸਦ 'ਚ 1984 ਸਿੱਖ ਕਤਲੇਆਮ ਦੀ ਨਿਖੇਧੀ ਕਰਦਾ ਇਕ ਮਤਾ ਪੇਸ਼ ਕੀਤਾ ਗਿਆ ਹੈ। ਮਤੇ ਨੂੰ ਸਕਾਟਿਸ਼ ਸੰਸਦ ਮੈਂਬਰ (ਐਮ.ਐਸ.ਪੀ.) ਕੌਂਕਬ ਸਟੀਵਰਟ ਨੇ ਪੇਸ਼ ਕੀਤਾ ਹੈ ਜੋ ਕਿ 2021 ਤੋਂ ਗਲਾਸਗੋ ਦੀ ਪ੍ਰਤੀਨਿਧਗੀ ਕਰ ਰਹੇ ਹਨ ਅਤੇ ਸਕਾਟਿਸ਼ ਨੈਸ਼ਨਲ ਪਾਰਟੀ (ਐਸ.ਐਨ.ਪੀ.) ਦੇ ਆਗੂ ਹਨ। ਸਕਾਟਿਸ ਨੈਸ਼ਨਲ ਪਾਰਟੀ ਐਮ.ਐਸ.ਪੀ. ਕੌਂਕਬ ਸਟੀਵਰਟ ਵਲੋਂ ਪੇਸ਼ ਕੀਤਾ ਗਿਆ ਮਤਾ, ਭਾਰਤ 'ਚ ਅਕਤੂਬਰ ਅਤੇ ਨਵੰਬਰ 1984 ਦੌਰਾਨ ਮਰਦਾਂ, ਔਰਤਾਂ ਅਤੇ ਬੱਚਿਆਂ ਸਮੇਤ ਸਿੱਖ ਵਿਅਕਤੀਆਂ ਵਿਰੁੱਧ ਹਿੰਸਾ ਦੀਆਂ ਦੁਖਦਾਈ ਘਟਨਾਵਾਂ ਨੂੰ ਯਾਦ ਕਰਦਾ ਹੈ। ਇਹ ਮਤਾ

(ਦੇਖੋ ਸਫ਼ਾ 14 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੌਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ 'ਚ ਦੁਨੀਆ ਦੇ ਸਭ ਤੋਂ ਵੱਡੇ ਹਿੰਦੂ ਮੰਦਰ ਸਵਾਮੀਨਾਰਾਇਣ ਅਕਸ਼ਰਧਾਮ ਦਾ ਹੋਇਆ ਉਦਘਾਟਨ







ਨਿਊਜਰਸੀ : ਦੁਨੀਆ ਦਾ ਦੂਜਾ ਹਿੰਦੂ ਮੰਦਰ ਸਵਾਮੀ ਨਰਾਇਣ ਅਕਸ਼ਰਧਾਮ ਜੋ ਭਾਰਤ ਤੋ ਬਾਹਰ ਅਮਰੀਕਾ ਦੇ ਰਾਜ ਨਿਊਜਰਸੀ ਦੇ ਟਾਊਨ ਰੋਬਿਨਸਵਿਲੇ ਵਿਖੇ ਸਥਿਤ ਹੈ। ਬੀਤੇ ਦਿਨ ਉਸ ਦਾ ਉਦਘਾਟਨ ਕੀਤਾ ਗਿਆ। ਇਸ ਅਕਸ਼ਰਧਾਮ ਮੰਦਰ ਦੇ ਸ਼ਾਨਦਾਰ ਉਦਘਾਟਨੀ ਸਮਾਰੋਹ ਵਿੱਚ ਭਾਰਤ ਦੇ 50 ਤੋਂ ਵੱਧ ਧਾਰਮਿਕ ਆਗੂਆਂ, ਗੁਰੂਆਂ ਤੇ ਹੋਰ ਧਰਮਾਂ ਦੇ ਨੁਮਾਇੰਦਿਆਂ ਸਮੇਤ 100 ਤੋਂ ਵੱਧ ਵਿਸ਼ੇਸ਼ ਮਹਿਮਾਨਾਂ ਨੇ ਸ਼ਿਰਕਤ ਕੀਤੀ। ਇਹ ਸਵਾਮੀਨਾਰਾਇਣ ਅਕਸ਼ਰਧਾਮ ਮੰਦਿਰ ਰੋਬਿਨਸਵਿਲੇ ਟਾਊਨਸ਼ਿਪ, ਨਿਊਜਰਸੀ ਵਿੱਚ ਸਥਿੱਤ ਹੈ। ਜੋ ਨਿਊਯਾਰਕ ਦੇ ਟਾਈਮਜ਼ ਸਕੁਏਅਰ ਤੋਂ ਲਗਭਗ 90 ਕਿਲੋਮੀਟਰ ਦੱਖਣ ਵਿੱਚ ਜਾਂ ਵਾਸ਼ਿੰਗਟਨ ਡੀਸੀ ਤੋਂ ਲਗਭਗ 289 ਕਿਲੋਮੀਟਰ ਉੱਤਰ ਵਿੱਚ ਸਥਿੱਤ ਹੈ।

ਇਸ ਮੰਦਰ ਨੂੰ 12,500 ਤੋਂ ਵੱਧ ਵਲੰਟੀਅਰਾਂ ਦੁਆਰਾ ਬਣਾਇਆ ਗਿਆ ਹੈ। ਇਹ ਮੰਦਰ ਬੋਚਾਸਨਵਾਸੀ ਸ਼੍ਰੀ ਅਕਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਸੰਸਥਾ ਸੰਪਰਦਾ ਦੀ ਵਿਸ਼ਵਵਿਆਪੀ ਧਾਰਮਿਕ ਅਤੇ ਨਾਗਰਿਕ ਸੰਸਥਾ ਦੁਆਰਾ ਬਣਾਏ ਗਏ ਮੰਦਰਾਂ ਵਿੱਚੋਂ ਇੱਕ ਹੈ। ਜੋ 18 ਅਕਤੂਬਰ ਤੋਂ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਜਾਵੇਗਾ। ਇਸ ਮੰਦਰ ਨੂੰ ਪ੍ਰਾਚੀਨ ਹਿੰਦੂ ਗ੍ਰੰਥਾਂ ਅਨੁਸਾਰ ਤਿਆਰ ਕੀਤਾ ਗਿਆ ਹੈ, ਜਿਸ ਵਿੱਚ 10 ਹਜਾਰ ਮੂਰਤੀਆਂ ਸਥਾਪਿਤ ਕੀਤੀਆਂ ਗਈਆਂ ਹਨ। ਮੰਦਰ ਵਿੱਚ ਭਾਰਤੀ ਸੰਗੀਤ ਯੰਤਰਾਂ ਅਤੇ ਨਾਚਾਂ ਦੀ ਨੱਕਾਸ਼ੀ ਤੋਂ ਇਲਾਵਾ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਦੇ ਡਿਜ਼ਾਈਨ ਵੀ ਸ਼ਾਮਲ ਹਨ। ਮੰਦਰ ਦੀ ਉਸਾਰੀ ਆਰਕੀਟੈਕਚਰ ਅਨੁਸਾਰ ਕੀਤੀ ਗਈ ਹੈ।

ਅਕਸ਼ਰਧਾਮ ਹਿੰਦੂ ਮੰਦਰ ਆਰਕੀਟੈਕਚਰ ਨੂੰ ਧਿਆਨ ਵਿਚ ਰੱਖ ਕੇ ਬਣਾਇਆ ਗਿਆ ਹੈ। ਇਸ ਵਿਲੱਖਣ ਮਨੀਰ ਡਿਜ਼ਾਈਨ ਵਿੱਚ ਇੱਕ ਮੁੱਖ ਮੰਦਰ, 12 ਉਪ-ਮੰਦਰ, 9 ਚੋਟੀਆਂ ਅਤੇ 9 ਪਿਰਾਮਿਡਲ ਚੋਟੀਆਂ ਸ਼ਾਮਲ ਹਨ। ਇਹ ਅਕਸ਼ਰਧਾਮ ਪਰੰਪਰਾਗਤ ਪੱਥਰ ਦੇ ਆਰਕੀਟੈਕਚਰ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਅੰਡਾਕਾਰ ਗੁੰਬਦ ਹੈ ਅਤੇ ਇਹ ਮੰਦਰ ਚਾਰ ਕਿਸਮ ਦੇ ਪੱਥਰਾਂ ਦੇ ਨਾਲ ਬਣਿਆ ਹੈ। ਇਸ ਮੰਦਰ ਨੂੰ ਇਸ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਹੈ ਕਿ ਇਹ ਮੰਦਰ ਹਜ਼ਾਰਾਂ ਸਾਲਾਂ ਤੱਕ ਸੁਰੱਖਿਅਤ ਰਹੇ। ਅਕਸ਼ਰਧਾਮ ਮੰਦਰ ਦੇ ਹਰ ਪੱਥਰ ਦੀ ਇੱਕ ਕਹਾਣੀ ਹੈ। ਜਿਸ ਵਿੱਚ ਚਾਰ ਕਿਸਮ ਦੇ ਪੱਥਰ ਜਿਵੇਂ ਚੂਨਾ ਪੱਥਰ, ਗੁਲਾਬੀ ਪੱਥਰ, ਸੰਗਮਰਮਰ ਦਾ ਪੱਥਰ ਅਤੇ ਗ੍ਰੇਨਾਈਟ ਪੱਥਰ ਦੀ ਵਰਤੋਂ ਮੰਦਰ ਦੀ ਉਸਾਰੀ ਵਿੱਚ ਕੀਤੀ ਗਈ ਹੈ।

ਇਸ ਮੰਦਰ ਦੇ ਨਿਰਮਾਣ ਵਿੱਚ ਲਗਭਗ 2 ਮਿਲੀਅਨ ਘਣ ਫੁੱਟ ਪੱਥਰ ਦੀ ਵਰਤੋਂ ਕੀਤੀ ਗਈ ਹੈ, ਜਿਸ ਨੂੰ ਦੁਨੀਆ ਭਰ ਦੀਆਂ ਵੱਖ-ਵੱਖ ਥਾਵਾਂ ਤੋਂ ਲਿਆਂਦਾ ਗਿਆ ਹੈ। ਜਿਸ ਵਿੱਚ ਬੁਲਗਾਰੀਆ ਅਤੇ ਤੁਰਕੀ ਤੋਂ ਚੂਨਾ ਪੱਥਰ, ਗ੍ਰੀਸ, ਤੁਰਕੀ ਅਤੇ ਇਟਲੀ ਤੋਂ ਸੰਗਮਰਮਰ, ਭਾਰਤ ਅਤੇ ਚੀਨ ਤੋਂ ਗ੍ਰੇਨਾਈਟ, ਭਾਰਤ ਤੋਂ ਰੇਤਲਾ ਪੱਥਰ, ਯੂਰਪ, ਏਸ਼ੀਆ, ਲੈਟਿਨ ਅਮਰੀਕਾ ਤੋਂ ਹੋਰ ਸਜਾਵਟੀ ਪੱਥਰ ਵੀ ਮੰਗਵਾਏ ਗਏ ਸਨ।ਇਸ ਮੰਦਰ ਦੇ ਬ੍ਰਹਮਕੁੰਡ ਵਿੱਚ ਪਰੰਪਰਾਗਤ ਭਾਰਤੀ ਵਾਵ ਹੈ। ਜਿਸ ਵਿੱਚ ਭਾਰਤ ਦੀਆਂ ਪਵਿੱਤਰ ਨਦੀਆਂ ਅਤੇ ਅਮਰੀਕਾ ਦੇ 50 ਰਾਜਾਂ ਸਮੇਤ ਦੁਨੀਆ ਭਰ ਦੇ 300 ਤੋਂ ਵੱਧ ਜਲਘਰਾਂ ਤੋਂ ਪਾਣੀ ਲਿਆ ਗਿਆ ਹੈ। ਇਸ ਮੰਦਰ ਵਿੱਚ ਬੀਏਪੀਐਸ ਦਾ ਮਿਸ਼ਨ ਹੈ। ਹਰੇਕ ਮੰਦਰ ਵਾਂਗ ਇਸ ਵਿਚ ਇੱਕ ਸੋਲਰ ਪੈਨਲ ਫਾਰਮ ਅਤੇ ਇੱਕ ਦਹਾਕੇ ਵਿੱਚ ਦੁਨੀਆ ਭਰ ਵਿੱਚ 2 ਮਿਲੀਅਨ ਤੋਂ ਵੱਧ ਰੁੱਖ ਲਗਾਉਣਾ ਸ਼ਾਮਲ ਹੈ।

ਅਮਰੀਕੀ ਵਲੰਟੀਅਰਾਂ ਨੇ ਭਾਰਤ ਤੋਂ ਆਏ ਕਾਰੀਗਰ ਵਾਲੰਟੀਅਰਾਂ ਦੀ ਅਗਵਾਈ ਹੇਠ ਇਸ ਮੰਦਰ ਦੇ ਨਿਰਮਾਣ ਕਾਰਜ ਵਿੱਚ ਮਦਦ ਕੀਤੀ ਹੈ। ਜਿਸ ਵਿੱਚ ਲੱਖਾਂ ਸਮਰਥਕਾਂ ਨੇ ਕੰਮ ਕੀਤਾ। ਮੰਦਰ ਦਾ ਉਦਘਾਟਨ ਅਧਿਆਤਮਿਕ ਪ੍ਰਧਾਨ ਮਹੰਤ ਸਵਾਮੀ ਮਹਾਰਾਜ ਦੀ ਅਗਵਾਈ ਹੇਠ ਕੀਤਾ ਗਿਆ। ਲੱਖਾਂ ਵਲੰਟੀਅਰਾਂ ਨੇ ਮੰਦਰ ਦੀ ਉਸਾਰੀ ਵਿੱਚ ਨਿਰਸਵਾਰਥ ਸੇਵਾ ਕੀਤੀ ਹੈ। ਜਿਸ ਵਿੱਚ 18 ਸਾਲ ਤੋਂ ਲੈ ਕੇ 60 ਸਾਲ ਤੋਂ ਵੱਧ ਉਮਰ ਦੇ ਹਰ ਵਿਅਕਤੀ ਨੇ ਯੋਗਦਾਨ ਪਾਇਆ ਹੈ। ਇਹਨਾਂ ਵਿੱਚ ਵਿਦਿਆਰਥੀ, ਕੰਪਨੀ ਦੇ ਸੀਈਓ, ਡਾਕਟਰ, ਇੰਜੀਨੀਅਰ ਅਤੇ ਆਰਕੀਟੈਕਟ ਸ਼ਾਮਲ ਹਨ। ਸੰਯੁਕਤ ਰਾਸ਼ਟਰ ਦੇ ਰਾਜਦੂਤਾਂ ਤੇ ਨੁਮਾਇੰਦਿਆਂ ਨੇ ਵੀ ਅਕਸ਼ਰਧਾਮ ਮੰਦਰ ਦਾ ਦੌਰਾ ਕੀਤਾ।


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

State of California
Benefits Identification Card
STATE OF CALIFORNIA
BENEFITS IDENTIFICATION CARD

Get more BENEFITS
at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਖਾਲਸਾਈ ਜਾਹੋ-ਜਲਾਲ ਨਾਲ ਬੰਦ ਹੋਏ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ

ਚਮੋਲੀ- ਉਤਰਾਖੰਡ ਦੇ ਚਮੋਲੀ ਜ਼ਿਲ੍ਹੇ 'ਚ ਸਥਿਤ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 11 ਅਕਤੂਬਰ ਨੂੰ ਸਰਦੀਆਂ ਦੇ ਮੌਸਮ ਲਈ ਬੰਦ ਕਰ ਦਿੱਤੇ ਗਏ। ਕਿਵਾੜ ਬੰਦ ਹੋਣ ਦੇ ਮੌਕੇ 'ਤੇ ਵੱਡੀ ਗਿਣਤੀ 'ਚ ਸੰਗਤਾਂ ਅਤੇ ਗੁਰਦੁਆਰਾ ਕਮੇਟੀ ਦੇ ਮੈਂਬਰ ਮੌਜੂਦ ਰਹੇ। ਸਮੁੰਦਰ ਤਲ ਤੋਂ ਕਰੀਬ 15,225 ਫੁੱਟ ਦੀ ਉਚਾਈ 'ਤੇ ਸਥਿਤ ਸਿੱਖ ਆਸਥਾ ਦੇ ਪ੍ਰਮੁੱਖ ਤੀਰਥ ਅਸਥਾਨ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਬੰਦ ਕਰਨ ਦੀ ਪ੍ਰਕਿਰਿਆ ਬੁੱਧਵਾਰ ਸਵੇਰੇ ਹੀ ਸ਼ੁਰੂ ਹੋ ਗਈ ਸੀ।



ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ ਦੇ ਨਾਲ ਹੀ ਸ੍ਰੀ ਹਮੇਕੁੰਟ ਸਾਹਿਬ ਦੇ ਕਿਵਾੜ ਬੰਦ ਕਰਨ ਦੀ ਪ੍ਰਕਿਰਿਆ ਆਰੰਭ ਹੋਈ ਸੀ। ਜਿਸਤੋਂ ਬਾਅਦ ਗੁਰਬਾਣੀ, ਸ਼ਬਦ ਕੀਰਤਨ, ਸਾਲ ਦੀ ਅੰਤਿਮ ਅਰਦਾਸ ਅਤੇ ਹੁਕਮਨਾਮਾ ਸਾਹਿਬ ਪੜਿਆ ਗਿਆ। ਇਸਤੋਂ ਬਾਅਦ ਅਖੀਰ 'ਚ ਪੰਜ ਪਿਆਰਿਆਂ ਅਤੇ ਫੌਜ ਦੇ ਇੰਜੀਨੀਅਰ ਕੋਰ ਦੀ ਬੈਂਡ ਦੀ ਅਗਵਾਈ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚ ਖੰਡ 'ਚ ਸੁਸ਼ੋਭਿਤ ਕੀਤਾ ਗਿਆ। ਇਸਤੋਂ ਬਾਅਦ ਦੁਪਹਿਰ ਨੂੰ 1 ਵਜੇ ਸਰਦੀਆਂ ਦੇ ਮੌਸਮ ਲਈ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ ਗਏ। ਇਸ ਮੌਕੇ ਲਗਭਗ 2500 ਤੋਂ ਵੱਧ ਸੰਗਤਾਂ ਨੇ ਕਿਵਾੜ ਬੰਦ ਹੋਣ ਦੇ ਇਸ ਅਲੌਕਿਕ ਨਜ਼ਾਰੇ ਦਾ ਆਨੰਦ ਮਾਣਿਆ। ਪੁਲਸ ਵੱਲੋਂ ਕਿਵਾੜ ਬੰਦ ਹੋਣ ਦੇ ਮੌਕੇ 'ਤੇ ਮੌਜੂਦ ਸਾਰੀਆਂ ਸੰਗਤਾਂ ਨੂੰ ਸੁਰੱਖਿਅਤ ਗੋਵਿੰਦਘਾਟ ਵਿਖੇ ਲਿਆਇਆ ਗਿਆ।

ਦੱਸ ਦੇਈਏ ਕਿ ਇਸ ਸਾਲ 20 ਮਈ ਨੂੰ ਸ਼ੁਰੂ ਹੋਈ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਵਿਚ 1 ਲੱਖ 80 ਹਜ਼ਾਰ ਤੋਂ ਵੱਧ ਸੰਗਤਾਂ ਬਰਫ਼ਬਾਰੀ ਅਤੇ ਮੀਂਹ ਵਿਚਕਾਰ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋਈਆਂ।

# ਅਮਰੀਕਾ ਦੇ ਕਨੈਕਟੀਕਟ 'ਚ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਵੇਗਾ ਸਿੱਖ ਧਰਮ

## *ਸਿਲੇਬਸ 'ਚ ਸਿੱਖ ਧਰਮ ਨੂੰ ਸ਼ਾਮਲ ਕਰਨ ਵਾਲਾ ਅਮਰੀਕਾ ਦਾ 18ਵਾਂ ਸੂਬਾ ਬਣਿਆ ਕਨੈਕਟੀਕਟ*

ਸੈਕਰਾਮੈਂਟੋ(ਹੁਸਨ ਲੜੋਆ ਬੰਗਾ) : ਅਮਰੀਕਾ ਵਿੱਚ ਕਨੈਕਟੀਕਟ ਸਟੇਟ ਬੋਰਡ ਆਫ਼ ਐਜੂਕੇਸ਼ਨ ਨੇ ਆਪਣੇ ਨਵੇਂ ਸਮਾਜਿਕ ਅਧਿਐਨ ਮਿਆਰਾਂ ਵਿੱਚ ਸਿੱਖ ਧਰਮ ਨੂੰ ਸ਼ਾਮਲ ਕਰਨ ਲਈ ਇੱਕ ਕਦਮ ਚੁੱਕਿਆ ਹੈ। ਇਹ ਨਵੇਂ ਮਾਪਦੰਡ, ਰਾਜ ਵਿੱਚ ਪਹਿਲੀ ਵਾਰ, ਕਨੈਕਟੀਕਟ ਵਿੱਚ ਲਗਭਗ 5,14,000 ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਦੇਣਗੇ। ਨੌਰਵਿਚ ਸਿਟੀ ਕੌਂਸਲਮੈਨ ਸਵਰਨਜੀਤ ਸਿੰਘ ਨੇ ਕਿਹਾ, 'ਇਹ ਨਵੇਂ ਮਾਪਦੰਡ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿੱਖਿਆ ਦੇ ਤਿੰਨੋਂ ਪੱਧਰਾਂ 'ਤੇ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਪ੍ਰਦਾਨ ਕਰਨਗੇ।' ਸਿੱਖ ਕੁਲੀਸ਼ਨ ਵੱਲੋਂ ਜਾਰੀ ਇੱਕ ਬਿਆਨ ਵਿੱਚ ਸਵਰਨਜੀਤ ਸਿੰਘ ਨੇ ਕਿਹਾ, "ਸਿੱਖ ਇਤਿਹਾਸ ਬਾਰੇ ਕਲਾਸ ਰੂਮ ਦੀਆਂ ਹਦਾਇਤਾਂ ਅਤੇ ਛੋਟੀ ਉਮਰ ਤੋਂ ਹੀ ਯੋਗਦਾਨ ਸਾਡੇ ਵਿਦਿਆਰਥੀਆਂ ਲਈ ਇੱਕ ਸੁਰੱਖਿਅਤ ਮਾਹੌਲ ਸਿਰਜਣ ਵਿੱਚ ਮਹੱਤਵਪੂਰਨ ਹਨ। ਆਉਣ ਵਾਲੇ ਸਾਲਾਂ ਵਿੱਚ ਨਵੇਂ ਮਾਪਦੰਡਾਂ ਨੂੰ ਲਾਗੂ ਕਰਨਾ ਸ਼ੁਰੂ ਹੋ ਜਾਵੇਗਾ। ਇੱਕ ਮੀਡੀਆ ਰੀਲੀਜ਼ ਵਿੱਚ ਕਿਹਾ ਗਿਆ ਹੈ ਕਿ ਸਿੱਖ ਕੁਲੀਸ਼ਨ ਇਸ ਪ੍ਰਕਿਰਿਆ ਦੌਰਾਨ ਸਿੱਖਿਆ ਵਿਭਾਗ ਦੇ ਕਨੈਕਟੀਕਟ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿੱਖੀ ਨੂੰ ਰਾਜ ਭਰ ਵਿੱਚ ਸਫਲਤਾਪੂਰਵਕ ਕਲਾਸਰੂਮਾਂ ਵਿੱਚ ਬਣਾਇਆ ਜਾਵੇ। ਇਸ ਦੇ ਨਾਲ, ਕਨੈਕਟੀਕਟ ਰਾਜਾਂ ਦੀ ਵਧਦੀ ਸੂਚੀ ਵਿੱਚ ਅਠਾਰਵਾਂ ਰਾਜ ਬਣ ਗਿਆ ਹੈ ਜਿਸਨੇ ਸਿੱਖ ਕੁਲੀਸ਼ਨ ਨਾਲ ਮਿਲ ਕੇ ਆਪਣੇ ਪਬਲਿਕ ਸਕੂਲ ਸਮਾਜਿਕ ਅਧਿਐਨ ਦੇ ਮਿਆਰਾਂ ਵਿੱਚ ਸਿੱਖਾਂ ਬਾਰੇ ਸਹੀ ਜਾਣਕਾਰੀ ਸ਼ਾਮਲ ਕਰਨ ਲਈ ਕੰਮ ਕੀਤਾ ਹੈ। ਵਿਗਿਆਨ ਦੇ ਪਾਠਕ੍ਰਮ ਦਾ ਹਿੱਸਾ ਬਣਾਉਣ ਲਈ ਸਿੱਖ ਕਲੀਸ਼ਨ ਨਾਲ ਹੱਥ ਮਿਲਾਉਣ ਵਾਲਾ ਕਨੈਕਟੀਕਟ ਅਮਰੀਕਾ ਦਾ 18ਵਾਂ ਸੂਬਾ ਬਣ ਗਿਆ ਹੈ। ਜੂਨ ਵਿਚ ਵਾਸ਼ਿੰਗਟਨ ਨੇ ਸਕੂਲੀ ਪਾਠਕ੍ਰਮ ਵਿਚ ਸਿੱਖ ਧਰਮ ਨੂੰ ਸ਼ਾਮਲ ਕੀਤਾ ਸੀ। ਇਸ ਨਾਲ ਸੂਬੇ ਦੇ 25 ਕਰੋੜ ਤੋਂ ਵੱਧ ਵਿਦਿਆਰਥੀਆਂ ਨੂੰ ਵਧੇਰੇ ਸਮਾਵੇਸ਼ੀ ਅਤੇ ਸੰਪੂਰਨ ਸਿਖਿਆ ਪ੍ਰਦਾਨ ਕਰਨ ਦੀ ਪਹਿਲਕਦਮੀ ਨੂੰ ਹੁਲਾਰਾ ਮਿਲਿਆ। ਸਿੱਖ ਧਰਮ ਦੁਨੀਆਂ ਦੇ ਸੱਭ ਤੋਂ ਵੱਡੀ ਧਰਮਾਂ ਵਿਚੋਂ ਇਕ ਹੈ ਅਤੇ ਇਸ ਭਾਈਚਾਰੇ ਦੇ ਮੈਂਬਰਾਂ ਨੇ ਨਾਗਰਿਕ ਅਧਿਕਾਰਾਂ, ਰਾਜਨੀਤੀ, ਖੇਤੀਬਾੜੀ, ਇੰਜੀਨੀਅਰਿੰਗ ਅਤੇ ਦਵਾਈ ਦੇ ਖੇਤਰਾ ਵਿਚ 125 ਸਾਲਾਂ ਤੋਂ ਵੱਧ ਸਮੇਂ ਤੇ ਅਮਰੀਕੀ ਸਮਾਜ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਿੱਖ ਧਰਮ ਦੁਨੀਆ ਦੇ ਸਭ ਤੋਂ ਵੱਡੇ ਧਰਮਾਂ ਵਿੱਚੋਂ ਇੱਕ ਹੈ ਅਤੇ ਭਾਈਚਾਰੇ ਦੇ ਮੈਂਬਰਾਂ ਨੇ ਨਾਗਰਿਕ ਅਧਿਕਾਰਾਂ, ਰਾਜਨੀਤੀ, ਖੇਤੀਬਾੜੀ, ਇੰਜੀਨੀਅਰਿੰਗ ਅਤੇ ਦਵਾਈ ਦੇ ਖੇਤਰਾਂ ਵਿੱਚ 125 ਸਾਲਾਂ ਤੋਂ ਅਮਰੀਕੀ ਸਮਾਜ ਵਿੱਚ ਯੋਗਦਾਨ ਪਾਇਆ ਹੈ। ਸਵਰਨਜੀਤ ਸਿੰਘ ਖਾਲਸਾ ਨੇ ਨੌਰਵਿਚ ਸਿਟੀ ਕੌਂਸਲ ਮੈਂਬਰ ਨੇ ਨਵੇਂ ਸਮਾਜਿਕ ਅਧਿਐਨ ਪਾਠਕ੍ਰਮ ਨੂੰ ਮਨਜ਼ੂਰੀ ਦੇਣ ਲਈ ਸਟੇਟ ਡਿਪਾਰਟਮੈਂਟ ਆਫ ਐਜੂਕੇਸ਼ਨ ਦਾ ਧੰਨਵਾਦ ਕੀਤਾ ਜਿਸ ਵਿੱਚ ਸਿੱਖ ਧਰਮ ਸ਼ਾਮਲ ਹੋਵੇਗਾ।



ਦੱਸਣਯੋਗ ਹੈ ਕਿ ਸਿੱਖ ਧਰਮ ਨੂੰ ਸ਼ਾਮਲ ਕਰਨ ਲਈ ਪਹਿਲੀ ਮੀਟਿੰਗ ਨੌਰਵਿਚ ਪਬਲਿਕ ਸਕੂਲਾਂ ਵਿੱਚ ਹੋਈ। ਸਿੱਖ ਕੁਲੀਸ਼ਨ ਕਨੈਕਟੀਕਟ ਦੇ ਸਿੱਖ ਭਾਈਚਾਰੇ ਦੇ ਨਾਲ 5 ਸਾਲਾਂ ਦੇ ਲਗਾਤਾਰ ਯਤਨਾਂ ਨੇ ਇਸ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮਦਦ ਕੀਤੀ।


**American Freight Corp.**

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

*ਮਾਣ ਦੀ ਗੱਲ*

# ਭਾਰਤੀ ਮੂਲ ਦੀ ਕੈਂਸਰ ਡਾਕਟਰ ਦੀ ਵ੍ਹਾਈਟ ਹਾਊਸ ਫੈਲੋ ਵਜੋਂ ਹੋਈ ਚੋਣ



ਵਾਸ਼ਿੰਗਟਨ : ਅਮਰੀਕਾ ਦੇ ਮਾਣਯੋਗ ਵ੍ਹਾਈਟ ਹਾਊਸ ਫੈਲੋ ਪ੍ਰੋਗਰਾਮ ਲਈ ਨਿਯੁਕਤ ਕੀਤੇ ਗਏ 15 'ਬੇਮਿਸਾਲ ਨੌਜਵਾਨ ਵਿੱਚੋਂ ਇੱਕ ਭਾਰਤੀ ਔਰਤ ਦਾ ਨਾਮ ਵੀ ਸ਼ਾਮਿਲ ਕੀਤਾ ਗਿਆ ਹੈ। ਹਾਲ ਹੀ ਵਿੱਚ ਭਾਰਤੀ ਮੂਲ ਦੀ ਇੱਕ ਕੈਂਸਰ ਡਾਕਟਰ ਕਮਲ ਮੇਂਘਰਾਜਾਨੀ ਨੂੰ 2023-24 ਲਈ ਅਮਰੀਕਾ ਦੇ ਮਾਣਯੋਗ ਵ੍ਹਾਈਟ ਹਾਊਸ ਫੈਲੋ ਪ੍ਰੋਗਰਾਮ ਲਈ ਚੁਣਿਆ ਗਿਆ। ਵ੍ਹਾਈਟ ਹਾਊਸ ਫੈਲੋਜ਼ ਸੀਨੀਅਰ ਵ੍ਹਾਈਟ ਹਾਊਸ ਸਟਾਫ ਅਤੇ ਹੋਰ ਸਿਖਰ ਦੇ ਮਾਰਗਦਰਸ਼ਨ ਵਿੱਚ ਇੱਕ ਸਾਲ ਲਈ ਸੰਘੀ ਸਰਕਾਰ ਦੇ ਉੱਚ ਪੱਧਰਾਂ 'ਤੇ ਕੰਮ ਕਰਨ ਦੇ ਮੌਕੇ ਲਈ ਚੁਣੇ ਗਏ ਵੱਖ-ਵੱਖ ਖੇਤਰਾਂ ਦੇ ਪੇਸ਼ੇਵਰਾਂ ਦਾ ਇੱਕ 'ਮਾਣਯੋਗ ਤੋਹਫ਼ਾ ਅਤੇ ਨਿਪੁੰਨ' ਸਮੂਹ ਹੈ, ਜਿਸ ਨੇ ਰੈਂਕਿੰਗ ਪ੍ਰਸ਼ਾਸਨਿਕ ਅਧਿਕਾਰੀ ਭਾਰਤੀ ਮੂਲ ਦੀ ਕਮਲ ਮੇਂਘਰਾਜਾਨੀ ਨੂੰ ਆਫਿਸ ਆਫ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ ਦਾ ਅਹੁਦਾ ਸੌਂਪਿਆ ਹੈ, ਜਿੱਥੇ ਉਹ ਕੈਂਸਰ ਮੂਨਸ਼ਾਟ ਅਤੇ ਹੈਲਥ ਆਊਟਕਮਜ਼ ਗਰੁੱਪ ਨਾਲ ਮਿਲ ਕੇ ਆਪਣੀ ਕਲੀਨਿਕਲ ਮੁਹਾਰਤ ਅਤੇ ਖੋਜ ਨਾਲ ਕੈਂਸਰ ਵਿਰੁੱਧ ਦੇਸ਼ ਦੀ ਲੜਾਈ ਨੂੰ ਉਤਪ੍ਰੇਰਿਤ ਕਰੇਗੀ।

ਨਿਊਯਾਰਕ ਦੀ ਰਹਿਣ ਵਾਲੀ ਭਾਰਤੀ ਮੂਲ ਦੀ ਕਮਲ ਮੇਂਘਰਾਜਾਨੀ ਨੇ ਉੱਤਰੀ ਕੈਰੋਲੀਨਾ ਰਾਜ ਯੂਨੀਵਰਸਿਟੀ ਤੋਂ ਐਮ.ਡੀ. ਦੀ ਡਿਗਰੀ ਹਾਸਲ ਕੀਤੀ ਅਤੇ ਐਮ.ਐਸ. ਕੋਲੰਬੀਆ ਯੂਨੀਵਰਸਿਟੀ ਤੋਂ ਉਸ ਨੇ ਮੈਮੋਰੀਅਲ ਸਲੋਅਨ ਕੇਟਰਿੰਗ ਕੈਂਸਰ ਸੈਂਟਰ ਵਿੱਚ ਇੱਕ ਸਹਾਇਕ ਅਟੈਂਡਿੰਗ ਫਿਜ਼ੀਸ਼ੀਅਨ ਵਜੋਂ ਕੰਮ ਕੀਤਾ, ਜਿੱਥੇ ਉਸਨੇ ਲਿਊਕੇਮੀਆ ਦੇ ਮਰੀਜ਼ਾਂ ਦਾ ਇਲਾਜ ਕੀਤਾ। ਕੈਂਸਰ ਦੀ ਸ਼ੁਰੂਆਤੀ ਖੋਜ ਅਤੇ ਰੋਕਥਾਮ ਬਾਰੇ ਉਸਦੀ ਖੋਜ ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਮਹੱਤਵਪੂਰਨ ਹੈ ਕਿ ਕੈਂਸਰ ਅਮਰੀਕਾ ਵਿੱਚ ਮੌਤ ਦਾ ਦੂਜਾ ਪ੍ਰਮੁੱਖ ਕਾਰਨ ਹੈ। ਉਸਦੀ ਕਲੀਨਿਕਲ ਖੋਜ ਹੈਮੇਟੋਪੋਇਸਿਸ, ਜੀਨੋਮਿਕਸ, ਮਹਾਮਾਰੀ ਵਿਗਿਆਨ, ਅਤੇ ਹੈਲਥਕੇਅਰ ਅਤੇ ਮੈਡੀਕਲ ਖੋਜ ਵਿੱਚ ਏਆਈ ਅਤੇ ਮਸ਼ੀਨ ਲਰਨਿੰਗ ਟੈਕਨਾਲੋਜੀ ਨੂੰ ਲਾਗੂ ਕਰਨ ਵਿੱਚ ਫੈਲੀ ਹੋਈ ਹੈ। ਉਸ ਨੂੰ ਕੈਂਸਰ ਖੋਜ ਪ੍ਰਤੀ ਵਚਨਬੱਧਤਾ ਲਈ ASCO ਯੰਗ ਇਨਵੈਸਟੀਗੇਟਰ ਅਵਾਰਡ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਦੇ ਕੇ 12 ਕੈਰੀਅਰ ਡਿਵੈਲਪਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਕਮਲ ਮੇਂਘਰਾਜਾਨੀ ਵੀ ਇੱਕ ਉਦਯੋਗਪਤੀ ਹੈ। ਉਸਨੇ ਕੈਂਸਰ ਦੇ ਇਲਾਜ ਨੂੰ ਬਿਹਤਰ ਬਣਾਉਣ ਲਈ ਸਿਹਤ ਖੇਤਰ ਵਿੱਚ ਸਟਾਰਟ-ਅੱਪਸ ਦੀ ਸਹਿ-ਸਥਾਪਨਾ ਕੀਤੀ ਹੈ।

ਇੱਕ ਸਮਾਜਿਕ ਵਰਕਰ ਦੀ ਭੂਮਿਕਾ ਨੂੰ ਲੈ ਕੇ ਉਹ ਬੋਲੀਵੀਆ, ਯੂਗਾਂਡਾ ਅਤੇ ਹੋਰ ਖੇਤਰਾਂ ਦੇ ਹਾਸ਼ੀਏ 'ਤੇ ਸਮਾਜਾਂ ਵਿੱਚ ਸਿਹਤ ਸਮਾਨਤਾ ਲਈ ਚੈਂਪੀਅਨ ਬਣੀ ਅਤੇ ਪ੍ਰਸਿੱਧੀ ਹਾਸਲ ਕੀਤੀ। ਉਸ ਨੇ ਕਈ ਪਹਿਲਕਦਮੀਆਂ ਦੀ ਅਗਵਾਈ ਵੀ ਕੀਤੀ। ਇਸ ਸਪੈਸ਼ਲਿਸਟ ਭਾਰਤੀ ਡਾਕਟਰ ਨੇ ਮੁੰਬਈ ਦੇ ਟਾਟਾ ਮੈਮੋਰੀਅਲ ਹਸਪਤਾਲ ਸਮੇਤ ਅਮਰੀਕਾ ਤੋਂ ਬਾਹਰ ਦੇ ਹਸਪਤਾਲਾਂ ਵਿੱਚ ਵੀ ਕੈਂਸਰ ਦੇ ਮਰੀਜ਼ਾਂ ਦੀ ਸੇਵਾ ਕੀਤੀ ਹੈ।

# ਡੌਂਕੀ ਲਗਾ ਅਮਰੀਕਾ ਜਾ ਰਹੇ ਪ੍ਰਵਾਸੀਆਂ ਨਾਲ ਵਾਪਰਿਆ ਹਾਦਸਾ, 3 ਬੱਚਿਆਂ ਸਣੇ 16 ਲੋਕਾਂ ਦੀ ਮੌਤ

ਮੈਕਸੀਕੋ ਸਿਟੀ : ਦੱਖਣੀ ਮੈਕਸੀਕੋ ਵਿਚ ਸ਼ੁੱਕਰਵਾਰ ਤੜਕੇ ਇਕ ਬੱਸ ਹਾਦਸੇ ਵਿਚ ਘੱਟੋ-ਘੱਟ 16 ਪ੍ਰਵਾਸੀਆਂ ਦੀ ਮੌਤ ਹੋ ਗਈ। ਜ਼ਿਆਦਾਤਰ ਪ੍ਰਵਾਸੀ ਵੈਨੇਜ਼ੁਏਲਾ ਅਤੇ ਹੈਤੀ ਦੇ ਸਨ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।



ਇਸ ਤੋਂ ਪਹਿਲਾਂ ਮੈਕਸੀਕੋ ਦੇ ਨੈਸ਼ਨਲ ਇਮੀਗ੍ਰੇਸ਼ਨ ਇੰਸਟੀਚਿਊਟ ਨੇ 18 ਮੌਤਾਂ ਹੋਣ ਦੀ ਗੱਲ ਆਖੀ ਸੀ, ਪਰ ਬਾਅਦ ਵਿੱਚ ਮੌਤਾਂ ਦੀ ਗਿਣਤੀ ਘਟਾ ਦਿੱਤੀ ਗਈ। ਦੱਖਣੀ ਰਾਜ ਓਕਸਾਕਾ ਵਿਚ ਸਰਕਾਰੀ ਵਕੀਲਾਂ ਨੇ ਦੱਸਿਆ ਕਿ ਕੁੱਝ ਲਾਸ਼ਾਂ ਦੇ ਟੋਟੇ-ਟੋਟੇ ਹੋ ਜਾਣ ਕਾਰਨ ਗਿਣਤੀ ਵਿਚ ਗਲਤੀ ਹੋਈ ਸੀ। ਮ੍ਰਿਤਕਾਂ ਦੀ ਅਸਲ ਗਿਣਤੀ 16 ਹੈ। ਮ੍ਰਿਤਕਾਂ ਵਿਚ 2 ਔਰਤਾਂ ਅਤੇ 3 ਬੱਚੇ ਸ਼ਾਮਲ ਹਨ। ਇਸ ਹਾਦਸੇ ਵਿਚ 29 ਲੋਕ ਜ਼ਖ਼ਮੀ ਵੀ ਹੋਏ ਹਨ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਦੀ ਹਾਲਤ ਦੇ ਬਾਰੇ ਵਿਚ ਤੁਰੰਤ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ।

ਓਕਸਾਕਾ ਰਾਜ ਪੁਲਸ ਵੱਲੋਂ ਜਾਰੀ ਤਸਵੀਰਾਂ ਵਿਚ ਬੱਸ ਇਕ ਹਾਈਵੇ 'ਤੇ ਹਾਦਸਗ੍ਰਸਤ ਹੋਈ ਦਿਖਾਈ ਦੇ ਰਹੀ ਹੈ। ਫਿਲਹਾਲ ਹਾਦਸੇ ਦੇ ਕਾਰਨ ਦੀ ਜਾਂਚ ਹੋਣੀ ਬਾਕੀ ਹੈ। ਰਾਜ ਪੁਲਸ ਨੇ ਕਿਹਾ ਕਿ ਵਾਹਨ ਵਿਚ ਕੁੱਲ 55 ਪ੍ਰਵਾਸੀ ਸਵਾਰ ਸਨ, ਜਿਨ੍ਹਾਂ ਵਿਚ ਜ਼ਿਆਦਾਤਰ ਵੈਨੇਜ਼ੁਏਲਾ ਦੇ ਸਨ। ਅਮਰੀਕਾ ਦੀ ਸਰਹੱਦ ਵੱਲ ਯਾਤਰਾ ਕਰਨ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਵਾਧੇ ਦੇ ਵਿਚਕਾਰ ਮੈਕਸੀਕੋ ਵਿੱਚ ਪ੍ਰਵਾਸੀਆਂ ਦੀਆਂ ਮੌਤਾਂ ਦੀ ਇਹ ਤਾਜ਼ਾ ਘਟਨਾ ਹੈ। ਪਿਛਲੇ ਹਫ਼ਤੇ ਗੁਆਟੇਮਾਲਾ ਦੀ ਸਰਹੱਦ ਨੇੜੇ ਗੁਆਂਢੀ ਰਾਜ ਚਿਆਪਾਸ ਵਿਚ ਇਕ ਹਾਈਵੇ 'ਤੇ ਇਕ ਮਾਲਵਾਹਕ ਟਰੱਕ ਦੇ ਹਾਦਸਾਗ੍ਰਸਤ ਹੋਣ ਕਾਰਨ 10 ਕਿਊਬਾ ਪ੍ਰਵਾਸੀਆਂ ਦੀ ਮੌਤ ਹੋ ਗਈ ਸੀ ਅਤੇ 17 ਹੋਰ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ ਸਨ।

# ਵਰਲਡ ਸਿੱਖ ਪਾਰਲੀਮੈਂਟ ਵੱਲੋਂ ਚੌਥੇ ਗਲੋਬਲ ਸੈਸ਼ਨ ਵਿੱਚ, ਕੌਮ ਨੂੰ ਦਰਪੇਸ਼ ਚੁਣੌਤੀਆਂ ਅਤੇ ਅਗਲੇਰੀ ਰਣਨੀਤੀ ਸੰਬੰਧੀ ਹੋਈਆਂ ਖੁੱਲ੍ਹ ਕੇ ਵਿਚਾਰਾਂ



ਨਿਊਯਾਰਕ : ਵਰਲਡ ਸਿੱਖ ਪਾਰਲੀਮੈਂਟ ਦਾ ਚੌਥਾ ਦੋ ਦਿਨਾਂ ਜਰਨਲ ਇਜਲਾਸ ਨਿਊਯਾਰਕ ਵਿੱਚ ਹੋਇਆ। ਦੁਨੀਆ ਭਰ ਤੋਂ ਮੈਂਬਰ ਇਸ ਇਜਲਾਸ ਵਿੱਚ ਸ਼ਾਮਲ ਹੋਏ। ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਇਸ ਮੌਕੇ ਕਿਹਾ ਕਿ, "ਵਰਲਡ ਸਿੱਖ ਪਾਰਲੀਮੈਂਟ ਨੇ 29 ਅਪ੍ਰੈਲ ਨੂੰ ਸਿੱਖ ਅਜ਼ਾਦੀ ਦੇ ਐਲਾਨਨਾਮੇ ਦਿਹਾੜੇ ਵਜੋਂ ਮਾਨਤਾ ਦੇਣ ਵਾਲੇ ਅਤੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਮਤਾ ਪਾਸ ਕਰਕੇ, 2015 ਵਿੱਚ ਹੋਏ ਸਰਬੱਤ ਖਾਲਸਾ ਦੇ ਗੁਰਮਤੇ ਨੂੰ ਹੋਰ ਫਿਰ ਤੋਂ ਮਜ਼ਬੂਤੀ ਨਾਲ ਦ੍ਰਿੜ ਕਰਵਾਇਆ ਹੈ। ਵਰਲਡ ਸਿੱਖ ਪਾਰਲੀਮੈਂਟ-ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਸੰਯੁਕਤ ਰਾਸ਼ਟਰ ਦੇ ਚਾਰਟਰ ਅਧੀਨ, ਸਿੱਖ ਪ੍ਰਭੁਸੱਤਾ ਲਈ ਸਵੈ-ਨਿਰਣੇ ਦੇ ਹੱਕ ਰਾਹੀਂ ਅਜ਼ਾਦ ਦੇਸ਼ ਖਾਲਿਸਤਾਨ ਦੀ ਸਥਾਪਤੀ ਤੱਕ ਮਜ਼ਬੂਤੀ ਨਾਲ ਪਹਿਰਾ ਦੇਣ ਲਈ ਵਚਨਬੱਧ ਹੈ। ਵਰਲਡ ਸਿੱਖ ਪਾਰਲੀਮੈਂਟ, ਜਿਸ ਵਿੱਚ ਵੱਖ-ਵੱਖ ਕੌਂਸਲਾਂ ਅਤੇ ਜਨਰਲ ਬਾਡੀ ਸ਼ਾਮਲ ਹਨ, ਨੇ ਆਪਣੀ ਚੌਥੀ ਜਨਰਲ ਇਜਲਾਸ ਦੀ ਮੀਟਿੰਗ 7 ਅਤੇ 8 ਅਕਤੂਬਰ, 2023 ਨੂੰ ਨਿਊਯਾਰਕ ਸਿਟੀ ਵਿੱਚ ਬੁਲਾਈ। ਇਸ ਸੈਸ਼ਨ ਦੌਰਾਨ ਵਰਲਡ ਸਿੱਖ ਪਾਰਲੀਮੈਂਟ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਮਹੱਤਵਪੂਰਨ ਵਿਚਾਰਾਂ ਤੋ ਬਾਅਦ ਮਤੇ ਪਾਸ ਕੀਤੇ ਗਏ। ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰੇ ਡਾ.ਅਮਰਜੀਤ ਸਿੰਘ ਨੇ ਕਿਹਾ, "ਭਾਰਤ ਨੂੰ ਹੋਰਨਾ ਦੇਸ਼ਾਂ ਵਿੱਚ ਅੰਤਰ-ਰਾਸ਼ਟਰੀ ਅੱਤਵਾਦ ਅਤੇ ਜਬਰ ਦੀਆਂ ਗਤੀਵਿਧੀਆਂ ਲਈ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ ਜਿੱਥੇ ਜਿੱਥੇ ਵੀ ਸਿੱਖ ਕੌਮ ਦੇ ਸਵੈ-ਨਿਰਣੇ ਲਈ ਕੰਮ ਕਰਨ ਵਾਲੇ ਸਿੱਖ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ, ਯੂ.ਕੇ. ਵਿੱਚ ਭਾਈ ਅਵਤਾਰ ਸਿੰਘ ਖੰਡਾ ਅਤੇ ਪਾਕਿਸਤਾਨ ਵਿੱਚ ਭਾਈ ਪਰਮਜੀਤ ਸਿੰਘ ਪੰਜਵੜ ਦੇ ਸੰਬੰਧੀ ਪੂਰੀ ਜਾਂਚ ਹੋਣੀ ਚਾਹੀਦੀ ਹੈ। ਨਾਟੋ ਦੇਸ਼ਾਂ ਨੂੰ ਇਹਨਾਂ ਘਟਨਾਵਾਂ ਦਾ ਨੋਟਿਸ ਲੈਣਾ ਚਾਹੀਦਾ ਹੈ। ਭਾਰਤ ਵੱਲੋਂ ਨਾਟੋ ਦੇਸ਼ ਦੇ ਨਾਗਰਿਕ ਉੱਤੇ ਹਮਲਾ ਕਰਨਾ ਨਾਟੋ ਤੇ ਹਮਲਾ ਕਰ ਦੇਣ ਦੇ ਬਰਾਬਰ ਹੈ। ਭਾਰਤ ਨੂੰ ਇਸ ਦੇ ਸਿੱਟੇ ਭੁਗਤਾਉਣ ਲਈ ਇੰਨਾਂ ਦੇਸ਼ਾਂ ਨੂੰ ਹੁਣ ਪੇਸ਼ਕਦਮੀ ਕਰਨੀ ਚਾਹੀਦੀ ਹੈ।


ਸੰਯੁਕਤ ਰਾਸ਼ਟਰ (ਯੂ.ਐਨ.) ਦੀ ਕੌਂਸਲ ਦੇ ਮੁਖੀ ਭਾਈ ਸਵਰਨਜੀਤ ਸਿੰਘ ਨੇ ਕਿਹਾ, "ਅਸੀਂ ਸੰਯੁਕਤ ਰਾਸ਼ਟਰ, ਇਸ ਦੀਆਂ ਸੰਸਥਾਵਾਂ, ਅੰਤਰਰਾਸ਼ਟਰੀ ਸੰਸਥਾਵਾਂ, ਚੁਣੇ ਹੋਏ ਅਧਿਕਾਰੀਆਂ ਅਤੇ ਕਾਨੂੰਨ ਘਾੜਿਆਂ ਨਾਲ ਉਨ੍ਹਾਂ ਦੇਸ਼ਾਂ ਵਿੱਚ ਸਵੈ-ਨਿਰਣੇ ਤੇ ਪ੍ਰਭੁਸੱਤਾ ਦੇ ਹੱਕਾਂ ਦੀ ਗੱਲ ਦੀ ਅਜ਼ਾਦੀ ਪ੍ਰਤੀ ਭਾਰਤ ਵੱਲੋਂ ਹੋ ਰਹੇ ਹਮਲਿਆਂ ਅਤੇ ਉਲੰਘਣਾਵਾਂ ਦਾ ਮੁਕਾਬਲਾ ਕਰਨ ਲਈ ਸਹਿਯੋਗ ਕਰਾਂਗੇ। ਵਰਲਡ ਸਿੱਖ ਪਾਰਲੀਮੈਂਟ ਯੂਕਰੇਨ, ਕਸ਼ਮੀਰ ਅਤੇ ਨਾਗਾਲੈਂਡ ਦੇ ਲੋਕਾਂ ਦੇ ਪ੍ਰਭੁਸੱਤਾ ਦੇ ਅਧਿਕਾਰਾਂ ਅਤੇ ਆਜ਼ਾਦੀ ਨੂੰ ਵੀ ਮਾਨਤਾ ਦਿੰਦੀ ਹੈ। ਵਰਲਡ ਸਿੱਖ ਪਾਰਲੀਮੈਂਟ ਦੇ ਇੱਕ ਮਤੇ ਵਿੱਚ ਭਾਰਤ ਵਿੱਚ ਲੰਮੇ ਸਮੇਂ ਤੋਂ ਜੇਲਾਂ ਵਿੱਚ ਬੰਦ ਰਾਜਸੀ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਗਈ, ਜਿਸ ਵਿੱਚ ਇਹ ਮੰਨਿਆ ਗਿਆ ਕਿ ਇਹ ਵਿਅਕਤੀ ਆਪਣੇ ਰਾਜਨੀਤਿਕ ਅਤੇ ਧਾਰਮਿਕ ਹੱਕਾਂ ਲਈ ਲੜਦੇ ਰਹੇ ਹਨ ਅਤੇ ਕਈਆਂ ਨੇ ਜੇਲ੍ਹਾਂ ਵਿੱਚ ਬੰਦ ਹੋ ਕੇ ਆਪਣੀਆਂ ਕੈਦਾਂ ਤੋਂ ਵੱਧ ਪੂਰੀਆਂ ਕਰ ਲਈਆਂ ਹਨ। 1984 ਤੋਂ ਬਾਅਦ ਸਿੱਖਾਂ ਦੀ ਨਸਲਕੁਸ਼ੀ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਬਣਾਉਣ ਲਈ ਅੰਤਰਰਾਸ਼ਟਰੀ ਅਪਰਾਧਿਕ ਟ੍ਰਿਬਿਊਨਲ ਦੀ ਸਥਾਪਨਾ ਕਰਨ ਦੀ ਵੀ ਗੱਲ ਕੀਤੀ ਗਈ ਹੈ। ਵਰਲਡ ਸਿੱਖ ਪਾਰਲੀਮੈਂਟ ਦੁਨੀਆਂ ਭਰ ਦੇ ਸਿੱਖਾਂ ਦੇ ਯਤਨਾਂ ਦੀ ਪ੍ਰਸ਼ੰਸਾ ਕਰਦੀ ਹੈ ਜੋ ਸਵੈ-ਨਿਰਣੇ ਦੇ ਕੌਮੀ ਅਧਿਕਾਰ ਦੀ ਵਕਾਲਤ ਕਰਦੇ ਹਨ ਅਤੇ ਪੰਜਾਬ ਵਿੱਚ ਸਪੱਸ਼ਟ ਤੌਰ 'ਤੇ ਖਾਲਿਸਤਾਨ ਦੀ ਇੱਕ ਪ੍ਰਭੁਸੱਤਾ ਸੰਪੰਨ ਸੁਤੰਤਰ ਰਾਜ ਦੀ ਸਿਰਜਣਾ ਕਰਨ ਦੇ ਹਾਮੀ ਹਨ। 1986 ਅਤੇ ਫੇਰ 2015 ਦੇ ਸਰਬੱਤ ਖਾਲਸਾ ਇਕੱਠਾਂ ਦੁਆਰਾ ਖਾਲਿਸਤਾਨ ਦੀ ਪ੍ਰਾਪਤੀ ਲਈ ਗੁਰਮਤੇ ਕੀਤੇ ਗਏ ਸਨ ਅਤੇ ਅੰਤਰਰਾਸ਼ਟਰੀ ਕਾਨੂੰਨ ਅਧੀਨ ਹੁਣ ਸ਼ਾਂਤਮਈ ਢੰਗ ਰਾਹੀ ਭਾਰਤ-ਸਿੱਖ ਟਕਰਾਅ ਨੂੰ ਹੱਲ ਕਰਨ ਲਈ ਸ੍ਵੈ ਨਿਰਣੇ ਦਾ ਢੰਗ ਹੀ ਇੱਕੋ ਇੱਕ ਸਹੀ ਸਾਧਨ ਵਜੋਂ ਦੇਖਿਆ ਜਾ ਸਕਦਾ ਹੈ। ਵਰਲਡ ਸਿੱਖ ਪਾਰਲੀਮੈਂਟ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕਰਦੀ ਹੈ ਕਿ ਉਹ ਇਸ ਹਕੀਕਤ ਨੂੰ ਪਛਾਣਨ ਅਤੇ ਸਿੱਖਾਂ ਦੇ ਸਵੈ ਨਿਰਣੇ ਸਬੰਧੀ ਇਸ ਹੱਕੀ, ਕਾਨੂੰਨੀ ਅਤੇ ਅਤਿ ਲੋੜੀਂਦੇ ਯਤਨਾਂ ਦਾ ਸਮਰਥਨ ਕਰਨ। ਸਿੱਖ ਕੌਮ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹੈ ਜਿਨ੍ਹਾਂ ਨੇ ਇਸ ਉਦੇਸ਼ ਤੇ ਅਜ਼ਾਦ ਸਿੱਖ ਰਾਜ ਦੀ ਪ੍ਰਾਪਤੀ ਲਈ ਕੁਰਬਾਨੀਆਂ ਦਿੱਤੀਆਂ ਅਤੇ ਆਪਣੇ ਪ੍ਰਭੁਸੱਤਾ ਸੰਪੰਨ ਰਾਜ ਦੀ ਆਜ਼ਾਦੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਪ੍ਰਣ ਕੀਤਾ ਹੋਇਆ ਹੈ। ਹੋਰ ਮਤਿਆਂ ਵਿੱਚ ਡਾਇਸਪੋਰਾ ਸਿੱਖਾਂ ਨੂੰ ਆਪਣੇ ਪਿੰਡਾਂ ਨੂੰ ਸੁਰੱਖਿਅਤ ਰੱਖਣ ਅਤੇ ਵਿਦਿਅਕ ਸੰਸਥਾਵਾਂ ਦੇ ਵਿਕਾਸ ਲਈ ਪ੍ਰੋਜੈਕਟਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਵੀ ਸ਼ਾਮਲ ਹੈ। ਇਸ ਤੋਂ ਇਲਾਵਾ, ਭੁੱਲੇ ਵਿਸਰੇ ਹੋਏ ਸਿਕਲੀਘਰ ਅਤੇ ਵਣਜਾਰਾ ਸਿੱਖ ਭਾਈਚਾਰਿਆਂ ਨੂੰ ਗਲਵੱਕੜੀ ਵਿਚ ਲੈ ਕੇ ਉਨ੍ਹਾਂ ਨੂੰ ਆਪਣੀਆਂ ਮਾਨਵਤਾਵਾਦੀ ਲੋੜਾਂ ਦੇ ਹੱਲ ਲੱਭਣ ਲਈ ਉਤਸ਼ਾਹ ਪੂਰਵਕ ਯਤਨ ਕਰਨ ਲਈ ਕਿਹਾ ਗਿਆ ਹੈ।

ਵਰਲਡ ਸਿੱਖ ਪਾਰਲੀਮੈਂਟ ਦੁਨੀਆ ਭਰ ਦੇ ਸਿੱਖਾਂ ਦੇ ਹੱਕਾਂ ਅਤੇ ਇੱਛਾਵਾਂ ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ। ਵਰਲਡ ਸਿੱਖ ਪਾਰਲੀਮੈਂਟ ਦੁਆਰਾ ਕੀਤੇ ਗਏ ਕੰਮ ਤੇ ਭਵਿੱਖ ਦੀ ਵਿਉਤਬੰਦੀ ਲਈ ਪਾਸ ਕੀਤੇ ਗਏ ਇਹ ਮਤੇ ਕੌਮ ਲਈ ਨਿਆਂ ਪ੍ਰਾਪਤੀ, ਸਵੈ-ਨਿਰਣੇ ਦੇ ਹੱਕ ਲਈ ਸੰਘਰਸ਼ ਅਤੇ ਸਿੱਖ ਵਿਰਾਸਤ ਦੀ ਸੰਭਾਲ ਪ੍ਰਤੀ ਸਮਰਪਣ ਨੂੰ ਦਰਸਾਉਂਦੇ ਹਨ।

# ਅਮਰੀਕੀ ਅਦਾਲਤ ਨੇ 26/11 ਦੇ ਦੋਸ਼ੀ ਤਹੱਵੁਰ ਰਾਣਾ ਨੂੰ ਦਲੀਲ ਪੇਸ਼ ਕਰਨ ਲਈ ਦਿੱਤਾ ਹੋਰ ਸਮਾਂ

ਵਾਸ਼ਿੰਗਟਨ : ਅਮਰੀਕਾ ਦੀ ਫੈਡਰਲ ਅਦਾਲਤ ਨੇ 2008 'ਚ ਮੁੰਬਈ ਵਿਖੇ ਹੋਏ ਅੱਤਵਾਦੀ ਹਮਲੇ 'ਚ ਸ਼ਾਮਲ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਨੂੰ ਭਾਰਤ ਦੇ ਹਵਾਲੇ ਕਰਨ ਖ਼ਿਲਾਫ਼ ਦਲੀਲਾਂ ਪੇਸ਼ ਕਰਨ ਲਈ ਹੋਰ ਸਮਾਂ ਦਿੱਤਾ ਹੈ। ਰਾਣਾ (62) ਨੇ ਕੈਲੀਫੋਰਨੀਆ ਦੀ 'ਸੈਂਟਰਲ ਡਿਸਟ੍ਰਿਕਟ' 'ਚ 'ਯੂ.ਐੱਸ. ਡਿਸਟ੍ਰਿਕਟ ਕੋਰਟ' ਦੇ ਉਸ ਹੁਕਮ ਖ਼ਿਲਾਫ਼ ਸਰਕਟ ਕੋਰਟ 'ਚ ਅਪੀਲ ਕੀਤੀ ਹੈ, ਜਿਸ 'ਚ ਕੈਦੀ ਨੂੰ ਕਿਸੇ ਹੋਰ ਹਵਾਲੇ ਕਰਨ ਦੀ ਪਟੀਸ਼ਨ ਨੂੰ ਖਾਰਿਜ ਕਰ ਦਿੱਤਾ ਗਿਆ ਸੀ।

'ਨਾਈਂਥ ਸਰਕਟ ਕੋਰਟ' ਨੇ ਰਾਣਾ ਨੂੰ ਆਪਣੀ ਦਲੀਲ ਪੇਸ਼ ਕਰਨ ਲਈ 10 ਅਕਤੂਬਰ ਤੱਕ ਦਾ ਸਮਾਂ ਦਿੱਤਾ ਸੀ, ਪਰ ਉਸ ਦੀ ਹੋਰ ਸਮਾਂ ਦਿੱਤੇ ਜਾਣ ਦੀ ਅਪੀਲ ਵੀ ਮੰਨ ਲਈ ਗਈ ਹੈ। ਅਦਾਲਤ ਦੇ ਹਾਲੀਆ ਨਿਰਦੇਸ਼ ਮੁਤਾਬਕ ਰਾਣਾ ਨੂੰ 9 ਨਵੰਬਰ ਤੱਕ ਦਲੀਲਾਂ ਪੇਸ਼ ਕਰਨੀਆਂ ਹਨ ਅਤੇ ਸਰਕਾਰ ਨੂੰ 11 ਦਸੰਬਰ ਤੱਕ ਆਪਣਾ ਜਵਾਬ ਦੇਣਾ ਹੈ। ਇਸ ਤੋਂ ਪਹਿਲਾਂ ਅਦਾਲਤ ਨੇ 18 ਅਕਤੂਬਰ ਨੂੰ ਰਾਣਾ ਨੂੰ ਭਾਰਤ ਦੇ ਹਵਾਲੇ ਕਰਨ 'ਤੇ ਰੋਕ ਲਗਾ ਦਿੱਤੀ ਸੀ ਤਾਂ ਜੋ



ਯੂ. ਐੱਸ. ਕੋਰਟ ਆਫ ਪੀਪਸਜ਼ 'ਚ ਉਸ ਦੀ ਦੀ ਪਟੀਸ਼ਨ ਦੀ ਸੁਣਵਾਈ ਹੋ ਸਕੇ।

ਦੱਸ ਦੇਈਏ ਕਿ ਰਾਣਾ ਇਸ ਸਮੇਂ ਲਾਸ ਏਂਜਲਸ ਦੀ ਮੈਟਰੋਪਾਲੀਟਨ ਡਿਟੈਂਸ਼ਨ ਸੈਂਟਰ ਵਿਖੇ ਹਿਰਾਸਤ 'ਚ ਹੈ। ਉਸ 'ਤੇ ਮੁੰਬਈ ਹਮਲਿਆਂ 'ਚ ਸ਼ਾਮਲ ਹੋਣ ਦਾ ਦੋਸ਼ ਹੈ ਅਤੇ 26/11 ਦੇ ਹਮਲੇ 'ਚ ਵੀ ਉਸ ਦੇ ਹਮਲੇ ਦੇ ਮੁੱਖ ਸਾਜ਼ਿਸ਼ਕਰਤਾਵਾਂ 'ਚੋਂ ਇਕ ਪਾਕਿਸਤਾਨੀ ਅਮਰੀਕੀ ਅੱਤਵਾਦੀ ਡੇਵਿਡ ਕੋਲਮਨ ਹੈਡਲੀ ਨਾਲ ਵੀ ਸਬੰਧ ਹੋਣ ਦਾ ਸ਼ੱਕ ਹੈ। ਯੂ. ਐੱਸ. ਕੋਰਟ ਆਫ ਪੀਪਸਜ਼ ਫਾਰ ਦਿ ਨਾਈਂਥ ਸਰਕਟ ਦੇ ਜੱਜ ਡੈਲ ਐੱਸ. ਫਿਸ਼ਰ ਨੇ ਅਗਸਤ 'ਚ ਰਾਣਾ ਨੂੰ 10 ਅਕਤੂਬਰ ਤੋਂ ਪਹਿਲਾਂ ਆਪਣੀ ਦਲੀਲ ਪੇਸ਼ ਕਰਨ ਨੂੰ ਕਿਹਾ ਸੀ ਅਤੇ ਅਮਰੀਕਾ ਸਰਕਾਰ ਨੂੰ 8 ਨਵੰਬਰ ਤੱਕ ਆਪਣੀਆਂ ਦਲੀਲਾਂ ਦੇਣ ਨੂੰ ਕਿਹਾ ਸੀ। ਫਿਸ਼ਰ ਨੇ ਕਿਹਾ ਸੀ ਕਿ ਰਾਣਾ ਦੀ ਦਲੀਲ ਹੈ ਕਿ ਜੇਕਰ ਉਸ ਨੂੰ ਭਾਰਤ ਦੇ ਹਵਾਲੇ ਕੀਤਾ ਗਿਆ ਤਾਂ ਉਸ ਨੂੰ ਗੰਭੀਰ ਹਾਨੀ ਹੋ ਸਕਦੀ ਹੈ।

ਇਸ ਤੋਂ ਪਹਿਲਾਂ ਅਮਰੀਕੀ ਵਕੀਲ ਜੇ. ਲੁਲੇਜਿਆਨ ਨੇ ਜ਼ਿਲ੍ਹਾ ਅਦਾਲਤ ਅੱਗੇ ਅਪੀਲ ਕੀਤੀ ਸੀ ਕਿ ਤਬਾਦਲੇ ਦੀ ਪਟੀਸ਼ਨ 'ਤੇ ਰੋਕ ਲਗਾ ਕੇ ਰਾਣਾ ਦੇ ਇੱਕੋ ਪੱਖ ਦੀ ਅਪੀਲ ਨੂੰ ਮੰਜ਼ੂਰੀ ਨਹੀਂ ਦਿੱਤੀ ਜਾ ਸਕਦੀ। ਭਾਰਤ ਦੀ ਜਾਂਚ ਏਜੰਸੀ NIA ਪਾਕਿਸਤਾਨ ਦੇ ਅੱਤਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਦੇ ਅੱਤਵਾਦੀਆਂ ਵੱਲੋਂ ਮੁੰਬਈ 'ਚ ਕੀਤੇ ਗਏ 26/11 ਹਮਲੇ 'ਚ ਰਾਣਾ ਦੀ ਭੂਮਿਕਾ ਦੀ ਜਾਂਚ ਕਰ ਰਿਹਾ ਹੈ। ਮੁੰਬਈ ਵਿਖੇ 2008 'ਚ ਹੋਏ ਇਨ੍ਹਾਂ ਅੱਤਵਾਦੀ ਹਮਲਿਆਂ 'ਚ 6 ਅਮਰੀਕੀਆਂ ਸਮੇਤ 166 ਲੋਕ ਮਾਰੇ ਗਏ ਸਨ।

# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪੋ੍ਰਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।



**209-481-7750**

**510-472-0608**

**PH. : 209-624-3919**

ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ...ਜੰਗ ਤੋ ਖ਼ੁਦ ਏਕ ਮਸਲਾ ਹੈ/ ਜੰਗ ਕਯਾ ਮਸਲੋਂ ਕਾ ਹੱਲ ਕਰੇਗੀ

ਜੰਗ ਨਾਲ ਅੱਜ ਤੱਕ ਕਿਸੇ ਨੂੰ ਕੀ ਮਿਲਿਆ ਹੈ? ਹਾਕਮਾਂ ਨੇ ਆਪੋ-ਆਪਣੀ ਤਾਕਤ ਦਿਖਾਉਣ ਲਈ ਜਾਂ ਸਾਰੀ ਦੁਨੀਆ 'ਤੇ ਰਾਜ ਕਰਨ ਦੀ ਖ਼ਾਹਿਸ਼ ਨਾਲ ਹੀ ਆਲਮੀ ਜੰਗਾਂ ਸਮੇਤ ਸਭ ਛੋਟੀਆਂ-ਵੱਡੀਆਂ ਜੰਗਾਂ ਲੜੀਆਂ ਹਨ। ਪਹਿਲੀ ਤੇ ਦੂਜੀ ਵਿਸ਼ਵ ਜੰਗ ਵਿਚ ਲੱਖਾਂ ਲੋਕ ਮਾਰੇ ਗਏ ਸਨ। ਜਾਪਾਨ ਦੇ ਹੀਰੋਸ਼ੀਮਾ ਤੇ ਨਾਗਾਸਾਕੀ ਸ਼ਹਿਰ ਦੀ ਤਬਾਹੀ ਰਹਿੰਦੀ ਦੁਨੀਆ ਤੱਕ ਕਿਸੇ ਡਰਾਉਣੇ ਸੁਪਨੇ ਵਾਂਗ ਯਾਦ ਰਹੇਗੀ ਪਰ ਹਾਕਮਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੁੰਦੀ। ਉਹ ਆਪਣੀ ਹੈਂਕੜ ਵਿਚ ਸ਼ਹਿਰਾਂ ਦੇ ਸ਼ਹਿਰ ਤਬਾਹ ਕਰ ਦਿੰਦੇ ਹਨ। ਅਜ਼ੀਮ ਉਰਦੂ ਸ਼ਾਇਰ ਸਾਹਿਰ ਲੁਧਿਆਣਵੀ ਨੇ ਜੰਗ ਨਾਲ ਹੋਣ ਵਾਲੀ ਤਬਾਹੀ 'ਤੇ ਬਾਕਮਾਲ ਨਜ਼ਮ ਲਿਖੀ ਹੈ : "ਨਸਲ-ਏ-ਆਦਮ ਕਾ ਖ਼ੂਨ ਹੈ ਆਖ਼ਿਰ/ਜੰਗ ਮਸ਼ਰਿਕ ਮੇਂ ਹੋ ਕਿ ਮਗਰਿਬ ਮੇਂ/ਅਮਨ-ਏ ਆਲਮ ਕਾ ਖ਼ੂਨ ਹੈ ਆਖ਼ਿਰ/ਬੰਮ ਘਰੋਂ ਮੇਂ ਗਿਰੇਂ ਕਿ ਸਰਹੱਦ ਪਰ/ਰੂਹ-ਏ-ਤਾਮੀਰ ਜ਼ਖ਼ਮ ਖਾਤੀ ਹੈ...ਜੰਗ ਤੋ ਖ਼ੁਦ ਏਕ ਮਸਲਾ ਹੈ/ਜੰਗ ਕਯਾ ਮਸਲੋਂ ਕਾ ਹੱਲ ਕਰੇਗੀ।"

ਹੁਕਮਰਾਨ ਖ਼ੁਦ ਜੰਗ ਨਹੀਂ ਲੜਦੇ। ਉਹ ਤਾਂ ਬੇਕਸੂਰਾਂ ਨੂੰ ਮਰਨ ਵਾਸਤੇ ਬਲਦੀ ਦੇ ਬੂਥੇ ਸੁੱਟਦੇ ਹਨ। ਕਈ ਦੇਸ਼ ਤਾਂ ਆਪਣੇ ਅਸਲੇ ਨੂੰ ਵੇਚਣ ਵਾਸਤੇ ਜੰਗ ਵਿਚ ਮਦਦ ਦੇਣ ਲਈ ਤਿਆਰ ਹੀ ਰਹਿੰਦੇ ਹਨ। ਉਹੀ ਜ਼ਮੀਨ ਦੇ ਝਗੜੇ, ਧਰਮ ਦੇ ਝਗੜੇ ਜੰਗ ਦਾ ਕਾਰਨ ਬਣਦੇ ਹਨ।

ਦੂਜੇ ਮੁਲਕ 'ਤੇ ਰਾਜ ਕਰਨ ਲਈ ਹਮਲਾ ਕਰਨਾ ਇਹ ਸਭ ਕੀ ਹੈ? ਇਨ੍ਹਾਂ ਸਾਰਿਆਂ ਝਗੜਿਆਂ-ਝੇੜਿਆਂ ਵਿਚ ਮਰਦਾ ਕੌਣ ਹੈ? ਆਮ ਇਨਸਾਨ। ਅੱਜ ਸਰਹੱਦਾਂ ਦੀ ਕੀ ਅਹਿਮੀਅਤ ਰਹਿ ਗਈ ਹੈ? ਆਪਣੇ ਦੇਸ਼ ਨੂੰ ਸੁਰੱਖਿਅਤ ਰੱਖਣ ਲਈ ਬਾਰਡਰ 'ਤੇ ਫ਼ੌਜ ਤਾਇਨਾਤ ਕੀਤੀ ਹੁੰਦੀ ਹੈ ਪਰ ਹੁਣ ਤਾਂ ਦੁਨੀਆ ਬਹੁਤ ਤਰੱਕੀ ਕਰ ਗਈ ਹੈ। ਇਜ਼ਰਾਈਲ 'ਤੇ ਹੋਏ ਹਮਲੇ ਨੂੰ ਦੇਖੋ। ਹਮਾਸ ਨੇ ਗਾਜ਼ਾ ਪੱਟੀ ਤੋਂ ਮਿਜ਼ਾਈਲਾਂ, ਰਾਕਟ ਦਾਗ ਕੇ ਸ਼ਹਿਰਾਂ ਦੇ ਸ਼ਹਿਰ ਉਜਾੜ ਦਿੱਤੇ। ਇਜ਼ਰਾਈਲ ਦੀ ਖ਼ੁਫੀਆ ਏਜੰਸੀ ਮੋਸਾਦ ਦੁਨੀਆ ਦਾ ਸਭ ਤੋਂ ਬੇਹਤਰੀਨ ਖ਼ੁਫ਼ੀਆ ਤੰਤਰ ਹੈ। ਇਸ ਵਾਰ ਮੋਸਾਦ ਨੂੰ ਹਮਾਸ ਦੇ ਹਮਲੇ ਦੀ ਭਿਣਕ ਤੱਕ ਨਹੀਂ ਲੱਗੀ। ਯੇਰੂਸ਼ਲਮ ਦਰਅਸਲ ਯਹੂਦੀਆਂ, ਮੁਸਲਮਾਨਾਂ ਅਤੇ ਈਸਾਈਆਂ ਦਾ ਬੇਹੱਦ ਮੁਕੱਦਸ ਅਸਥਾਨ ਹੈ, ਮਹਿਜ਼ 35 ਏਕੜ ਵਿਚ ਤਿੰਨਾਂ ਧਰਮਾਂ ਦੇ ਪਵਿੱਤਰ ਧਾਮ ਹਨ। ਇਨ੍ਹਾਂ 'ਤੇ ਕਬਜ਼ਾ ਕਰਨ ਲਈ ਸਦੀਆਂ ਤੋਂ ਤਿੰਨੇ ਫਿਰਕੇ ਇਕ-ਦੂਜੇ ਦਾ ਖ਼ੂਨ ਡੋਲ੍ਹਦੇ ਆ ਰਹੇ ਹਨ। ਯਹੂਦੀਆਂ ਦਾ ਪ੍ਰਾਚੀਨ ਮੰਦਰ (ਟੈਂਪਲ ਮਾਊਂਟ) ਕਈ ਵਾਰ ਢਾਹਿਆ ਗਿਆ। ਇਸ ਵੇਲੇ ਮੰਦਿਰ ਦੀ ਇਕ ਤਰੇੜਾਂ ਭਰੀ ਦੀਵਾਰ ਬਚੀ ਹੈ। ਯਹੂਦੀ ਇਨ੍ਹਾਂ ਤਰੇੜਾਂ ਵਿਚ ਲਿਖਤੀ ਪ੍ਰਾਰਥਨਾਵਾਂ ਰੱਖਦੇ ਹਨ ਤੇ ਘੰਟਿਆਂ ਬੱਧੀ ਇਸ ਦੇ ਸਨਮੁੱਖ ਹੋ ਕੇ ਢਹਿ ਰਹੇ ਮੰਦਿਰ ਨੂੰ ਯਾਦ ਕਰ ਕੇ ਰੋਂਦੇ ਹਨ। ਇਸੇ ਲਈ ਇਸ ਨੂੰ 'ਵੇਲਿੰਗ ਵਾਲ' ਕਿਹਾ ਜਾਂਦਾ ਹੈ। ਇਸ ਦੇ ਨੇੜੇ ਹੀ ਈਸਾ ਮਸੀਹ ਨੂੰ ਸੂਲੀ ਚਾੜ੍ਹਿਆ ਗਿਆ ਸੀ।

ਪ੍ਰੋਫੇਟ ਮੁਹੰਮਦ ਸਾਹਿਬ ਅਲ-ਅਕਸਾ ਨੇੜੇ ਪੱਥਰ ਤੋਂ ਘੋੜੇ ਸਮੇਤ ਅੱਲ੍ਹਾ ਨੂੰ ਮਿਲਣ ਗਏ ਸਨ। ਮੱਕਾ ਮਦੀਨਾ ਤੋਂ ਬਾਅਦ ਯੇਰੂਸ਼ਲਮ ਦੀ ਅਲ-ਅਕਸਾ ਮਸਜਿਦ ਮੁਸਲਮਾਨਾਂ ਲਈ ਸਭ ਤੋਂ ਪਵਿੱਤਰ ਅਸਥਾਨ ਮੰਨਿਆ ਜਾਂਦਾ ਹੈ। ਫਲਸਤੀਨੀਆਂ ਸਣੇ ਪੜੋਸੀ ਦੇਸ਼ਾਂ ਨੇ ਕਈ ਵਾਰ ਇਜ਼ਰਾਈਲ 'ਤੇ ਜ਼ਬਰਦਸਤ ਹਮਲੇ ਕੀਤੇ ਪਰ ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਇਸ ਵਾਰ ਅਚਾਨਕ ਹੋਏ ਹਮਲੇ ਵਿਚ ਇਜ਼ਰਾਈਲ ਦਾ ਬਹੁਤ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਦੁਨੀਆ ਦੋ ਖੇਮਿਆਂ ਵਿਚ ਵੰਡਦੀ ਨਜ਼ਰ ਆ ਰਹੀ ਹੈ। ਅਮਰੀਕਾ, ਫਰਾਂਸ, ਕੈਨੇਡਾ ਤੇ ਇੰਗਲੈਂਡ ਸਣੇ ਕਈ ਦੇਸ਼ਾਂ ਨੇ ਇਜ਼ਰਾਈਲ ਦਾ ਸਾਥ ਦੇਣ ਦਾ ਫ਼ੈਸਲਾ ਕੀਤਾ ਹੈ। ਦੂਜੇ ਪਾਸੇ ਇਸਲਾਮਿਕ ਦੇਸ਼ ਇਕੱਠੇ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਫਲਸਤੀਨੀਆਂ ਵੱਲੋਂ ਦੁਨੀਆ ਦੇ ਕੋਨੇ-ਕੋਨੇ ਵਿਚ ਰੋਸ ਮੁਜ਼ਾਹਰੇ ਹੋ ਰਹੇ ਹਨ। ਇਜ਼ਰਾਈਲ ਅਤੇ ਫਲਸਤੀਨ ਵਿਵਾਦ ਕਾਰਨ ਖ਼ੂਨ ਦੇ ਦਰਿਆ ਵਹਿੰਦੇ ਰਹੇ ਹਨ। ਸੰਯੁਕਤ ਰਾਸ਼ਟਰ ਸੰਘ ਅਤੇ ਹੋਰ ਕੌਮਾਂਤਰੀ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਮਸਲੇ ਦਾ ਤੁਰੰਤ ਹੱਲ ਕਰਨ। (ਸਾਹਿਰ ਦੀਆਂ ਚੰਦ ਸਤਰਾਂ ਆਤਮਸਾਤ ਕਰੋ, "ਜੰਗ ਟਲਤੀ ਰਹੇ ਤੋ ਬਿਹਤਰ ਹੈ/ਆਪ ਔਰ ਹਮ ਸਭੀ ਕੇ ਆਂਗਨ ਮੇਂ/ਸ਼ਮ੍ਹਾਂ ਜਲਤੀ ਰਹੇ ਤੋ ਬਿਹਤਰ ਹੈ)।

ਯੂਕਰੇਨ ਦੀ ਜੰਗ ਦੇਖੋ, ਉਹ ਕਿੰਨੀ ਦੇਰ ਤੋਂ ਚੱਲ ਰਹੀ ਹੈ। ਕੀ ਹੋਇਆ ਉਨ੍ਹਾਂ ਦਾ ਹਾਕਮ ਹੁਣ ਵੀ ਟੀਵੀ 'ਤੇ ਆ ਕੇ ਵੱਡੇ-ਵੱਡੇ ਦਾਅਵੇ ਕਰਦਾ ਹੈ ਪਰ ਮਰ ਕੌਣ ਰਿਹਾ ਹੈ? ਇਸ ਬਾਰੇ ਕਦੇ ਵੀ ਕੋਈ ਹੁਕਮਰਾਨ ਨਹੀਂ ਸੋਚਦਾ। ਹਰ ਦੇਸ਼ ਅੱਤਵਾਦ ਖ਼ਿਲਾਫ਼ ਲੜਨਾ ਚਾਹੁੰਦਾ ਹੈ। ਕੀ ਕਿਸੇ ਨੇ ਸੋਚਿਆ ਹੈ ਕਿ ਅੱਤਵਾਦੀ ਬਣਦੇ ਕਿਵੇਂ ਹਨ? ਕੀ ਤੁਹਾਨੂੰ ਲੱਗਦਾ ਹੈ ਕਿ ਅੱਤਵਾਦੀ ਪੈਦਾਇਸ਼ੀ ਹੁੰਦੇ ਹਨ? ਕੌਣ ਆਪਣੀ ਜਾਨ ਜੋਖ਼ਮ ਵਿਚ ਪਾਉਂਦਾ ਹੈ? ਉਨ੍ਹਾਂ ਸਭਨਾਂ ਦੀ ਮਜਬੂਰੀ ਹੈ। ਉਨ੍ਹਾਂ ਦੇ ਘਰ ਦੇ ਹਾਲਾਤ, ਗ਼ਰੀਬੀ, ਬਿਮਾਰੀ ਦੀ ਮਜਬੂਰੀ ਵਿਚ ਚੰਦ ਰੁਪਈਆਂ ਖ਼ਾਤਰ ਉਹ ਅੱਤਵਾਦ ਦਾ ਰਸਤਾ ਅਪਣਾ ਲੈਂਦੇ ਹਨ।

ਅੱਤਵਾਦ ਨੂੰ ਵੀ ਸਰਕਾਰਾਂ ਆਪਣੇ ਮਕਸਦ ਲਈ ਇਸਤੇਮਾਲ ਕਰਦੀਆਂ ਹਨ। ਫਿਰ ਉਨ੍ਹਾਂ ਨੂੰ ਮਾਰਨ ਦਾ ਦਾਅਵਾ ਵੀ ਕਰ ਦਿੰਦੀਆਂ ਹਨ। ਜਨਤਾ ਨੂੰ ਜਨਤਾ ਨਾਲ ਹੀ ਲੜਾਉਂਦੀਆਂ ਹਨ ਕਦੇ ਧਰਮ ਦੇ ਨਾਂ 'ਤੇ ਤੇ ਕਦੇ ਅੱਤਵਾਦ ਦੇ ਨਾਂ 'ਤੇ। ਜੇ ਹਰ ਕਿਸੇ ਕੋਲ ਰੁਜ਼ਗਾਰ ਹੋਵੇ, ਪੜ੍ਹਾਈ ਹੋਵੇ, ਸਹੀ ਤੇ ਸਸਤੀਆਂ ਸਿਹਤ ਸਹੂਲਤਾਂ ਮਿਲਣ ਤਾਂ ਹਰ ਸਮੱਸਿਆ ਦਾ ਹੱਲ ਹੋ ਸਕਦਾ ਹੈ। ਇਕ ਹੀ ਧਰਮ ਹੋਵੇ ਇਨਸਾਨੀਅਤ ਦਾ। ਹਰ ਅਹੁਦੇ 'ਤੇ ਬੈਠੇ ਵਿਅਕਤੀ ਦੀ ਜਵਾਬਦੇਹੀ ਹੋਵੇ, ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਵੇ ਜਾਂ ਸਰਕਾਰੀ ਮੁਲਾਜ਼ਮ ਹੋਵੇ। ਤਾਂ ਹੀ ਚੰਗਾ ਸਮਾਜ ਬਣ ਸਕਦਾ ਹੈ। ਹਰ ਦੇਸ਼ ਆਪਣੇ ਭੂਗੋਲਿਕ ਖੇਤਰ ਵਿਚ ਹੀ ਤਰੱਕੀ ਕਰੇ ਤੇ ਲੋਕਾਂ ਨੂੰ ਸਹੂਲਤਾਂ ਦੇਵੇ। ਦੂਜੇ ਦੇਸ਼ ਨਾਲ ਵਪਾਰ ਕਰੇ। ਖ਼ੁਦਗਰਜੀ ਛੱਡੇ ਦੇਵੇ ਤਾਂ ਹੀ ਸੰਸਾਰ ਵਿਚ ਜੰਗਾਂ ਖ਼ਤਮ ਹੋ ਸਕਦੀਆਂ ਹਨ।

**-ਡੇਜ਼ੀ ਵਾਲੀਆ**

98159-96661

# ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਮਹਿਫ਼ੂਜ਼ ਸਨ ਹਿੰਦੋਸਤਾਨ ਦੀਆਂ ਸਰਹੱਦਾਂ


**ਤਲਵਿੰਦਰ ਸਿੰਘ**

ਭਾਰਤ ਦੇ ਨਾਮਵਰ ਸੁਰੱਖਿਆ ਮਾਹਰ ਤੇ ਲੇਖਕ ਅਭੀਜੀਤ ਭੱਟਾਚਾਰੀਆ ਨੇ ਕੁਝ ਸਾਲ ਪਹਿਲਾਂਇਕ ਲੇਖ ਵਿਚ ਬੜੀ ਮਹੱਤਵਪੂਰਨ ਟਿੱਪਣੀ ਕੀਤੀ ਸੀ ਕਿ, 'ਮਹਾਰਾਜਾ ਰਣਜੀਤ ਸਿੰਘ (1799-1839) ਦੇ ਰਾਜ ਨੂੰ ਛੱਡ ਕੇ ਹਿੰਦੋਸਤਾਨ ਦੀਆਂ ਪਵਿੱਤਰ ਸਰਹੱਦਾਂ 'ਤੇ ਵਿਦੇਸ਼ੀ ਹਮਲਿਆਂ ਨੇ ਹਮੇਸ਼ਾ ਹੀ ਭਾਰਤੀ ਇਤਿਹਾਸ ਦੇ ਹੁਕਮਰਾਨਾਂ ਨੂੰ ਸਤਾਇਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਜ਼ਿੰਦਗੀ ਅਤੇ ਸਮੇਂ ਦੌਰਾਨ, ਨਾ ਤਾਂ ਅੰਗਰੇਜ਼ਾਂ ਨੇ ਦੱਖਣ ਵਲੋਂ ਸਤਿਲੁਜ ਦਰਿਆ ਪਾਰ ਕਰਨ ਦੀ ਹਿੰਮਤ ਕੀਤੀ, ਨਾ ਅਹਿਮਦ ਸ਼ਾਹ ਅਬਦਾਲੀ ਦੇ ਵਾਰਸਾਂ ਅਤੇ ਨਾ ਹੀ ਲਾਹੌਰ ਵੱਲ ਜਾਣ ਲਈ ਹਮੇਸ਼ਾ ਹੀ ਉਤਾਵਲੇ ਰਹਿਣ ਵਾਲੇ ਅਫ਼ਗਾਨਿਸਤਾਨ ਦੇ ਸਰਦਾਰਾਂ ਨੇ ਸ਼ੇਰ (ਮਹਾਰਾਜਾ ਰਣਜੀਤ ਸਿੰਘ) ਦੀ ਰਾਜਧਾਨੀ (ਲਾਹੌਰ) ਅਤੇ ਇਸ ਤੋਂ ਪਰ੍ਹੇ ਲੱਦਾਖ ਤੱਕ ਝਾਕਣ ਦੀ ਜ਼ੁਰਅਤ ਕੀਤੀ।'

ਦੱਰਾ-ਏ-ਖ਼ੈਬਰ, ਜਿੱਥੋਂ ਕਿ ਹਮੇਸ਼ਾ ਵਿਦੇਸ਼ੀ ਹਮਲਾਵਰ ਹਿੰਦੋਸਤਾਨ 'ਚ ਪ੍ਰਵੇਸ਼ ਕਰਦੇ ਸਨ, ਤੋਂ ਲੈ ਕੇ ਕਸ਼ਮੀਰ, ਲੱਦਾਖ ਤੇ ਚੀਨ ਤੱਕ 'ਸ਼ੇਰ-ਏ-ਪੰਜਾਬ' ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਵਿਸਥਾਰ ਨੇ ਕੁਦਰਤੀ ਰੂਪ 'ਚ ਹਿੰਦੋਸਤਾਨ ਨੂੰ ਚੁਫ਼ੇਰਿਓਂ ਵਿਦੇਸ਼ੀ ਹਮਲਾਵਰਾਂ ਤੇ ਧਾੜਵੀਆਂ ਤੋਂ ਸੁਰੱਖਿਆ ਕਵਚ ਮੁਹੱਈਆ ਕਰਵਾਇਆ ਹੋਇਆ ਸੀ। ਇਤਿਹਾਸਕਾਰ ਖ਼ੁਸ਼ਵੰਤ ਸਿੰਘ ਅਨੁਸਾਰ 'ਸ਼ੇਰ-ਏ-ਪੰਜਾਬ' ਦੇ ਵਿਸ਼ਾਲ ਰਾਜ ਸਮੇਂ ਸਲਤਨਤ ਦਾ ਘੇਰਾ 1 ਲੱਖ 45 ਹਜ਼ਾਰ ਵਰਗ ਮੁਰੱਬਾ ਸੀ, ਜਿਸ ਤੋਂ 3 ਕਰੋੜ 24 ਲੱਖ 75000 ਰੁਪਏ ਦੀ ਸਾਲਾਨਾ ਆਮਦਨੀ ਹੁੰਦੀ ਸੀ। ਮਹਾਰਾਜੇ ਦੇ ਵਿਸ਼ਾਲ ਰਾਜ-ਭਾਗ ਦੀ ਗਵਾਹੀ ਸ਼ਾਹ ਮੁਹੰਮਦ ਵੀ ਆਪਣੇ 'ਜੰਗਨਾਮਾ' ਦੇ ਪੰਜਵੇਂ ਬੰਦ 'ਚ ਇਉਂ ਭਰਦਾ ਹੈ:

**ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,**
**ਨਾਲ ਜ਼ੋਰ ਦੇ ਮੁਲਖ ਹਿਲਾਇ ਗਿਆ।**
**ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,**
**ਜੰਮੂ, ਕਾਂਗੜਾ ਕੋਟ, ਨਿਵਾਇ ਗਿਆ।**
**ਤਿੱਬਤ ਦੇਸ਼ ਲੱਦਾਖ ਤੇ ਚੀਨ ਤੋੜੀਂ,**
**ਸਿੱਕਾ ਆਪਣੇ ਨਾਮ ਚਲਾਇ ਗਿਆ।**
**ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,**
**ਅੱਛਾ ਰੱਜ ਕੇ ਰਾਜ ਕਮਾਇ ਗਿਆ।**

ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਅਤੇ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਇਨ੍ਹਾਂ ਨਾਲ ਸੰਬੰਧਿਤ ਕਾਲ ਨੂੰ ਤਿੰਨ ਹਿੱਸਿਆਂ 'ਚ ਵੰਡ ਦੇ ਬਿਹਤਰੀਨ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਪਹਿਲਾ ਸਮਾਂ ਸੰਨ 1799 ਤੋਂ 1809 ਤੱਕ ਦਾ ਬਣਦਾ ਹੈ, ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਛੋਟੀ ਉਮਰੇ ਕੇਂਦਰੀ ਪੰਜਾਬ 'ਚ ਖ਼ਾਲਸਾ ਰਾਜ ਦੀ ਨੀਂਹ ਰੱਖੀ। ਸ਼ੁਰੂ-ਸ਼ੁਰੂ 'ਚ ਸਤਿਲੁਜ ਅਤੇ ਜਿਹਲਮ ਦਰਿਆਵਾਂ ਦੇ ਦਰਮਿਆਨ ਇਲਾਕੇ 'ਚੋਂ ਕਰ ਇਕੱਠਾ ਕਰਨਾ ਅਤੇ ਆਪਣੀ ਸਰਦਾਰੀ ਕਾਇਮ ਕਰਨੀ ਹੀ ਉਸ ਦੇ ਮੁੱਖ ਨਿਸ਼ਾਨੇ ਸਨ। 'ਸ਼ੇਰ-ਏ-ਪੰਜਾਬ' ਦੀਆਂ ਪ੍ਰਾਪਤੀਆਂ ਦਾ ਦੂਜਾ ਸਮਾਂ ਸੰਨ 1809 ਤੋਂ 1822 ਦਰਮਿਆਨ ਸੀ। ਇਸ ਸਮੇਂ ਦੌਰਾਨ ਉਸ ਨੇ ਪਹਿਲਾਂ ਤੋਂ ਵੀ ਜ਼ਿਆਦਾ ਮਜ਼ਬੂਤੀ ਨਾਲ ਆਪਣਾ ਰਾਜ ਅੱਗੇ ਵਧਾਇਆ ਅਤੇ ਲਾਹੌਰ ਤੱਕ ਖ਼ਾਲਸਈ ਨਿਸ਼ਾਨ ਝੁਲਾ ਕੇ ਸ਼ਕਤੀਸ਼ਾਲੀ ਹਾਕਮ ਬਣ ਗਿਆ। ਇਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਤੀਜੇ ਸਮੇਂ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1824 ਤੋਂ ਸ਼ੁਰੂ ਹੋ ਕੇ 1839 ਵਿਚ ਅਕਾਲ ਚਲਾਣੇ ਤੱਕ ਪਿਸ਼ਾਵਰ ਨੂੰ ਵੀ ਆਪਣੇ ਰਾਜ ਵਿਚ ਮਿਲਾ ਲਿਆ। ਇਸ ਸਮੇਂ ਦੌਰਾਨ 'ਸਰਕਾਰ-ਏ-ਖ਼ਾਲਸਾ' ਦੇ ਝੰਡੇ ਦੱਰਾ-ਏ-ਖੈਬਰ ਤੱਕ ਲਹਿਰਾਉਣ ਲੱਗੇ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ 40 ਸਾਲਾਂ ਦਰਮਿਆਨ, ਇਕ ਮਿਸਲ ਦੇ ਸਰਦਾਰ ਤੋਂ ਆਪਣਾ ਸਫ਼ਰ ਸ਼ੁਰੂ ਕਰਦਿਆਂ ਬਾਦਸ਼ਾਹੀ ਤੱਕ



ਦੀ ਮੰਜ਼ਿਲ ਤਹਿ ਕੀਤੀ। ਉਸ ਨੇ ਬਹਾਦਰੀ ਅਤੇ ਦਲੇਰੀ ਨਾਲ ਜਿੱਥੇ ਛੋਟੀਆਂ-ਛੋਟੀਆਂ ਅਤੇ ਕਮਜ਼ੋਰ ਸਿੱਖ ਮਿਸਲਾਂ ਨੂੰ ਇਕੱਠਿਆਂ ਕਰ ਕੇ ਉਨ੍ਹਾਂ ਨੂੰ ਇਕ ਤਕੜੇ ਖ਼ਾਲਸਾ ਰਾਜ ਦੇ ਰੂਪ ਵਿਚ ਲਿਆਂਦਾ, ਉੱਥੇ ਉਸ ਨੇ ਕਸ਼ਮੀਰ, ਮੁਲਤਾਨ, ਪਿਸ਼ਾਵਰ ਅਤੇ ਹੋਰ ਦੂਜੇ ਮਜ਼ਬੂਤ ਸੁਤੰਤਰ ਮੁਸਲਿਮ ਹਾਕਮਾਂ ਦੇ ਇਲਾਕੇ ਵੀ ਖ਼ਾਲਸਾ ਰਾਜ ਨਾਲ ਮਿਲਾਏ। ਹੁਣ ਉਸ ਦੀ ਹਕੂਮਤ ਉੱਤਰ ਵਲੋਂ ਹਿਮਾਲਿਆ ਪਰਬਤ ਤੋਂ ਸ਼ੁਰੂ ਹੋ ਕੇ ਦੱਖਣ ਵੱਲ ਸਿੰਧ ਦੇ ਰੇਗਿਸਤਾਨ ਤੱਕ ਫੈਲੀ ਹੋਈ ਸੀ ਅਤੇ ਪੱਛਮ ਵੱਲ ਸਿੰਧ ਦਰਿਆ ਤੱਕ ਜਾਂਦੀ ਸੀ। 'ਮਹਾਰਾਜਾ ਰਣਜੀਤ ਸਿੰਘ-ਜੀਵਨ ਤੇ ਘਾਲਣਾ' ਪੁਸਤਕ ਦਾ ਲੇਖਕ ਕਿਰਪਾਲ ਸਿੰਘ ਲਿਖਦਾ ਹੈ ਕਿ ਸੰਨ 991 'ਚ ਮਹਾਰਾਜਾ ਜੈ ਪਾਲ ਦੇ ਪੁੱਤਰ ਅਨੰਦਪਾਲ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਇਕਲੌਤਾ ਬਾਦਸ਼ਾਹ ਸੀ, ਜਿਸ ਨੇ ਪਿਛਲੇ 800 ਸਾਲਾਂ ਦਰਮਿਆਨ ਸਿੰਧ ਅਤੇ ਦੱਰਾ-ਏ-ਖੈਬਰ ਵਲੋਂ ਹਿੰਦੋਸਤਾਨ ਵੱਲ ਆਉਂਦੇ ਵਿਦੇਸ਼ੀ ਹਮਲਾਵਰਾਂ 'ਤੇ ਕਾਠੀ ਪਾਈ ਅਤੇ ਉਨ੍ਹਾਂ ਨੂੰ ਹਰਾ ਕੇ ਰਾਜ ਵੀ ਕੀਤਾ।

ਸੰਨ 1834 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਰਬਾਰ ਦੇ ਅਧੀਨ ਜੰਮੂ ਰਿਆਸਤ ਦੀ ਫ਼ੌਜ ਨੇ ਜਰਨੈਲ ਜ਼ੋਰਾਵਰ ਸਿੰਘ ਦੀ ਅਗਵਾਈ 'ਚ ਲੱਦਾਖ ਨੂੰ ਜਿੱਤ ਕੇ ਖ਼ਾਲਸਾ ਰਾਜ ਦੀਆਂ ਸਰਹੱਦਾਂ ਨਿਪਾਲ ਦੇ ਨਾਲ ਮਿਲਾ ਦਿੱਤੀਆਂ ਸਨ। ਹਾਲਾਂਕਿ ਜਰਨੈਲ ਜ਼ੋਰਾਵਰ ਸਿੰਘ ਉਦੋਂ ਹੀ ਤਿੱਬਤ 'ਤੇ ਹਮਲਾ ਕਰ ਕੇ ਉਸ ਨੂੰ ਵੀ ਸਿੱਖ ਰਾਜ 'ਚ ਮਿਲਾਉਣਾ ਚਾਹੁੰਦਾ ਸੀ ਪਰ ਮਹਾਰਾਜਾ ਰਣਜੀਤ ਸਿੰਘ ਇਸ ਔਖੇ ਕੰਮ ਲਈ ਹੁੰਗਾਰਾ ਨਹੀਂ ਭਰ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸੰਨ 1839 ਵਿਚ ਮੌਤ ਹੋ ਗਈ। ਮਹਾਰਾਜਾ ਸ਼ੇਰ ਸਿੰਘ ਦੇ ਰਾਜ-ਕਾਲ ਦੌਰਾਨ ਜੂਨ 1841 ਵਿਚ ਜ਼ੋਰਾਵਰ ਸਿੰਘ ਨੇ ਬੇਮਿਸਾਲ ਹਿੰਮਤ, ਬਹਾਦਰੀ ਅਤੇ ਤਾਕਤ ਨਾਲ ਪੱਛਮੀ ਤਿੱਬਤ ਨੂੰ ਜਿੱਤ ਲਿਆ ਅਤੇ ਸਿੱਖ ਰਾਜ ਦੀਆਂ ਸਰਹੱਦਾਂ ਨੂੰ ਨਿਪਾਲ ਨਾਲ ਮਿਲਾ ਦਿੱਤਾ। ਜਰਨੈਲ ਜ਼ੋਰਾਵਰ ਸਿੰਘ ਨੇਕੈਲਾਸ਼ ਪਰਬਤ ਤੇ ਮਾਨ ਸਰੋਵਰ ਝੀਲ ਦੇ ਇਲਾਕੇ ਨੂੰ ਵੀਸਹਿਜੇ ਹੀ ਫਤਹਿ ਕਰ ਕੇ ਕਾਰਗਿਲ ਦੇ ਉੱਤਰ-ਪੱਛਮ ਵੱਲ ਬਾਲਤਿਸਤਾਨ 'ਤੇ ਕਬਜ਼ਾ ਕਰ ਕੇ ਖ਼ਾਲਸਾ ਰਾਜ ਦੇ ਅਧੀਨ ਕਰ ਦਿੱਤਾ ਸੀ। ਤਿੱਬਤ ਵਿਚ 12 ਦਸੰਬਰ ਸੰਨ 1841 ਨੂੰ ਮਾੜੇ ਮੌਸਮ ਵਿਚ ਘਿਰਨ ਦੇ ਬਾਵਜੂਦ ਦੁਸ਼ਮਣ ਫ਼ੌਜ ਨਾਲ ਸੂਰਮਗਤੀ ਨਾਲ ਲੜਦਾ ਹੋਇਆ ਜਰਨੈਲ ਜ਼ੋਰਾਵਰ ਸਿੰਘ ਸ਼ਹੀਦ ਹੋ ਗਿਆ। ਜਰਨੈਲ ਜ਼ੋਰਾਵਰ ਸਿੰਘ ਦੀ ਸੂਰਮਗਤੀ ਦੀ ਗਾਥਾ ਇਕ ਵੱਖਰਾ ਅਧਿਆਇ ਹੈ।

ਤਿੱਬਤ ਦੇ ਜਿਸ ਇਲਾਕੇ ਬਾਰੇ ਹੁਣ ਚੀਨ ਅਤੇ ਭਾਰਤ ਵਿਚਾਲੇ ਰੇੜਕਾ ਚੱਲ ਰਿਹਾ ਹੈ, ਉਹ ਇਲਾਕਾ ਸੰਨ 1841 ਵਿਚ 'ਸ਼ੇਰ-ਏ-ਪੰਜਾਬ' ਦੇ ਰਾਜ ਦਾ ਹਿੱਸਾ ਸੀ, ਜਿਸ ਦੀ ਗਵਾਹੀ ਟਕਲਾਕੋਟ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਜਰਨੈਲ ਜ਼ੋਰਾਵਰ ਸਿੰਘ ਵਲੋਂ ਉਸਾਰਿਆ 'ਜ਼ੋਰਾਵਰ ਕਿਲ੍ਹਾ' ਭਰਦਾ ਹੈ। ਜ਼ੋਰਾਵਰ ਸਿੰਘ ਦੀ ਮੌਤ ਤੋਂ ਕੁਝ ਮਹੀਨੇ ਬਾਅਦ, ਜਦੋਂ ਮੁੜ ਸਿੱਖ ਫ਼ੌਜਾਂ ਨੇ ਤਿੱਬਤ ਵੱਲ ਵਧਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇਚੀਨ ਦੀ ਫ਼ੌਜ ਨਾਲ ਸਿੱਧੀ ਟੱਕਰ ਲੈਣੀ ਸ਼ੁਰੂ ਕਰ ਦਿੱਤੀ।ਆਖ਼ਰਕਾਰ2 ਅੱਸੂ ਸੰਮਤ 1899 (1842) ਦੇ ਦਿਨ ਚੀਨ ਅਤੇ 'ਸਿੱਖ ਰਾਜ' ਵਿਚਾਲੇ 'ਚੁਸ਼ੂਲ ਦਾ ਅਹਿਦਨਾਮਾ' ਹੋਇਆ, ਜਿਸ 'ਚ ਚੀਨ ਦੇ ਬਾਦਸ਼ਾਹ ਨਾਲ ਸਮਝੌਤੇ (ਜਿਸ 'ਤੇ ਲ੍ਹਾਸਾ ਦੇ ਕਾਲੋਂਸ ਸੁਕਾਨ ਤੇ ਬਖ਼ਸ਼ੀ ਸਪਜੂ, ਚੀਨ ਦੇ ਬਾਦਸ਼ਾਹ ਦੀਆਂ ਫ਼ੌਜਾਂ ਦੇ ਕਮਾਂਡਰ-ਇਨ-ਚੀਫ਼ ਅਤੇ ਖ਼ਾਲਸਾ ਰਾਜ ਤਰਫ਼ੋਂ ਕਸ਼ਮੀਰ ਦੇ ਰਾਜੇ ਦੇ ਪ੍ਰਤੀਨਿਧ ਹਰੀ ਚੰਦ ਅਤੇ ਵਜ਼ੀਰ ਰਤਨੂੰ ਦੇ ਦਸਤਖ਼ਤ ਹੋਏ ਸਨ) ਤਹਿਤ ਦੋਵਾਂ ਧਿਰਾਂ ਵਿਚਾਲੇ ਇਹ ਸਹਿਮਤੀ ਬਣੀ ਕਿ ਉਹ ਜਿੱਥੇ-ਜਿੱਥੇ ਹਨ, ਉਥੇ-ਉੱਥੇ ਟਿਕੇ ਰਹਿਣ ਅਤੇ ਦੋਵਾਂ ਵਿਚਾਲੇ ਇਕ-ਦੂਜੇ ਦੇ ਇਲਾਕਿਆਂ 'ਚ ਦਖ਼ਲ ਨਾ ਦੇਣ ਦਾ ਫ਼ੈਸਲਾ ਹੋਇਆ।'

ਸੰਨ 1977 'ਚ ਮੋਰਾਰਜੀ ਦੇਸਾਈ ਦੀ ਅਗਵਾਈ ਵਾਲੀ ਜਨਤਾ ਪਾਰਟੀ ਦੀ ਕੇਂਦਰ 'ਚ ਸਰਕਾਰ ਬਣੀ ਤਾਂ ਵਿਦੇਸ਼ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਹੱਦਾਂ ਦਾ ਮਸਲਾ ਹੱਲ ਕਰਨ ਲਈ ਚੀਨ ਦਾ ਸਦਭਾਵਨਾ ਦੌਰਾ ਕੀਤਾ। ਉਨ੍ਹਾਂ ਦੇ ਨਾਲ ਪੱਤਰਕਾਰਾਂ ਦੇ ਵਫ਼ਦ 'ਚ ਚੀਨ ਗਏ ਦੇਸ਼ ਦੇ ਪ੍ਰਸਿੱਧ ਸਿਆਸੀ ਕਾਰਕੁੰਨ ਤੇ ਪੱਤਰਕਾਰ ਰਾਜਮੋਹਨ ਗਾਂਧੀ, ਜੋ ਮਹਾਤਮਾ ਗਾਂਧੀ ਦੇ ਪੋਤਰੇ ਹਨ, ਨੇ ਵਾਪਸ ਆ ਕੇ ਦਿ ਟ੍ਰਿਬਿਊਨ ਵਿਚ ਇਸ ਦੌਰੇ ਬਾਰੇ ਲੇਖ ਲਿਖਿਆ। ਉਨ੍ਹਾਂ ਪੰਜਾਬ ਦੇ ਸੰਦਰਭ ਦੀ ਬੜੀ ਮਹੱਤਵਪੂਰਨ ਘਟਨਾ ਦਾ ਜ਼ਿਕਰ ਕੀਤਾ, ਜਿਸ ਦਾ ਪੰਜਾਬੀ 'ਚ ਤਰਜਮਾ ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਆਪਣੀ ਇਕ ਲਿਖਤ 'ਚ ਇਉਂ ਕੀਤਾ,ਜਦੋਂ ਨਕਸ਼ਾ ਵਿਛਾ ਕੇ ਹੱਦਾਂ ਬਾਬਤ ਵਿਚਾਰ-ਵਟਾਂਦਰਾ ਸ਼ੁਰੂ ਹੋਇਆ ਤਾਂ ਵਾਜਪਾਈ ਨੇ ਤਿੱਬਤ, ਲੇਹ ਅਤੇ ਲੱਦਾਖ ਦੇ ਇਲਾਕਿਆਂ ਉੱਪਰ ਉਂਗਲ ਫੇਰਦਿਆਂ ਕਿਹਾ, 'ਇਹ ਇਲਾਕੇ ਸਾਡੇ ਸਨ, ਇਨ੍ਹਾਂ ਉੱਪਰ ਤੁਹਾਡਾ ਕਬਜ਼ਾ ਨਾਜਾਇਜ਼ ਹੈ।' ਚੀਨੀ ਵਿਦੇਸ਼ ਮੰਤਰੀ ਨੇ ਕਿਹਾ, 'ਨਹੀਂ। ਇਹ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਜਿੱਤੇ ਸਨ ਹਿੰਦੋਸਤਾਨ ਨੇ ਨਹੀਂ। ਉਦੋਂ ਸਰਕਾਰ ਖ਼ਾਲਸਾ ਸੀ, ਪੰਜਾਬ ਵੱਖਰਾ ਦੇਸ਼ ਸੀ ਤੇ ਹਿੰਦੋਸਤਾਨ ਵੱਖਰਾ। ਜਦੋਂ ਕਦੀ ਸਰਕਾਰ ਖ਼ਾਲਸਾ ਗੱਲਬਾਤ ਕਰੇਗੀ, ਅਸੀਂ ਸੁਣਾਂਗੇ, ਤੁਹਾਡੇ ਨਾਲ ਗੱਲ ਨਹੀਂ ਹੋ ਸਕਦੀ।'

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ.ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-੪੪

**ਸਰੀਰਕ ਅੰਗ ਬਣਨ ਦੀ ਪ੍ਰਕ੍ਰਿਆ**

**ਹੱਡੀਆਂ ਦੇ ਢਾਂਚੇ ਦੀ ਬਣਤਰ**

ਸਾਡੇ ਸਰੀਰ ਦੇ ਹੱਡੀਆਂ ਦੇ ਢਾਂਚੇ ਦੀ ਬਣਤਰ ਨਵਜੀਵਨ ਦੇ ਸ਼ੁਰੂ ਹੋਣ ਤੋਂ ਤੀਸਰੇ ਮਹੀਨੇ ਵਿੱਚ ਹੀ ਸ਼ੁਰੂ ਹੋ ਜਾਂਦੀ ਹੈ। ਜਿਸ ਨੂੰ ਐਮਬਰੀਓਨਿਕ ਸਟੇਜ ਕਹਿੰਦੇ ਹਾਂ। ਅਸੀਂ ਸਰੀਰ ਦੇ ਟਿਸ਼ੂਆ ਦੀ ਗੱਲ ਪਿਛਲੇ ਲੈਕਚਰ ਵਿੱਚ ਕਰ ਆਏ ਹਾਂ ਕਿ ਚਾਰ ਪ੍ਰਕਾਰ ਦੇ ਟਿਸ਼ੂ ਸਰੀਰ ਵਿੱਚ ਵੱਖ-ਵੱਖ ਤਰ੍ਹਾਂ ਦਾ ਰੋਲ ਨਿਭਾਉਂਦੇ ਹਨ। ਜਿਹਨਾਂ ਵਿਚੋਂ ਕੁਨੈਕਟਿਵ ਟਿਸ਼ੂ ਹੱਡੀਆਂ ਦੀ ਬਣਤਰ ਦੀ ਸ਼ੁਰੂਆਤ ਕਰਦੇ ਹਨ। ਪਹਿਲਾ ਵਿਕਾਸ ਇਸ ਤੋਂ ਕਾਰਟੀਲੇਜ ਯਾਨੀ ਨਰਮ ਹੱਡੀ ਦੀ ਬਣਤਰ ਹੋਂਦ ਵਿੱਚ ਆਉਂਦੀ ਹੈ। ਜਿਹੜੀ ਕਿ ਹੌਲੀ ਹੌਲੀ ਸਖ਼ਤ ਹੱਡੀ ਦੀ ਬਣਤਰ ਵਿੱਚ ਤਬਦੀਲ ਹੋ ਜਾਂਦੀ ਹੈ। ਬੇਸ਼ੱਕ ਸਾਰਾ ਸਰੀਰਕ ਢਾਂਚਾ ਮਾਂ ਦੇ ਪੇਟ ਵਿੱਚ ਹੀ ਹੋਂਦ ਵਿੱਚ ਆ ਜਾਂਦਾ ਹੈ ਪਰ ਕੁਨੈਕਟਿਵ ਟਿਸ਼ੂ ਤੋਂ ਕਾਰਟੀਲੇਜ ਤੇ ਕਾਰਟੀਲੇਜ ਤੋਂ ਸਖ਼ਤ ਹੱਡੀ ਬਣਨ ਦਾ ਪੂਰਾ ਸਿਲਸਿਲਾ ਜਵਾਨੀ ਤੱਕ ਪੂਰਾ ਨਹੀਂ ਹੁੰਦਾ। ਕਹਿਣ ਤੋਂ ਭਾਵ ਸਰੀਰਕ ਬਣਤਰ ਜਿਥੇ ਜਿਥੇ ਹੱਡੀਆਂ ਦੀ ਬਣਤਰ ਨਾਲ ਸੰਬੰਧਿਤ ਹੈ ਉਹ ਵਿਕਸਤ ਹੋਕੇ ਪੂਰੀ ਤਰ੍ਹਾਂ ਨਾਲ ਸਖ਼ਤ ਹੱਡੀ ਦੇ ਰੂਪ ਵਿੱਚ ਬਦਲਣ ਲਈ ਜਨਮ ਤੋਂ ਬਾਅਦ ਵੀ ਬਹੁਤ ਸਮਾਂ ਲਗਦਾ ਹੈ।

ਨਵਜੀਵਨ ਦੀ ਪਹਿਲੀ ਹੱਡੀ ਜੋ ਹੋਂਦ ਵਿੱਚ ਆਉਂਦੀ ਹੈ ਉਹ ਹੈ ਹਸਲੀ ਦੀ ਹੱਡੀ ਯਾਨੀ ਸਾਡੀ ਕਲੈਵੀਕਲ ਭਾਵ ਕਾਲਰ ਬੋਨ ਜਿਹੜੀ ਪਸਲੀਆਂ ਤੋਂ ਉੱਪਰ ਤੇ ਜਿਥੋਂ ਗਰਦਨ ਸ਼ੁਰੂ ਹੁੰਦੀ ਹੈ ਉਸ ਜਗਹ 'ਤੇ ਹੁੰਦੀ ਹੈ ਅਤੇ ਛਾਤੀ ਦੇ ਉੱਪਰ ਯਾਨੀ ਵਿਚਕਾਰ ਤੋਂ ਮੋਢਿਆਂ ਵੱਲ ਜਾਂਦੀ ਹੈ। ਛਾਤੀ ਦੇ ਵਿਚਕਾਰ ਇਹ ਸਟਰਨਮ ਦੇ ਉਪਰਲੇ ਸਿਰੇ ਵਾਲੇ ਜੋੜ ਵਿੱਚ ਲਗਦੀ ਹੈ ਜਿਸ ਨੂੰ ਮੈਨੂਬਰੀਅਮ ਸਟਰਨਮ ਕਹਿੰਦੇ ਹਨ। ਸਟਰਨਮ ਦਾ ਵੱਡਾ ਹਿੱਸਾ ਜਿਸਨੂੰ ਬਾਡੀ ਆਫ ਦੀ ਸਟਰਨਮ ਕਹਿੰਦੇ ਹਾਂ ਉਹ ਇਸ ਤਿਕੋਣੀ ਮੈਨੂਬਰੀਅਮ ਸਟਰਨਮ ਹੱਡੀ ਤੋਂ ਹੇਠਾਂ ਵੱਲ ਜਾਂਦਿਆਂ ਪਸਲੀਆਂ ਦੇ ਜੋੜਾਂ ਨੂੰ ਦੋਹਾਂ ਪਾਸਿਆਂ ਤੋਂ ਆਪਣੇ ਨਾਲ ਜੋੜਦਿਆਂ ਹੇਠਾਂ ਪੇਟ ਵੱਲ ਜਾਂਦੀ ਹੈ। ਜੋ ਉੱਪਰ ਵਾਲੀ ਤਸਵੀਰ ਦੇ ਹੱਡੀਆਂ ਦੇ ਢਾਂਚੇ ਵਿੱਚ ਸਪਸ਼ਟ ਦਿਖਾਈ ਦਿੰਦਾ ਹੈ। ਹੇਠਲੀ ਤਸਵੀਰ ਇਸ ਨੂੰ ਹੋਰ ਸਪਸ਼ਟ ਕਰ ਰਹੀ ਹੈ।

ਸਟਰਨਮ ਦੀ ਹੇਠਲੀ ਆਖਰੀ ਚੁੰਝ ਨੂੰ ਜੀਫੋਆਇਡ ਸਟਰਨਮ ਕਹਿੰਦੇ ਹਨ। ਜਿਹੜੀ ਪੇਟ ਦੇ ਉਪਰਲੇ ਵਿਚਕਾਰਲੇ ਹਿੱਸੇ ਵਿੱਚ ਪਸਲੀਆ ਦੇ ਦੋਹਾਂ ਪਾਸਿਆਂ ਦੇ ਵਿਚਕਾਰਲੀ ਖਾਲੀ ਥਾਂ ਅਤੇ ਪੇਟ ਦੇ ਉਪਰਲੇ ਹਿੱਸੇ ਦੇ ਵਿਚਕਾਰ ਲਟਕੀ ਮਹਿਸੂਸ ਕਰ ਸਕਦੇ ਹਾਂ। ਇਹ ਸਟਰਨਮ ਹੱਡੀ ਦੀ ਚੁੰਜ ਯਾਨੀ ਜੀਫੋਆਇਡ ਸਟਰਨਮ ਜਵਾਨੀ ਦੀ ਉਮਰ ਤੱਕ ਯਾਨੀ ਪੱਚੀ ਛੱਬੀ ਸਾਲ ਦੀ ਉਮਰ ਤੱਕ ਵੀ ਇਕ ਲਚਕਦਾਰ ਹੱਡੀ ਯਾਨੀ ਕਾਰਟੀਲੇਜ ਦੇ ਰੂਪ ਵਿੱਚ ਹੀ ਰਹਿੰਦੀ ਹੈ। ਉਸ ਤੋਂ ਬਾਅਦ ਇਹ ਪੱਕੀ ਹੱਡੀ ਬਣ ਜਾਂਦੀ ਹੈ ਜਿਸ ਨੂੰ ਅਸੀਂ ਢਿਡ ਵਿੱਚ ਜਿਥੇ ਸਾਹਮਣੇ ਪਸਲੀਆਂ ਦੇ ਜੋੜ ਖਤਮ ਹੁੰਦੇ ਹਨ ਉੱਥੇ ਨੱਪ ਕੇ ਮਹਿਸੂਸ ਕਰ ਸਕਦੇ ਹਾਂ। ਖ਼ੈਰ ਇਸ ਸਟਰਨਮ ਦਾ ਵਿਸਥਾਰ ਲੈਕਚਰਾਂ ਵਿੱਚ ਇਸਦੇ ਸਮੇਂ ਨਾਲ ਆਵੇਗਾ ਪਰ ਹੁਣ ਅਸੀਂ ਫਿਰ ਅੱਜ ਦੇ ਵਿਸ਼ੇ ਵੱਲ ਆਉਂਦੇ ਹਾਂ।

ਅਸੀਂ ਗੱਲ ਕਲੈਵੀਕਲ ਦੀ ਬਲਕਿ ਜੀਵਨ ਦੀ ਪਹਿਲੀ ਹੱਡੀ ਦੇ ਸ਼ੁਰੂਆਤ ਹੋਣ ਦੀ ਕਰ ਰਹੇ ਹਾਂ। ਕਲੈਵੀਕਲ ਛਾਤੀ ਦੇ ਵਿਚਕਾਰ ਸਟਰਨਮ ਦੇ ਉਪਰਲੇ ਸਿਰ ਸਾਨੀ ਮੈਨੂਬਰੀਅਮ ਸਟਰਨਾਈ ਨਾਲ ਜੁੜਦੀ ਹੈ ਤੇ ਮੋਢਿਆਂ ਵਾਲੇ ਪਾਸੇ ਲਚਕਦਾਰ ਅਕਰੋਮੀਅਲਹੱਡੀ ਦੀ ਚੋਟੀ ਰਾਹੀਂ ਮੋਢੇ ਦੇ ਜੋੜ ਨਾਲ ਜੁੜਦੀ ਹੈ। ਇਹ ਨਵਜੀਵਨ ਦੇ ਸ਼ੁਰੂਆਤੀ ਪੰਜਵੇਂ ਹਫ਼ਤੇ ਵਿੱਚ ਹੀ ਦੋਹਾਂ ਸਿਰਿਆਂ ਤੇ ਬਣਨੀ ਸ਼ੁਰੂ ਹੋ ਜਾਂਦੀ ਹੈ ਤੇ ਬਾਅਦ ਵਿੱਚ ਦੋਵੇਂ ਹਿੱਸੇ ਆਪਸ ਵਿੱਚ ਜੁੜਦੇ ਹਨ ਤੇ ਪੂਰੀ ਕਲੈਵੀਕਲ ਹੱਡੀ ਦੀ ਸਥਾਪਨਾ ਹੋ ਜਾਂਦੀ ਹੈ।

ਪਰ ਇਹਦੀ ਸ਼ੁਰੂਆਤ ਪੂਰੀ ਤਰ੍ਹਾਂ ਦੋਹਾਂ ਸਿਰਿਆਂ ਦੇ ਮਿਲਣ ਅਤੇ ਇਕ ਹੱਡੀ ਬਣਨ ਤੱਕ ਦੇ ਸਮੇਂ ਵਿੱਚ ਭਾਵ ਇਸ ਦੀ ਬਣਤਰ ਪੂਰੀ ਬਣਨ ਤੋਂ ਵੀ ਪਹਿਲਾਂ ਨਵਜੀਵਨ ਦੀ ਰੀੜ ਦੀ ਹੱਡੀ ਦੀ ਇਕ ਲਕੀਰ ਵਾਂਗ ਸ਼ੁਰੂਆਤ ਜੀਵਨ ਦੇ ਤੀਜੇ ਹਫ਼ਤੇ ਹੀ ਹੋ ਚੁੱਕੀ ਹੁੰਦੀ ਹੈ ਜੋ ਆਪਣੇ ਉਪਰਲੇ ਸਿਰੇ ਤੇ ਬਰੇਨ ਦੀ ਬਣਤਰ ਬਣਾਉਣ ਲਗਦੀ ਹੈ ਅਤੇ ਚੌਥੇ ਹਫਤੇ ਵਿਚ ਬਾਹਵਾਂ ਤੇ ਹੱਡੀਆਂ ਦੀ ਲਾਈਨ ਰੇਖਾ ਬਣਨੀ ਸ਼ੁਰੂ ਹੋ ਜਾਂਦੀ ਹੈ ਜਿਹਨਾਂ ਦੇ ਉਪਰਲੇ ਸਿਰੇ ਤੇ ਹਸਲੀ ਦੀ ਹੱਡੀ ਯਾਨੀ ਕਲੈਵੀਕਲ ਯਾਨੀ ਕਾਲਰ ਬੋਨ ਨਾਲ ਜੁੜਨ ਦੀ ਪ੍ਰਕਿਰਿਆ ਛੇਵੇਂ ਹਫਤੇ ਬਣ ਜਾਂਦੀ ਹੈ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਆਦਮੀ ਤੇ ਔਰਤ ਦੇ ਸਪਰਮ ਤੇ ਓਵਮ ਦੇ ਮਿਲਾਪ ਬਾਠਦ ਜੋ ਤਿੰਨ ਅਲੱਗ ਅਲੱਗ ਤੈਹਾਂ ਬਣੀਆਂ ਸਨ ਐਕਟੋਡਰਮ ਮੈਸੋਡਰਮ ਤੇ ਇੰਡੋਡਰਮ ਉਹਨਾਂ ਵਿਚੋਂ ਮੈਸੋਡਰਮ ਨਾ ਦਾ ਪਰਦਾ ਇਸ ਹੱਡੀਆਂ ਦੀ ਬਣਤਰ ਵਿੱਚ ਯੋਗਦਾਨ ਪਾਉਂਦਾ ਹੈ।

ਇਸੇ ਤਰ੍ਹਾਂ ਹੱਡੀਆਂ ਦੇ ਸਰੀਰਕ ਢਾਂਚੇ ਵਿੱਚ ਆਖਰੀ ਹੱਡੀਆਂ ਜੋ ਬਣਤਰ ਵਿੱਚ ਆਉਂਦੀਆਂ ਹਨ ਉਹ ਚਿਹਰੇ ਦੀ ਚੌੜਾਈ ਵਾਲੀਆਂ ਹੱਡੀਆਂ ਹੁੰਦੀਆਂ ਹਨ।

**ਹੱਡੀਆਂ ਦੀ ਬਣਤਰ**

ਕੋਈ ਵੀ ਹੱਡੀ ਜਦ ਬਣਨੀ ਸ਼ੁਰੂ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਬਣਨ ਵਾਲੀ ਹੱਡੀ ਦੇ ਸਿਰਿਆਂ ਤੇ ਕੁਨੈਕਟਿਵ ਟਿਸ਼ੂ ਮਾਸ ਕੈਲਸ਼ੀਅਮ ਦੇ ਰੂਪ ਵਿੱਚ ਇਕੱਠਾ ਹੁੰਦਾ ਹੈ ਜਿਸਨੂੰ ਓਸੀਫੀਕੇਸ਼ਨ ਕਹਿੰਦੇ ਹਨ। ਫਿਰ ਹੱਡੀ ਦੀ ਪੂਰੀ ਬਣਤਰ ਵਿੱਚ ਹੀ ਇਹੀ ਕੈਲਸ਼ੀਅਮ ਇਕੱਠਾ ਹੋਣ ਦੀ ਕਿਰਿਆ ਵਾਪਰਦੀ ਹੈ ਭਾਵ ਇਕ ਲੈਂਡਮਾਰਕ ਬਣਦਾ ਹੈ ਜਿਸਨੂੰ ਕੈਲਸੀਫੀਕੇਸ਼ਨ ਕਹਿੰਦੇ ਹਨ। ਫਿਰ ਇਸ ਦੇ ਵਿਚੋਂ ਵਿੱਚ ਇਕ ਗੋਲਾਈ ਬਣਦੀ ਸਪਸ਼ਟ ਹੁੰਦੀ ਹੈ ਤੇ ਉਸਤੋਂ ਬਾਅਦ ਇਸ ਕੈਲਸੀਫੀਕੇਸਨ ਦੇ ਬਾਹਰ ਵਾਰ ਇਕ ਮੈਮਬਰਾਨ ਬਣਦਾ ਹੈ ਠੀਕ ਜਿਵੇਂ ਦੁੱਧ ਉੱਪਰ ਮਲਾਈ ਆ ਜਾਂਦੀ ਹੈ ਜੋ ਹੇਠਲੇ ਦੁੱਧ ਨੂੰ ਬਚਾਅ ਕੇ ਰੱਖਦੀ ਹੈ। ਇਸ ਬਣ ਚੁੱਕੀ ਹੱਡੀ ਦੀ ਬਣਤਰ ਉੱਪਰ ਇਸਦੇ ਕੈਲਸ਼ੀਅਮ ਨੂੰ ਮਦਦ ਕਰਨ ਲਈ ਇਹਦੇ ਉੱਪਰ ਇਕ ਗ਼ਿਲਾਫ਼ਨੁਮਾ ਕੁਨੈਕਟਿਵ ਟਿਸ਼ੂਆ ਦਾ ਪਰਦਾ ਬਣਦਾ ਹੈ ਜਿਸ ਨੂੰ ਪੇਰੀਓਸਟੀਅਮ ਕਹਿੰਦੇ ਹਨ।

ਦਸ ਕੁ ਹਫ਼ਤਿਆਂ ਦੇ ਐਮਬਰੀਓਨਿਕ ਜੀਵਨ ਵਿੱਚ ਜੋ ਹੱਡੀਆਂ ਦੇ ਢਾਂਚੇ ਦੀ ਇਸ ਤੋਂ ਪਹਿਲਾਂ ਨਿਸ਼ਾਨਦੇਹੀ ਬਣ ਗਈ ਸੀ ਉਹ ਦਸਵੇਂ ਹਫ਼ਤੇ ਤੱਕ ਕਾਰਟੀਲੇਜ ਯਾਨੀ ਨਰਮ ਹੱਡੀ ਦੇ ਤੌਰ 'ਤੇ ਵਿਕਸਤ ਹੋ ਜਾਂਦੀ ਹੈ। ਤਦ ਤੱਕ ਮਾਂ ਵੱਲੋਂ ਆ ਰਹੀ ਖ਼ੁਰਾਕ ਦੀ ਸਪਲਾਈ ਵਿੱਚ ਖ਼ੁਰਾਕੀ ਤੱਤ ਮਿਨਰਲ ਕੈਲਸ਼ੀਅਮ ਪੁਟਾਸ਼ੀਅਮ ਆਦਿ ਮਿਲ ਕੇ ਹੱਡੀਆਂ ਨੂੰ ਮਜ਼ਬੂਤੀ ਦਿੰਦੇ ਹਨ। ਮਾਂ ਦੇ ਪੇਟ ਤੋਂ ਬਾਹਰ ਬਚਪਨ ਦੇ ਸੱਤ ਤੋਂ ਦਸ ਸਾਲ ਦੀ ਉਮਰ ਤੱਕ ਇਹ ਹੱਡੀਆਂ।

(ਚੱਲਦਾ)

HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
Rx
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫ਼ਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
ਸਾਨੂੰ 16 ਸਾਲਾਂ ਦਾ ਤਜਰਬਾ ਹੈ।
Same Day Plates Same Day Plates Same Day Plates
PH : 530-669-5780 Fax : 530-669-5775,
Cell : 530-908-9386 Cell : 530-405-6020
Tax Returns- Corporations, LLC, Non-Profits, Small Business and Individuals
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਸੈਕਰਾਮੈਂਟੋ 'ਚ ਕਰਵਾਏ ਗਏ ਕਬੱਡੀ ਕੱਪ 'ਚ ਸ਼ਹੀਦ ਬਾਬਾ ਦੀਪ ਸਿੰਘ ਕਲੱਬ ਪਹਿਲੇ, ਰੋਜਵਿਲ ਦੀ ਟੀਮ ਦੂਜੇ ਥਾਂ ਰਹੀ

## ਬੈਸਟ ਰੇਡਰ ਮੱਖਣ ਮੱਖੀ ਤੇ ਬੈਸਟ ਜਾਫੀ ਯੋਧਾ ਸੁਰਖਪੁਰੀਆ ਐਲਾਨਿਆ





ਸੈਕਰਾਮੈਂਟੋ ( ਹੁਸਨ ਲੜੋਆ ਬੰਗਾ) ਐਤਕਾਂ ਵੀ ਹਰ ਵਰ੍ਹੇ ਵਾਂਗ ਸੈਕਰਾਮੈਂਟੋ ਦੇ ਸ਼ਹੀਦ ਬਾਬਾ ਦੀਪ ਸਿੰਘ ਵਲੋਂ ਕਰਵਾਏ ਗਏ ਕਬੱਡੀ ਕੱਪ ਦੌਰਾਨ ਰੌਚਕ ਮੁਕਾਬਲੇ ਦੇਖਣ ਨੂੰ ਮਿਲੇ ਭਾਵੇਂ ਕਿ ਦੋ ਟੀਮਾਂ ਨੂੰ ਨਿਯਮਾਂ ਦੀ ਪਾਲਣਾ ਨਾ ਕਰਨ ਬਦਲੇ ਪ੍ਰਬੰਧਕਾਂ ਵਲੋਂ ਬਾਹਰ ਦਾ ਰਾਸਤਾ ਦਿਖਾ ਦਿੱਤਾ ਗਿਆ ਸੀ। ਇਸ ਕਬੱਡੀ ਕੱਪ ਦੌਰਾਨ ਓਪਨ ਚ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੀ ਟੀਮ ਨੇ ਪਹਿਲੇ ਥਾਂ ਰਹਿ ਕੇ ਟਰਾਫੀ ਜਿੱਤੀ ਤੇ 25 ਹਜਾਰ ਡਾਲਰ ਦਾ ਇਨਾਮ ਪ੍ਰਾਪਤ ਕੀਤਾ ਇਹ ਇਨਾਮ ਦੀ ਨਕਦ ਰਾਸ਼ੀ ਚੜਦਾ ਪੰਜਾਬ ਕਲੱਬ ਰੋਜਵਿਲ ਵਲੋਂ ਦਿੱਤਾ ਗਿਆ, ਦੂਜੇ ਥਾਂ ਰੋਜਵਿਲ ਦੀ ਟੀਮ ਰਹੀ ਜਿਸ ਨੂੰ ਚੜ੍ਹਦੀ ਕਲਾ ਕਲੱਬ ਫੇਅਰਫੀਲਡ ਵਲੋਂ 22 ਹਜ਼ਾਰ ਦਾ ਨਗਦ ਇਨਾਮ ਦਿੱਤਾ ਗਿਆ ਇਸੇ ਤਰਾਂ ਤੀਜੇ ਥਾਂ ਤੇ ਰਹਿਣ ਵਾਲੀ ਟੀਮ ਬਾਬ ਸੰਗ ਜੀ ਕਲੱਬ ਇੰਡੀਆਨਾ ਰਹੀ ਜਿਸਨੂੰ 18 ਹਜਾਰ ਦਾ ਇਨਾਮ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਵਲੋਂ ਦਿੱਤਾ ਗਿਆ। ਇਸੇ ਤਰ੍ਹਾਂ ਚੌਥੀ ਥਾਂ ਸੈਂਟਾ ਕਲੇਰਾ ਤੇ ਪੰਜਵੇਂ ਯੂਬਾ ਸਿਟੀ ਬ੍ਰਦਰਜ ਦੀ ਟੀਮ ਰਹੀ। ਇਸ ਕਬੱਡੀ ਕੱਪ ਵਿੱਚ ਗਵਰਨਰ ਲਈ ਚੋਣਾਂ ਲੜ ਰਹੀ ਏਲੀਨੀ ਕੌਨਾਲੇਕਸ ਮੁੱਖ ਮਹਿਮਾਨ ਵਜੋਂ ਲੰਬਾ ਸਮਾਂ ਹਾਜਿਰ ਰਹੀ, ਉਨਾਂ ਨੇ ਗਰਾਊਂਡ ਵਿੱਚ ਜਾ ਕੇ ਖਿਡਾਰੀਆਂ ਨਾਲ ਗੱਲਾ ਬਾਤਾਂ ਦੌਰਾਨ ਹੱਲਾਸ਼ੇਰੀ ਵੀ ਦਿੱਤੀ। ਇਸ ਖੇਡ ਸਮਾਗਮ ਚ ਬੋਲਦਿਆਂ ਏਲੀਨੀ ਕੌਨਾਲੇਕਸ ਨੇ ਕਿਹਾ ਕਿ ਮੈਂ ਅੱਜ ਇਸ ਭਾਈਚਾਰੇ ਦੇ ਖੇਡ ਸਮਾਗਮ ਚ ਆਣ ਕੇ ਮਾਣ ਮਹਿਸੂਸ ਕਰਦੀ ਹਾਂ ਤੇ ਇਸ ਪੰਜਾਬੀ ਭਾਈਚਾਰੇ ਨੇ ਕੈਲੀਫੋਰਨੀਆਂ ਦੀ ਤਰੱਕੀ ਚ ਅਹਿਮ ਰੋਲ ਅਦਾ ਕੀਤਾ ਹੈ, ਜਦੋਂ ਵੀ ਮੇਰੀ ਲੋੜ ਹੋਵੇ ਮੈਂ ਤੁਹਾਡੇ ਭਾਈਚਾਰੇ ਲਈ ਖੜੀ ਰਹਾਂਗੀ।" ਇਸ ਮੌਕੇ ਮੁੱਖ ਮਹਿਮਾਨ ਏਲੀਨੀ ਕੌਨਾਲੇਕਸ ਨੂੰ ਸ਼ਹੀਦ ਬਾਬਾ ਦੀਪ ਸਿੰਘ ਦੇ ਪ੍ਰਗਟ ਸਿੰਘ ਮੇਅਰ ਗਾਲਟ ਸਿਟੀ ਵਲੋਂ ਤੇ ਗੁਰਦੁਆਰਾ ਬਰਾਡਸ਼ਾਅ ਰੋਡ ਦੀ ਪ੍ਰਬੰਧਕ ਕਮੇਟੀ ਵਲੋਂ ਪਲੈਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੌਰਾਨ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ ਐਸ ਏ ਦੇ ਸੁਰਿੰਦਰ ਸਿੰਘ ਅਟਵਾਲ ਨੇ ਸਾਰੇ ਕਬੱਡੀ ਸਮਾਗਮ ਦੀ ਦੇਖ ਰੇਖ ਕੀਤੀ। ਇਸ ਦੌਰਾਨ ਸੁਖਮਿੰਦਰ ਸਿੰਘ ਧਾਲੀਵਾਲ ਮੇਅਰ ਲੈਥਰੋਪ ਨੂੰ ਪਲੈਕ ਦੇ ਕੇ ਸਤਿਕਾਰ ਦਿੱਤਾ ਗਿਆ। ਇਸ ਕਬੱਡੀ ਟੂਰਨਮੈਂਟ ਚ ਅੰਡਰ 21 ਦੇ ਵੀ ਫਸਵੇਂ ਮੈਚ ਹੋਏ ਜਿਨਾਂ ਵੀ ਨਗਦ ਇਨਾਮ ਦਿੱਤੇ ਗਏ। ਸਟੇਜ ਤੋਂ ਸੁਚੱਜੇ ਢੰਗ ਨਾਲ ਬੀਬੀ ਆਸ਼ਾ ਸ਼ਰਮਾਂ ਸਮਾਗਮ ਨੂੰ ਤਰਤੀਬ ਦਿੰਦੇ ਰਹੇ ਮੁੱਖ ਮਹਿਮਾਨਾਂ ਨੂੰ ਰੂਬਰੂ ਕਰਵਾਉਂਦੇ ਰਹੇ ਦੂਸਰੇ ਪਾਸੇ ਗਰਾਊਂਡ ਚ ਕੁਮੈਂਟਰੀ ਮੱਖਣ ਅਲੀ, ਸਵਰਨਜੀਤ, ਇਕਬਾਲ ਗਾਲਿਬ ਤੇ ਰੰਡਿਆਲੇ ਨੇ ਹਜਾਰਾਂ ਦਰਸ਼ਕਾਂ ਨੂੰ ਆਪਣੀ ਆਪਣੀ ਕੁਮੈਂਟਰੀ ਨਾਲ ਕਬੱਡੀ ਨਾਲ ਜੋੜੀ ਰੱਖਿਆ। ਇਸ ਮੌਕੇ ਬੈਸਟ ਜਾਫੀ ਵਜੋਂ ਯੋਧਾ ਸੁਰਖਪੁਰੀਆ ਤੇ ਬੈਸਟ ਰੇਡਰ ਵਜੋਂ ਮੱਖਣ ਮੱਖੀ ਨੂੰ ਚੁਣਿਆ ਗਿਆ। ਇਸ ਮੌਕੇ ਦੋ ਟੀਮਾਂ ਜਿਨਾਂ ਚ ਬੇ ਏਰੀਆ ਤੇ ਨਾਰਥ ਅਮਰੀਕਾ ਦੀ ਟੀਮ ਨੂੰ ਨਿਯਮਾਂ ਮੁਤਾਬਕ ਨਾ ਖੇਡਣ ਤੇ ਪ੍ਰਬੰਧਕਾਂ ਵਲੋਂ ਬਾਹਰ ਦਾ ਰਾਸਤਾ ਦਿਖਾ ਦਿੱਤਾ ਗਿਆ ਜਿਸਦਾ ਐਲਾਨ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ ਐਸ ਏ ਦੇ ਸੁਰਿੰਦਰ ਸਿੰਘ ਅਟਵਾਲ ਨੇ ਕੀਤਾ। ਇਸ ਮੌਕੇ ਵਿਕੀ ਸਿਮੀਪੁਰੀਏ, ਤਾਰੀ ਡੱਬ ਤੇ ਕੁਲਵੰਤ ਧਾਮੀ ਨੇ ਪ੍ਰਬੰਧਕਾਂ ਨਾਲ ਸਟੈਂਡ ਲਿਆ। ਇਸ ਮੌਕੇ ਪ੍ਰਬੰਧਕਾਂ ਚ ਪ੍ਰਗਟ ਸਿੰਘ ਸੰਧੂ, ਧੀਰਾ ਨਿੱਝਰ, ਗੁਰਮੀਤ ਵੜੈਚ, ਬਿੱਟੂ ਰੰਧਾਵਾ, ਨਰਿੰਦਰ ਸਿੰਘ ਥਾਂਦੀ, ਹੈਪੀ ਬਰਿਆਨਾ, ਹੈਰੀ ਸੰਘਾ, ਤਰਲੋਚਨ ਅਟਵਾਲ, ਗੋਲਡੀ ਲਾਲੀ, ਹੈਪੀ ਔਲਖ, ਸ਼ੇਰੂ ਭਾਟੀਆ, ਭੁਪਿੰਦਰ ਸੰਘੇੜਾ, ਭਿੰਦਾ ਚਾਹਲ, ਗੁਰਜੀਤ ਦਿਓਲ,ਲਾਡਾ ਕਾਹਲੋਂ, ਪੰਮਾ ਲਿੱਧੜ, ਬਲਵਿੰਦਰ ਸੰਧੂ, ਗੁਰਦੇਵ ਤੂਰ ਤੇ ਪਿਆਰਾ ਸੰਧੂ ਆਦਿ ਨੇ ਪ੍ਰਮੋਟਰਾਂ ਤੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ। ਇਸ ਮੌਕੇ ਚੜਦਾ ਪੰਜਾਬ ਦੇ ਬਲਜੀਤ ਬਾਸੀ ਨੂੰ ਸ਼ੇਰੂ ਭਾਟੀਆ ਤੇ ਤਰਲੋਚਨ ਅਟਵਾਲ ਨੇ ਤੇ ਲਾਇਵ ਕਬੱਡੀ ਦੇ ਪ੍ਰੋਡਿਓਸਰ ਗੁਰਜੋਤ ਮੈਨੀ ਨੂੰ ਬਲਜੀਤ ਬਾਸੀ ਨੇ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ। ਇਸ ਮੌਕੇ ਹਰੇਕ ਖਿਡਾਰੀ ਦਾ ਪ੍ਰਬੰਧਕਾਂ ਵਲੋਂ 11 ਸੌ ਡਾਲਰ ਦੇ ਕੇ ਸਨਮਾਨ ਵੀ ਕੀਤਾ ਗਿਆ। ਬਾਕੀ ਆਫੀਸਲਜ ਚ ਸੇਵਾ ਸਿੰਘ ਰੰਧਾਵਾ, ਗੁਰਮੇਲ ਸਿੰਘ, ਰੈਫਰੀ ਦਵਿੰਦਰ ਸਿੰਘ ਚਮਕੌਰ ਸਾਹਿਬ ਦਾ ਵੀ ਵਿਸ਼ੇਸ ਸਤਿਕਾਰ ਕੀਤਾ ਗਿਆ। ਇਸ ਮੌਕੇ ਐਤਕਾਂ ਸਖਤ ਸਕਿਉਰਿਟੀ ਦਾ ਪ੍ਰਬੰਧ ਵੀ ਕੀਆ ਗਿਆ ਸੀ ਤੇ ਬੀਬੀਆਂ ਦਾ ਵੱਖਰੇ ਤੌਰ ਤੇ ਬੈਠਣ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਪ੍ਰਬੰਧਕਾਂ ਵਲੋਂ 29 ਸਤੰਬਰ 2024 ਨੂੰ ਅਗਲਾ ਕਬੱਡੀ ਕੱਪ ਕਰਵਾਏ ਜਾਣ ਦੇ ਐਲਾਨ ਨਾਲ ਇਹ ਕਬੱਡੀ ਕੱਪ ਖਤਮ ਹੋਇਆ।

# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਸਮੂਹਿਕ ਹੱਤਿਆਵਾਂ ਦੀਆਂ ਧਮਕੀਆਂ ਦੇਣ ਵਾਲਾ ਨੌਜਵਾਨ ਗ੍ਰਿਫ਼ਤਾਰ

## ਕਬਜ਼ੇ ਵਿਚੋਂ ਬਰਾਮਦ ਹੋਏ ਧਮਕੀਆਂ ਭਰੇ ਲਿਖਤੀ ਪੱਤਰ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਫਲੋਰਿਡਾ ਰਾਜ ਦੇ ਦੱਖਣ ਵਿਚ ਇਕ ਟਰੱਕ ਵਿਚੋਂ ਧਮਕੀਆਂ ਭਰੇ ਲਿਖਤੀ ਨੋਟ ਮਿਲਣ ਉਪਰੰਤ ਟਰੱਕ ਦੇ ਡਰਾਈਵਰ ਇਕ 19 ਸਾਲਾ ਨੌਜਵਾਨ ਨੂੰ ਗ੍ਰਿਫਤਾਰ ਕਰ ਲੈਣ ਦੀ ਰਿਪੋਰਟ ਹੈ। ਪਾਮ ਬੀਚ ਕਾਊਂਟੀ ਦੇ ਸ਼ੈਰਿਫ ਦਫਤਰ ਦੇ ਇਕ ਹਲਫੀਆ ਬਿਆਨ ਅਨੁਸਾਰ ਇਕ ਟਰੈਫਿਕ ਸਟਾਪ 'ਤੇ ਆਮ ਵਾਂਗ ਛਾਣਬੀਣ ਦੌਰਾਨ ਹੈਨਰੀ ਹੋਰਟਨ ਨਾਮੀ ਨੌਜਵਾਨ ਜਿਸ ਪਿਕ ਅੱਪ ਟਰੱਕ ਨੂੰ ਚਲਾ ਰਿਹਾ ਸੀ, ਉਸ ਵਿਚੋਂ ਕਈ ਲਿਖਤੀ ਪੱਤਰ ਬਰਾਮਦ ਹੋਏ ਜਿਨਾਂ ਵਿਚ ਹਥਿਆਰ ਖਰੀਦਣ ਤੇ ਉਪਰੰਤ ਓਕੀਕੋਬੀ ਹਾਈ ਸਕੂਲ ਦੇ ਹਰ ਵਿਅਕਤੀ ਨੂੰ ਮਾਰ ਦੇਣ ਦੀ ਯੋਜਨਾ ਦਾ ਜਿਕਰ ਕੀਤਾ ਗਿਆ ਸੀ। ਹੋਰਟਨ ਨੇ ਮਈ 2022 ਵਿਚ ਓਕੀਕੋਬੀ ਕਾਊਂਟੀ ਵਿਚ ਸਥਿੱਤ ਉਕਤ ਹਾਈ ਸਕੂਲ ਤੋਂ ਗਰੈਜੂਏਸ਼ਨ ਕੀਤੀ ਸੀ। ਹਲਫੀਆ ਬਿਆਨ ਅਨੁਸਾਰ ਹੋਰਟਨ ਨੇ ਗ੍ਰਿਫਤਾਰੀ ਉਪਰੰਤ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਕੁਝ ਸਮਾਂ ਪਹਿਲਾਂ ਦਿਮਾਗੀ ਸਮੱਸਿਆ ਪੈਦਾ ਹੋਈ ਸੀ ਤੇ ਉਸ ਦੇ ਦਿਮਾਗ ਵਿਚ ਸਮੂਹਿਕ ਹੱਤਿਆਵਾਂ ਕਰਨ ਦੇ ਵਿਚਾਰ ਆਉਂਦੇ ਹਨ। ਉਹ ਆਪਣੇ 22 ਵੇਂ ਜਨਮ ਦਿਨ 'ਤੇ 2 ਜਨਵਰੀ 2026 ਨੂੰ ਹਾਈ ਸਕੂਲ ਦੇ 15 ਲੋਕਾਂ ਨੂੰ ਮਾਰਨਾ ਚਹੁੰਦਾ ਸੀ। ਪੁਲਿਸ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਉਹ ਕਿਥੇ ਜਾ ਰਿਹਾ ਸੀ ਤਾਂ ਉਸ ਨੇ ਕਿਹਾ ਉਹ ਮਿਆਮੀ ਦੇ ਇਕ ਚਰਚ ਵਿਚ ਜਾਣਾ ਚਹੁੰਦਾ ਸੀ ਜਿਥੇ ਵੀ ਉਸ ਦੀ ਸਮੂਹਿਕ ਹੱਤਿਆਵਾਂ ਕਰਨ ਦੀ ਯੋਜਨਾ ਸੀ। ਸੁਪਰਡੈਂਟ ਕੇਨ ਕੇਨਵਰਥੀ ਨੇ ਕਿਹਾ ਹੈ ਕਿ ਓਕੀਕੋਬੀ ਕਾਊਂਟੀ ਸਕੂਲ ਡਿਸਟ੍ਰਿਕਟ ਇਸ ਮਾਮਲੇ ਦੀ ਜਾਂਚ ਵਿਚ ਸ਼ੈਰਿਫ ਦਫਤਰ ਤੇ ਸਟੇਟ ਅਟਾਰਨੀ ਦਫਤਰ ਨਾਲ ਪੂਰਾ ਸਹਿਯੋਗ ਕਰ ਰਿਹਾ ਹੈ।

### -ਮ੍ਰਿਤਕ ਦੇਹਾਂ ਨੂੰ ਅਣਉਚਿਤ ਢੰਗ ਨਾਲ ਰਖਣ ਦਾ ਮਾਮਲਾ-

# ਅਮਰੀਕਾ ਦੇ ਕੋਲੋਰਾਡੋ ਰਾਜ ਦੇ ਇਕ ਮੁਰਦਾ ਘਰ 'ਚੋਂ ਮਿਲੀਆਂ 115 ਮ੍ਰਿਤਕ ਲਾਸ਼ਾਂ

## ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ-ਪੁਲਿਸ ਮੁਖੀ



ਦੱਖਣੀ ਕੋਲੋਰਾਡੋ ਵਿਚ ਸਥਿਤ ਮੁਰਦਾ ਘਰ ਦਾ ਬਾਹਰੀ ਦ੍ਰਿਸ਼

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਕੋਲੋਰਾਡੋ ਰਾਜ ਦੇ ਦੱਖਣ ਵਿਚ ਸਥਿੱਤ ਇਕ ਮੁਰਦਾ ਘਰ ਵਿਚੋਂ 115 ਮ੍ਰਿਤਕ ਦੇਹਾਂ ਮਿਲੀਆਂ ਹਨ ਜਿਨਾਂ ਨੂੰ ਅਣਉਚਿਤ ਢੰਗ ਤਰੀਕੇ ਨਾਲ ਰਖਿਆ ਗਿਆ ਸੀ। ਅਧਿਕਾਰੀਆਂ ਅਨੁਸਾਰ 'ਗਰੀਨ ਬਰੀਅਲ' ਦੇ ਨਾਂ ਨਾਲ ਜਾਣਿਆ ਜਾਂਦਾ ਇਹ ਸ਼ਮਸ਼ਾਨ ਘਾਟ ਪੈਨਰੋਜ ਨਾਮੀ ਇਕ ਛੋਟੇ ਜਿਹੇ ਕਸਬੇ ਵਿਚ ਸਥਿੱਤ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਕੇ ਦਾ ਦ੍ਰਿਸ਼ ਬਹੁਤ ਭਿਆਨਕ ਸੀ। ਮੁਰਦਾ ਘਰ ਵਿਚੋਂ ਬੋਅ ਆਉਣ ਸਬੰਧੀ ਰਿਪੋਰਟ ਮਿਲਣ 'ਤੇ ਅਧਿਕਾਰੀ ਮੌਕੇ ਉਪਰ ਪੁੱਜੇ ਤਾਂ ਸ਼ਮਸ਼ਾਨ ਘਾਟ ਦੇ ਮਾਲਕ ਜੋਨ ਹਾਲਫੋਰਡ ਨੇ ਸਮੱਸਿਆ ਨੂੰ ਟਾਲਣ ਦਾ ਯਤਨ ਕੀਤਾ। ਫਰੀਮਾਂਟ ਕਾਊਂਟੀ ਦੇ ਸ਼ੈਰਿਫ ਐਲਨ ਕੂਪਰ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਇਸ ਮਾਮਲੇ ਵਿਚ ਅਜੇ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ ਤੇ ਸ਼ਮਸ਼ਾਨ ਘਾਟ ਦਾ ਮਾਲਕ ਜਾਂਚ ਵਿਚ ਸਹਿਯੋਗ ਕਰ ਰਿਹਾ ਹੈ। ਉਨਾਂ ਕਿਹਾ ਕਿ ਅਜੇ ਇਹ ਸਾਫ ਨਹੀਂ ਹੈ ਕਿ ਸ਼ਮਸ਼ਾਨ ਘਾਟ ਦਾ ਮਾਲਕ ਗੁਨਾਹਗਾਰ ਹੈ ਜਾਂ ਨਹੀਂ। ਫਰੀਮਾਂਟ ਕਾਊਂਟੀ ਕੋਰੋਨਰ ਰੈਂਡੀ ਕੇਲਰ ਨੇ ਕਿਹਾ ਹੈ ਕਿ ਅਣਉੱਚਿਤ ਢੰਗ ਨਾਲ ਮ੍ਰਿਤਕ ਦੇਹਾਂ ਮਿਲਣ ਉਪਰੰਤ ਮਾਮਲੇ ਦੀ ਗੰਭੀਰਤਾ ਦਾ ਪਤਾ ਲੱਗਾ ਹੈ। ਅਧਿਕਾਰੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਗੇ। ਕੇਲਰ ਨੇ ਹੋਰ ਕਿਹਾ ਕਿ ਮ੍ਰਿਤਕ ਦੇਹਾਂ ਨੂੰ ਪਛਾਣਨ ਲਈ ਕੁਝ ਮਹੀਨੇ ਲੱਗ ਸਕਦੇ ਹਨ ਕਿਉਂਕਿ ਇਸ ਵਾਸਤੇ ਉਂਗਲੀਆਂ ਦੇ ਨਿਸ਼ਾਨਾਂ ਦੀ ਜਾਂਚ ਕਰਨੀ ਪਵੇਗੀ ਜਾਂ ਡੀ ਐਨ ਏ ਰਾਹੀਂ ਪਤਾ ਲਾਉਣਾ ਪਵੇਗਾ। ਉਨਾਂ ਨੇ ਇਹ ਨਹੀਂ ਦੱਸਿਆ ਕਿ ਮ੍ਰਿਤਕ ਦੇਹਾਂ ਕਿਥੇ ਤੇ ਕਿਸ ਹਾਲਤ ਵਿਚ ਰਖੀਆਂ ਹੋਈਆਂ ਸਨ। ਕੇਲਰ ਨੇ ਕਿਹਾ ਕਿ ਇਹ ਵੀ ਅਜੇ ਸਪੱਸ਼ਟ ਨਹੀਂ ਹੈ ਕਿ ਇਨਾਂ ਮ੍ਰਿਤਕ ਦੇਹਾਂ ਨੂੰ ਦਫਨਾਉਣ ਜਾਂ ਅੰਤਿਮ ਸੰਸਕਾਰ ਲਈ ਰਖਿਆ ਗਿਆ ਸੀ।

# ਅਮਰੀਕਾ ਦੇ ਦੱਖਣੀ ਡਕੋਟਾ ਰਾਜ ਦੇ 6 ਨਬਾਲਗਾਂ ਨੇ ਜਬਰਜਨਾਹ ਦੇ ਮਾਮਲੇ ਵਿਚ ਆਪਣੇ ਆਪ ਨੂੰ ਦੱਸਿਆ ਬੇਗੁਨਾਹ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਰੈਪਿਡ ਸਿਟੀ ਵਿਚ ਜੂਨ ਵਿਚ ਇਕ ਬੇਸਬਾਲ ਟੂਰਨਾਮੈਂਟ ਦੌਰਾਨ 2 ਨਬਾਲਗ ਲੜਕੀਆਂ ਨਾਲ ਹੋਏ ਕਥਿੱਤ ਜਬਰਜਨਾਹ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਮਰੀਕਾ ਦੇ ਦੱਖਣੀ ਡਕੋਟਾ ਰਾਜ ਦੇ 6 ਨਬਾਲਗਾਂ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ। ਉਨਾਂ ਨੇ ਇਕ ਅਦਾਲਤ ਵਿਚ ਦਾਇਰ ਅਪੀਲ ਵਿਚ ਕਿਹਾ ਹੈ ਕਿ ਉਨਾਂ ਨੇ ਨਾ ਹੀ ਜਬਰਜਨਾਹ ਕੀਤਾ ਹੈ ਤੇ ਨਾ ਹੀ ਕਿਸੇ ਦੀ ਅਜਿਹਾ ਕਰਨ ਵਿਚ ਮੱਦਦ ਕੀਤੀ ਹੈ ਤੇ ਨਾ ਹੀ ਅਜਿਹਾ ਕਰਨ ਲਈ ਕਿਸੇ ਨੂੰ ਉਕਸਾਇਆ ਹੈ। ਸਟੇਟ ਅਟਾਰਨੀ ਦੇ ਦਫਤਰ ਅਨੁਸਾਰ ਦੋਨਾਂ ਪੀੜਤ ਕੁੜੀਆਂ ਦੀ ਉਮਰ 16 ਸਾਲ ਹੈ। ਪੈਨਿੰਗਟਨ ਕਾਊਂਟੀ ਦੀ ਅਦਾਲਤ ਦੇ ਦਸਤਾਵੇਜਾਂ ਅਨੁਸਾਰ 6 ਨਬਾਲਗਾਂ ਵਿਰੁੱਧ ਇਸ ਸਾਲ ਅਗਸਤ ਵਿਚ ਦੋਸ਼ ਪੱਤਰ ਦਾਇਰ ਕੀਤਾ ਗਿਆ ਸੀ। ਇਨਾਂ 6 ਨਬਾਲਗਾਂ ਵਿਚ ਹਡਸਨ ਹੇਲੇ (18), ਲਾਨਡਨ ਵਾਡੈਲ (19), ਪੇਅਟਨ ਮੰਡੇਲ (17), ਲਿਨਕੋਲਨ ਬੇਟਸ (18), ਕਾਰਟਰ ਮਿਲਰ (18) ਤੇ ਕਾਰਟਰ ਸਿਬਸਨ (17) ਸ਼ਾਮਿਲ ਹਨ।

# ਅਮਰੀਕਾ 'ਚ ਗੋਲੀਬਾਰੀ ਕਰਕੇ 29 ਲੋਕਾਂ ਨੂੰ ਜ਼ਖਮੀ ਕਰਨ ਵਾਲੇ ਵਿਅਕਤੀ ਨੂੰ ਹੋਈਆਂ 10 ਉਮਰ ਕੈਦਾਂ




ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਭੀੜ ਭੜਕੇ ਵਾਲੇ ਨਿਊ ਯਾਰਕ ਸਿਟੀ ਸਬਵੇਅ 'ਤੇ ਪਿਛਲੇ ਸਾਲ ਧੂੰਆਂ ਬੰਬ ਚਲਾਉਣ ਉਪਰੰਤ ਗੋਲੀਬਾਰੀ ਕਰਨ ਵਾਲੇ ਵਿਅਕਤੀ ਨੂੰ 10 ਉਮਰ ਕੈਦਾਂ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ 10 ਉਮਰ ਕੈਦਾਂ ਤੋਂ ਇਲਾਵਾ 10 ਸਾਲ ਹੋਰ ਵੀ ਸਜ਼ਾ ਸੁਣਾਈ ਗਈ ਹੈ। ਇਸ ਗੋਲੀਬਾਰੀ ਵਿਚ 29 ਲੋਕ ਜ਼ਖਮੀ ਹੋਏ ਸਨ। ਫਰੈਂਕ ਜੇਮਜ ਨਾਮੀ ਦੋਸ਼ੀ ਨੇ ਇਸ ਸਾਲ ਜਨਵਰੀ ਵਿਚ ਇਕ ਸੰਘੀ ਅਦਾਲਤ ਵਿਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਉਸ ਵਿਰੁੱਧ ਅਪ੍ਰੈਲ 2022 ਵਿਚ ਹੋਈ ਘਟਨਾ ਦੇ ਮਾਮਲੇ ਵਿਚ ਅੱਤਵਾਦੀ ਹਮਲਾ, ਹਿੰਸਾ ਫੈਲਾਉਣ ਤੇ ਅਗਨ ਸ਼ਸ਼ਤਰ ਦੀ ਵਰਤੋਂ ਸਬੰਧੀ 10 ਦੋਸ਼ ਆਇਦ ਕੀਤੇ ਗਏ ਸਨ। ਇਸਤਗਾਸਾ ਪੱਖ ਨੇ ਅਦਾਲਤ ਕੋਲੋਂ ਦੋਸ਼ੀ ਨੂੰ ਉਮਰ ਕੈਦ ਦੇਣ ਦੀ ਮੰਗ ਕੀਤੀ ਸੀ ਜਦ ਕਿ ਬਚਾਅ ਪੱਖ ਦੇ ਵਕੀਲ ਨੇ ਇਸ ਦਾ ਵਿਰੋਧ ਕਰਦਿਆਂ 18 ਸਾਲ ਸਜ਼ਾ ਦੇਣ ਦੀ ਮੰਗ ਕੀਤੀ ਸੀ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ


# ਵੱਡੇ ਭਰਾ ਦਾ ਅਸਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਕਰਨਲ ਬਖਸ਼ੀ ਥੋੜ੍ਹੇ ਗੁੱਸੇ ਵਿਚ ਕਹਿਣ ਲੱਗੇ, "ਇਹ ਕੀ ਕਰਰਿਹਾ ਹੈ?" ਮੈਂ ਕਿਹਾ ਸਰ ਜੇ ਇਕ ਭੱਜ ਗਿਆ ਤਾਂ ਇਥੇ ਕੋਈ ਵੀ ਨਹੀਂ ਰਹੇਗਾ। ਤੁਸੀਂ ਤੇ ਮੈਂ ਹੀ ਰਹਿ ਜਾਵਾਂਗੇ। ਜੇ ਮਰ ਗਏ ਤਾਂ ਵੀ ਲੋਕ ਬੇਵਕੂਫ ਕਹਿਣਗੇ। ਜੇ ਜਿੰਦਾ ਰਹੇ ਤਾਂ ਆਪਾਂ ਇਕੱਲੇ ਕਿਸ ਨਾਲ ਲੜਾਂਗੇ। ਮੈਨੂੰ ਉਹ ਮੇਰੀ ਗੱਲ ਨਾਲ ਸਹਿਮਤ ਲੱਗੇ। ਖੈਰ ਮੈਂ ਬੰਡੋਲੀਅਰ ਲੈ ਕੇ ਫਰੰਟ ਪੁਜੀਸ਼ਨ ਵਿਚ ਪਹੁੰਚਿਆ ਤੇ ਸਿਪਾਹੀਆਂ ਨੂੰ ਬੰਡੋਲੀਅਰ ਦੇ ਦਿੱਤੇ॥ ਬੰਡੋਲੀਅਰ ਸਿਪਾਹੀਆਂ ਵਿਚ ਵੰਡੇ। ਜਵਾਨ ਕਹਿਣ ਲੱਗੇ ਸਰ ਇਹ ਗੋਲੀ ਰਾਈਫਲ ਗਨ ਵਿਚ ਮੇਚ ਨਹੀਂ ਆਉਂਦੀ। ਗੱਲ ਅਸਲ ਵਿਚ ਇਹ ਸੀ ਕਿ ਅਸੀਂ ਪੁਰਾਣੇ ਅਸਲੇ ਤੇ ਸੀ। ਪੁਰਾਣਾ ਅਸਲਾ 303 ਸੀ ਤੇ ਨਵਾਂ ਅਸਲਾ 7.62 ਸੀ। ਫੋਰਮਾਊਂਟੈਨ ਡਵੀਜ਼ਨ ਜਿਸ ਵਿਚ ਅਸੀਂ ਹੁਣੇ ਆਏ ਸੀ ਉਸ ਕੋਲ ਪਹਿਲਾਂ ਹੀ ਨਵਾਂ ਅਸਲਾ ਸੀ। ਬੇਬਸੀ ਦੀ ਹਾਲਤ ਪੈਦਾ ਹੋ ਗਈ। ਹਥਿਆਰ ਤਾਂ ਸੀ ਪਰ ਅਸਲਾ ਨਹੀਂ ਸੀ। ਮੇਰੇ ਨੇੜੇ ਬੈਠੇ ਭੀਮ ਸੈਨ ਮੌਰੇ ਨੇ ਕਿਹਾ ਕਿ ਸਰ ਹੁਣ ਆਪਾਂ ਕੀ ਕਰ ਸਕਦੇ ਹਾਂ। ਉਹ ਕਹਿਣ ਲੱਗਾ ਕਿ ਆਪਾਂ ਪਿੱਛੇ ਚੱਲਦੇ ਹਾਂ। ਮੈਂ ਉਸ ਦੀ ਗੱਲ ਤੇ ਵਿਚਾਰ ਕੀਤੀ। ਇਕ ਦੋ ਮਿੰਟ ਵਿਚਾਰ ਕਰਕੇ ਉਨ੍ਹਾਂ ਨੂੰ ਦੱਸਿਆ ਕਿ ਸਾਡੀ ਜਗ੍ਹਾ ਇਹੀ ਹੈ। ਤੁਸੀਂ ਰੱਬ ਦਾ ਨਾਂ ਲਓ ਤੇ ਰਾਈਫਲਾਂ ਕੇ ਬੈਨਟਲਗਾ ਕੇ ਲੜਣ ਲਈ ਤਿਆਰ ਹੋ ਜਾਵੋ। ਉਨ੍ਹਾਂ ਦੋ ਕੁ ਮਿੰਟਾਂ ਵਿਚ ਮੈਂ ਜੋ ਸੋਚਿਆ ਉਹ ਇਹ ਸੀ:-

ਸਭ ਤੋਂ ਪਹਿਲਾਂ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਆਈ, ਕਿ ਉਹ ਮੇਰੇ ਬਾਰੇ ਕੀ ਸੋਚਣਗੇ। ਖਾਲਸੇ ਨੂੰ ਤਾਂ ਮੈਂ ਸਵਾ ਲੱਖ ਸੇ ਏਕ ਲੜਾਊਂ ਦਾ ਅਹਿਸਾਸ ਕਰਵਾਇਆ ਸੀ ਇਹ ਵੀ ਮੇਰਾ ਖਾਲਸਾ ਹੈ ਤੇ ਇਹ ਜਾਨ ਬਚਾਉਣ ਵਾਸਤੇ ਕਿੱਧਰ ਜਾ ਰਿਹਾ ਹੈ।

ਫਿਰ ਮੈਨੂੰ ਮੇਰੀ ਮਾਤਾ ਜੀ ਦੀ ਯਾਦ ਆਈ। ਜਿਹਨਾਂ ਨੇ ਲੜਾਈ ਵਿਚ ਜਾਣ ਤੋਂ ਪਹਿਲਾਂ ਮੈਨੂੰ ਪਿੰਡ ਦੁਗਾਲ ਦੇ ਬੱਸ ਅੱਡੇ ਤੇ ਕਿਹਾ ਸੀ, "ਕਾਕਾ ਦੁੱਖ ਸੁੱਖ ਬੰਦਿਆਂ 'ਤੇ ਹੀ ਆਉਂਦੇ ਹਨ। ਚੰਗੀ ਤਰ੍ਹਾਂ ਕੰਮ ਕਰਨਾ ਹੈ।" ਇਸ ਗੱਲ ਤੇ ਮੈਂ ਜਵਾਬ ਦਿੱਤਾ ਸੀ ਕਿ ਮਾਤਾ ਜੀ ਮੈਂ ਤੁਹਾਡੇ ਦੁੱਧ ਦੀ ਲਾਜ ਰੱਖਾਂਗਾ ਤੇ ਨਾਲ ਹੀ ਮੈਂ ਕਿਹਾ ਸੀ, "ਜੇ ਲੜਾਈ ਵਿਚ ਮੇਰਾ ਕੋਈ ਨੁਕਸਾਨ ਹੁੰਦਾ ਹੈ ਤਾਂ ਤੁਸੀਂ ਪਿੰਡ ਵਿਚ ਬਹਾਦਰੀ ਨਾਲ ਵਿਚਰਨਾ ਹੈ ਤੇ ਚੀਚੀਂ ਨਹੀਂ ਕਰਨੀ।" ਲੋਕ ਕਹਿਣਗੇ ਪਹਿਲਾਂ ਤਾਂ ਮੇਜਰਨੀ ਬੜੇ ਹੌਸਲੇ ਵਿਚ ਸੀ।




ਫਿਰ ਮੈਨੂੰ ਆਪਣੇ ਪਿਤਾ ਜੀ ਦੀ ਯਾਦ ਆਈ। ਪਿਤਾ ਜੀ ਦਾ ਨੇਕ ਅਤੇ ਚੰਗਾ ਸੁਭਾਅ ਹੋਣ ਕਰਕੇ ਪਿੰਡ ਵਿਚ ਉਨ੍ਹਾਂ ਦਾ ਬਹੁਤ ਮਾਣ ਸੀ। ਸਾਡਾ ਪਿੰਡ ਵੱਡਾ ਹੋਣ ਕਰਕੇ ਸਾਡੇ ਖੇਤ ਪਿੰਡ ਤੋਂ ਤਿੰਨ ਚਾਰ ਕਿਲੋਮੀਟਰ ਦੂਰ ਵੀ ਸਨ। ਜਦ ਵੀ ਪਿਤਾ ਜੀ ਖੇਤ ਤੋਂ ਆਉਂਦੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਕੁਝ ਸਮਾਂ ਰੁਕਦੇ ਸਨ। ਗੁਰਦੁਆਰਾ ਸਾਹਿਬ ਦੇ ਸਾਹਮਣੇ ਇਕ ਬਹੁਤ ਵੱਡਾ ਬੋਹੜ ਦਾ ਦਰਖਤ ਸੀ ਉਸ ਹੇਠਾਂ ਉਚਾ ਚੌਂਤਰਾ ਬਣਿਆ ਸੀ। ਚੌਂਤਰੇ ਤੇ ਕੁਝ ਵਿਅਕਤੀ ਬੈਠੇ ਰਹਿੰਦੇ, ਕੁਝ ਸੁਤੇ ਰਹਿੰਦੇ ਤੇ ਕੁਝ ਤਾਸ਼ ਆਦਿ ਖੇਡਦੇ ਰਹਿੰਦੇ। ਮੈਨੂੰ ਮਹਿਸੂਸ ਹੋਇਆ ਕਿ ਲੋਕੀ ਪਿਤਾ ਜੀ ਨੂੰ ਕਹਿ ਰਹੇ ਹਨ, "ਮੇਜਰ ਸਾਹਿਬ ਤੁਸੀਂ ਤਾਂ ਤੱਕੜੇ ਸੀ ਬਹਾਦਰ ਸੀ। ਕਾਕਾ ਅਮਰਜੀਤ ਸਿੰਘ ਕੁਝ ਕਮਜ਼ੋਰੀ ਦਿਖਾ ਗਿਆ ਹੈ। ਇਹ ਸੋਚ ਕੇ ਮੈਨੂੰ ਅਹਿਸਾਸ ਹੋਇਆ ਕਿ ਪਿਤਾ ਜੀ ਦਾ ਇਹ ਸੁਣ ਕੇ ਸਿਰ ਸ਼ਰਮ ਨਾਲ ਝੁਕ ਗਿਆ।"

ਮਨ ਵਿਚੋਂ ਆਵਾਜ਼ ਆਈ ਇੰਨੇ ਚੰਗਾ ਮਾਤਾ ਪਿਤਾ ਦੇ ਘਰ ਨੌ ਬੱਚਿਆਂ ਨੇ ਜਨਮ ਲਿਆ ਹੈ। ਅਸੀਂ ਉਹਨਾਂ ਦੀ ਇਜ਼ਤ ਵਧਾਉਣੀ ਹੈ ਨਾ ਕਿ ਉਨ੍ਹਾਂ ਨੂੰ ਸ਼ਰਮ ਨਾਲ ਡੋਬਣਾ ਹੈ। ਮੈਂ ਸੋਚਿਆ ਕਿ ਮੈਂ ਅੱਜ ਇਜ਼ਤ ਨਾਲ ਮਰਨਾ ਹੈ ਅਤੇ ਇਜ਼ਤ ਵਾਲੀ ਜਗ੍ਹਾ ਇਹੀ ਹੈ। ਇੰਨੇ ਵਿਚ ਮੈਂ ਟਰੁਪਸ ਨੂੰ ਕਿਹਾ ਥੋੜ੍ਹਾ ਸਮਾਂ ਰਹਿ ਗਿਆ ਹੈ, ਰੱਬ ਦਾ ਨਾਂ ਲਓ ਤੇ ਜਦੋਂ ਦੁਸ਼ਮਣ ਆਏਗਾ ਤੇ ਜਦੋਂ ਉਹ 20 ਕੁ ਫੁੱਟ ਦੀ ਦੂਰੀ ਤੇ ਹੋਵੇਗਾ ਅਸੀਂ ਸਾਰੇ ਬੈਨਟਾਂ ਨਾਲ ਨਿਕਲਾਂਗੇ ਤੇ ਉਨ੍ਹਾਂ ਤੇ ਹਮਲਾ ਕਰ ਦੇਵਾਂਗੇ। ਜਦੋਂ ਦੁਸ਼ਮਣ ਦੇ ਸਾਹਮਣੇ ਜਾ ਕੇ ਅਸੀਂ ਮਾਹਰ ਰੈਜੀਮੈਂਟ ਦਾ ਨਾਅਰਾ ਲਾਵਾਂਗੇ ਤਾਂ ਦੁਸ਼ਮਣ ਕੁਝ ਮਿੰਟਾਂ ਵਿਚ ਭਜ ਜਾਵੇਗਾ ਅਤੇ ਸਾਡੀ ਜਿੱਤ ਹੋਵੇਗੀ।

ਮੈਂ ਇੰਨੀ ਗੱਲ ਕਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਦਾਸ ਕੀਤੀ, "ਮਹਾਰਾਜ ਮੈਂ ਹੁਣ ਮਰਨ ਲਈ ਤਿਆਰ ਹਾਂ ਪਰ ਮੇਰੀ ਮੌਤ ਗੋਲੀ ਨਾਲ ਹੋਵੇ।" ਮੈਂ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਉਸ ਵੇਲੇ ਮੈਨੂੰ ਸਿਰਫ ਜਪੁਜੀ ਸਾਹਿਬ ਦੀਆਂ 15 ਪਉੜੀਆਂ ਹੀ ਯਾਦ ਸਨ। ਦੁਸ਼ਮਣ ਅੱਗੇ ਨਾ ਵਧਿਆ। ਸਾਡੇ ਇਰਾਦੇ ਬੁਲੰਦ ਸਨ। ਅਸੀਂ ਮਰਨਾ ਧਾਰ ਲਿਆ ਸੀ। ਮੈਂ ਟਰੁਪਸ ਨੂੰ ਕਿਹਾ ਕਿ ਛਾਤੀ ਅੱਗੇ ਕਰ ਕੇ ਦੁਸ਼ਮਣ ਨੂੰ ਹੱਸ ਕੇ ਦਿਖਾਓ ਤਾਂ ਕਿ ਦੁਸ਼ਮਣ ਨੂੰ ਸਮਝ ਨਾ ਆਵੇ ਕਿ ਕੀ ਹੋ ਰਿਹਾ ਹੈ। ਮੇਰੇ ਜਵਾਨਾਂ ਨੇ ਕਿਹਾ, "ਸਰ ਹੱਸਣਾ ਬਹੁਤ ਔਖਾ ਹੈ। ਮੈਂ ਕਿਹਾ ਕਿ ਰੋ ਕੇ ਵੀ ਦੁਸ਼ਮਣ ਨਹੀਂ ਛੱਡੇਗਾ। ਇਸ ਲਈ ਬਹਾਦਰੀ ਨਾਲ ਵਿਚਰਨਾ ਹੀ ਯੋਧਿਆਂ ਵਾਲੀ ਗੱਲ ਹੈ।"

ਤਕਰੀਬਨ 5 ਕੁ ਵਜੇ ਸਾਡੇ ਦੋ ਟੈਂਕ ਸਾਡੀ ਮਦਦ ਲਈ ਆਏ। ਉਨ੍ਹਾਂ ਨੇ ਸਾਡੇ ਤੋਂ ਦੁਸ਼ਮਣ ਬਾਰੇ ਪੁੱਛਿਆ। ਮੈਂ ਇਸ਼ਾਰੇ ਨਾਲ ਦੱਸਿਆ ਕਿ ਸਾਹਮਣੇ ਬੈਠਾ ਹੈ, ਪਰ ਉਹ ਸਾਡੀ ਦਿੱਖ ਤੋਂ ਬਾਹਰ ਸੀ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਨਿਤਨੇਮ ਦੀਆਂ ਪੰਜ ਬਾਣੀਆਂ ਹਨ-ਜਪੁ, ਜਾਪੁ, ਸਵੱਯੇ, ਸੋ ਦਰੁ ਰਹਰਾਸਿ ਅਤੇ ਸੋਹਿਲਾ ਹਨ। ਉਥੇ ਅੰਮ੍ਰਿਤ ਸੰਚਾਰ ਦੀਆਂ ਵੀ ਪੰਜ ਬਾਣੀਆਂ-ਜਪੁ, ਜਾਪ, ਸਵੱਯੇ, ਚੌਪਈ ਅਤੇ ਅਨੰਦ ਸਾਹਿਬ ਹਨ। ਇਨ੍ਹਾਂ ਵਿਚ ਥੋੜ੍ਹਾ ਅੰਤਰ ਹੈ।

ਪੰਜਾਬੀ ਯੂਨੀਵਰਸਿਟੀ ਵਲੋਂ ਛਪੀ ਹਵਾਲਾ ਪੁਸਤਕ ਪੰਜਾਬੀ ਸਾਹਿਤ ਕੋਸ਼ ਵਿਚ ਵੀ ਅੰਕਤ ਹੈ :

"ਪੰਜ ਬਾਣੀਆਂ ਵੀ ਸਿੱਖ ਧਰਮ ਵਿਚ ਦੋ ਪ੍ਰਕਾਰ ਦੀਆਂ ਗਿਣੀਆਂ ਜਾਂਦੀਆਂ ਹਨ। ਇਕ ਨਿਤਨੇਮ ਦੀਆਂ ਬਾਣੀਆਂ, ਦੂਜੀਆਂ ਅੰਮ੍ਰਿਤ ਦੀਆਂ ਬਾਣੀਆਂ। ਨਿਤਨੇਮ ਦੀਆਂ ਪੰਜ ਬਾਣੀਆਂ ਵਿਚ ਆਮ ਕਰਕੇ 'ਜਪੁ', 'ਜਾਪ' ਅਤੇ 'ਸਵੈਯੇ' ਸਵੇਰੇ ਵੇਲੇ, 'ਰਹਿਰਾਸ' ਸ਼ਾਮ ਸਮੇਂ ਅਤੇ 'ਸੋਹਿਲਾ' ਰਾਤ ਸੌਣ ਸਮੇਂ ਦੀਆਂ ਬਾਣੀਆਂ ਹਨ।"

"ਪਰ ਜਿਨ੍ਹਾਂ 'ਪੰਜ ਬਾਣੀਆਂ" ਦੀਆਂ ਗਿਣਤੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਪੱਕੇ ਤੌਰ 'ਤੇ 'ਪੰਜ' ਚਲੀ ਆ ਰਹੀ ਹੈ, ਉਹ ਅੰਮ੍ਰਿਤ ਦੀਆਂ ਬਾਣੀਆਂ ਹਨ ਜੋ ਅੰਮ੍ਰਿਤ ਛਕਾਉਣ ਸਮੇਂ ਪੜ੍ਹੀਆਂ ਜਾਂਦੀਆਂ ਹਨ, ਜਿਵੇਂ 'ਜਪੁ' (ਗੁਰੂ ਨਾਨਕ), 'ਜਾਪ' (ਗੁਰੂ ਨਾਨਕ), 'ਜਾਪ' (ਗੁਰੂ ਗੋਬਿੰਦ ਸਿੰਘ), 'ਸਵੈਯੇ' (ਸ੍ਰਾਵਗ ਸੁਧ ਸਮੂਹ-ਗੁਰੂ ਗੋਬਿੰਦ ਸਿੰਘ), ਚੌਪਈ (ਹਮਰੀ ਕਰੋ ਹਾਥ ਦੇ ਰੱਛਾ-ਗੁਰੂ ਗੋਬਿੰਦ ਸਿੰਘ) ਅਤੇ ਅਨੰਦੁ (ਗੁਰੂ ਅਮਰਦਾਸ ਜੀ)।"


(ਪੰਜਾਬੀ ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪੰਨਾ ੭੦੫)

ਨਿਤਨੇਮ ਦੀਆਂ ਪੰਜ ਬਾਣੀਆਂ ਸ਼ੁਰੂ ਤੋਂ ਹੀ ਨਿਸਚਿਤ ਹਨ ਪਰ ਵੱਡੀ ਗਿਣਤੀ ਵਿਚ ਪ੍ਰੇਮੀ ਜਨ ਅੰਮ੍ਰਿਤ ਵੇਲੇ ਦੇ ਨਿਤਨੇਮ ਵਿਚ ਜਪੁ ਜੀ ਸਾਹਿਬ, ਜਾਪ ਸਾਹਿਬ ਅਤੇ ਸਵੱਯੇ ਦੇ ਨਾਲ ਨਾਲ ਅੰਮ੍ਰਿਤ ਸੰਚਾਰ ਵਾਲੀਆਂ ਦੋ ਬਾਣੀਆਂ ਸਵੱਯੇ ਅਤੇ ਚੌਪਈ ਸਾਹਿਬ ਦਾ ਪਾਠ ਵੀ ਕਰਦੇ ਹਨ। ਇਸ ਦੇ ਨਾਲ ਹੀ ਕਈ ਆਸਾ ਕੀਵਾਰ, ਚੰਡੀ ਦੀ ਵਾਰ ਜਾਂ ਸੁਖਮਨੀ ਸਾਹਿਬ ਦਾ ਪਾਠ ਵੀ ਕਰਦੇ ਹਨ। ਇਸ ਤਰ੍ਹਾਂ ਪੰਜ ਦੀ ਬਜਾਇ ਸੱਤ ਜਾਂ ਅੱਠ ਬਾਣੀਆਂ ਦਾ ਪਾਠ ਨੇਮ ਨਾਲ ਕਰਦੇ ਹਨ।

ਓਪਰੀ ਨਜ਼ਰੇ ਵੇਖਿਆਂ ਇਸ ਵਿਚ ਕੁਝ ਫ਼ਰਕ ਮਹਿਸੂਸ ਹੁੰਦਾਹੈ ਪਰ ਜੇ ਜ਼ਰਾ ਗਹੁ ਨਾਲ ਵਿਚਾਰੀਏ ਤਾਂ ਇਹ ਕੋਈ ਐਸਾ ਮੁੱਦਾ ਨਹੀਂ ਹੈ ਜਿਸ ਨਾਲ ਕੋਈ ਦੁਬਿਧਾ ਪੈਦਾ ਹੁੰਦੀ ਹੋਵੇ। ਸਿੱਖ ਰਹਿਤ ਮਰਯਾਦਾ ਦੇ ਅੰਮ੍ਰਿਤ ਸੰਸਕਾਰ ਵਾਲੇ ਅਧਿਆਇ ਦੀ ਮੱਦ (ਟ) ਵਿਚ ਹੀ ਸਿੱਖ ਲਈ ਆਦੇਸ਼ ਅੰਕਿਤ ਹੈ, ਪਰ ਰੋਜ਼ ਘੱਟ ਤੋਂ ਘੱਟ ਇਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਸੁਣਨਾ : ਜਪੁ, ਜਾਪੁ, 10 ਸਵੱਯੇ ('ਸ੍ਰਾਵਗ ਸੁਧ' ਵਾਲੇ), ਸੋ ਦਰੁ ਰਹਿਰਾਸ ਤੇ ਸੋਹਿਲਾ। ਇਸ ਸਿੱਖ ਸਿੱਖ ਨੂੰ ਘੱਟ ਤੋਂ ਘੱਟ ਉਕਤ ਬਾਣੀਆਂ ਦਾ ਪਾਠ ਕਰਨ ਦੀ ਤਾਕੀਦ ਹੈ। ਇਨ੍ਹਾਂ ਹੀ ਬਾਣੀਆਂ ਦਾ ਨਹੀਂ ਬਲਕਿ ਇਨ੍ਹਾਂ ਬਾਣੀਆਂ ਦਾ ਵੀ ਪਾਠ ਕਰਨ ਦਾ ਹੁਕਮ ਹੈ। ਹੁਣ ਜੋ ਗੁਰਸਿੱਖ ਨਿਤਨੇਮ ਦੇ ਇਲਾਵਾ ਹੋਰ ਬਾਣੀਆਂ ਦਾ ਪਾਠ ਕਰਦੇ ਹਨ ਉਹ ਮੁਬਾਰਕ ਹਨ। ਇਸ ਵਿਚ ਨਿਤਨੇਮ ਦੀ ਮਰਯਾਦਾ ਦੀ ਕੋਈ ਉਲੰਘਣਾ ਨਹੀਂ ਕਹੀ ਜਾ ਸਕਦੀ। ਇਸ ਤਰ੍ਹਾਂ ਪੰਥਕ ਮਰਯਾਦਾ ਮੁਤਾਬਕ ਨਿਤਨੇਮ ਦੀਆਂ ਬਾਣੀਆਂ ਬਾਰੇ ਕੋਈ ਦੁਬਿਧਾ ਨਹੀਂ ਰਹਿ ਜਾਂਦੀ।

ਪੰਜ ਬਾਣੀਆਂ :

ਹਾਲਾਂਕਿ 1936 ਵਿਚ ਸਿੱਖ ਰਹਿਤ ਮਰਯਾਦਾ ਦੀ ਪ੍ਰਵਾਨਗੀ ਸਮੇਂ ਪੰਥਕ ਤੌਰ 'ਤੇ ਨਿਤਨੇਮ ਦੀਆਂ ਇਨ੍ਹਾਂ ਪੰਜ ਬਾਣੀਆਂ ਦਾ ਜ਼ਿਕਰ ਕਈ ਥਾਂ ਆਇਆ ਹੈ। ਇਸ ਦੇ ਨਾਲ ਹੀ ਨਿਤਨੇਮ ਦੀਆਂ ਪੰਜ ਬਾਣੀਆਂ ਬਾਰੇ ਇਸ ਤੋਂ ਪਹਿਲਾਂ ਵੀ ਸਮੇਂ ਸਮੇਂ ਸਿਰ ਵਿਚਾਰ ਹੁੰਦੀ ਰਹੀ ਹੈ। ਰਹੁ-ਰੀਤ ਕਮੇਟੀ ਦੀ ਇਕੱਤਰਤਾ ਵਿਚ ਵੀ ਇਸ ਬਾਰੇ ਵਿਚਾਰ ਸੀ ਕਿ ਅਨੰਦ ਸਾਹਿਬ ਦਾ ਪਾਠ ਸਵੇਰ ਦੇ ਨਿਤਨੇਮ ਨਾਲ ਕੀਤਾ ਜਾਏ ਜਾਂ ਸ਼ਾਮ ਸਮੇਂ।




1910-1915 ਵਿਚ ਚੀਫ਼ ਖਾਲਸਾ ਦੀਵਾਨ ਵਲੋਂ ਪ੍ਰਕਾਸ਼ਤ ਗੁਰਮਤਿ ਪ੍ਰਕਾਸ਼ ਭਾਗ ਸੰਸਕਾਰ ਦੇ ਪੰਨਾ 26 'ਤੇ ਨਿਤਨੇਮ ਦੀਆਂ ਪੰਜ ਬਾਣੀਆਂ ਅੰਕਤ ਸਨ, 'ਇਤਨੀਆਂ ਬਾਣੀਆਂ ਦਾ ਘੱਟ ਤੋਂ ਘੱਟ ਰੋਜ਼ ਪਾਠ ਕਰਨਾ : - 'ਜਪੁ, ਜਾਪੁ, ਸ੍ਵੈਯੇ, ਰਹਿਰਾਸ, ਸੋਹਲਾ।'

1931 ਵਿਚ ਗਿਆਨੀ ਅਮਨ ਸਿੰਘ ਧਣੋਂ ਵਲੋਂ ਰਹਿਤ ਮਰਯਾਦਾ ਬਾਰੇ ਇਕ ਪੁਸਤਕ ਖ਼ਾਲਸਾ ਸੰਸਕਾਰ ਪ੍ਰਕਾਸ਼ ਲਿਖੀ ਗਈ। ਇਸ ਵਿਚ ਵੀ ਨਿਤਨੇਮ ਦੀਆਂ ਪੰਜ ਬਾਣੀਆਂ ਇਸ ਤਰ੍ਹਾਂ ਅੰਕਤ ਕੀਤੀਆਂ ਹਨ:

ਨਿਤਨੇਮ ਦੀ ਬਾਣੀ : ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰਕੇ ਪੰਜੇ ਬਾਣੀਆਂ ਦਾ ਨਿਤਨੇਮ ਕਰਨਾ।

ਅੰਮ੍ਰਿਤ ਵੇਲੇ - ਜਪੁਜੀ, ਜਾਪ, ਸੁਧਾ 10 ਸ੍ਵਈਏ, ਚੌਪਈ, ਅਨੰਦ ਸਾਹਿਬ।

ਸ਼ਾਮ ਨੂੰ (ਸੋਦਰ) ਰਹਿਰਾਸ।

ਸੌਣ ਲਗਿਆਂ-ਕੀਰਤਨ ਸੋਹਿਲਾ।

(ਖਾਲਸਾ ਸੰਸਕਾਰ ਪ੍ਰਕਾਸ਼, ਗਿਆਨੀ ਅਮਰ ਸਿੰਘ ਧਣੋਂ, ਪੰਨਾ ੬੦)

ਪੁਰਾਤਨ ਸਮਿਆਂ ਵਿਚ ਹਾਲਾਂਕਿ ਸਿੰਘ ਬਾਣੀ ਦਾ ਬਹੁਤ ਅਭਿਆਸ ਕਰਦੇ ਸਨ ਪਰਰਹਿਤਨਾਮਿਆਂ ਵਿਚ ਅੰਮ੍ਰਿਤ ਵੇਲੇ ਦੀਆਂ ਨਿਤਨੇਮ ਦੀਆਂ ਬਾਣੀਆਂ ਵਿਚ ਜਪੁ ਜੀ ਸਾਹਿਬ ਅਤੇ ਜਾਪੁ ਸਾਹਿਬ ਦਾ ਹੀ ਜ਼ਿਕਰ ਹੈ।

ਬਿਨਾ ਜਪੁ ਜਾਪੁ ਜਪੇ, ਜੋ ਜੇਵਹਿ ਪ੍ਰਸਾਦਿ
ਸੋ ਬਿਸਟਾ ਕਾ ਕਿਰਮ ਹੁਇ, ਜਨਮ ਗਵਾਵੈ ਬਾਦ॥ ੧੩॥

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਪੰਨਾ ੬੫)

ਗੁਰਸਿਖ ਰਹਿਤ ਸੁਨਹੁ ਮੇਰੇ ਮੀਤ। ਉਠਿ ਪ੍ਰਭਾਤ ਕਰੇ ਹਿਤ ਚੀਤ।
ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰ ਇਸਨਾਨ ਪੜ੍ਹੇ ਜਪੁ ਜਾਪੁ।੧।

(ਰਹਿਤਨਾਮਾ ਭਾਈ ਨੰਦ ਲਾਲ, ਪੰਨਾ ੫੫)

ਜਪੁਜੀ ਜਾਪੁ ਪੜ੍ਹੇ ਚਿਤ ਲਾਇ।
ਸੋ ਸਿਖ ਮੇਰਾ ਰੂਪ ਪਹਿਚਾਨ। (ਉਹੀ)
ਪਠਿ ਜਪ ਜਾਪੁ ਨਾਮੁ ਗੁਰ ਲੇਇ।
'ਤਵਪ੍ਰਸਾਦਿ' ਕਹਿ ਕਰਿ ਅਚਵੇਇ।

(ਚਲਦਾ)

# ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਵਲੋਂ 16 ਅਕਤੂਬਰ ਤੋਂ ਨਸ਼ਿਆਂ ਵਿਰੁੱਧ 'ਨਸ਼ੇ ਛੱਡੋ ਕੋਹੜ ਕੱਢੋ' ਮੁਹਿੰਮ ਸ਼ੁਰੂ ਕੀਤੀ ਕਰੇਗੀ : ਚੇਅਰਮੈਨ ਭੋਮਾ

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਪੰਜਾਬ ਤੇ ਪੰਥ ਹਿਤੈਸ਼ੀਆਂ ਦੀ ਨਸ਼ਿਆ ਵਿਰੁੱਧ ਬੁਲਾਈ ਗਈ ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰੰਸ ਵਿੱਚ ਐਲਾਨ ਕਰਦਿਆਂ ਕਿਹਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਵਲੋਂ ਧਰਮ ਜਾਗਰੂਕਤਾ ਲਹਿਰ ਅਧੀਨ ਸ਼ੁਰੂ ਕੀਤੀ ਗਈ ਮੁਹਿੰਮ ਜਿਸ ਵਿੱਚ ਪੰਜਾਬ ਵਿੱਚ ਧਰਮ ਪਰਿਵਰਤਨ ਦੇ ਮੁੱਦੇ ਨੂੰ ਵੱਡੇ ਪੱਧਰ ਤੇ ਠੱਲ ਪਾਉਣ ਤੋਂ ਬਾਅਦ ਹੁਣ ਅਗਲੇ ਪੜਾਅ ਵਜੋਂ ਪੰਜਾਬ ਵਿੱਚ ਨਸ਼ਿਆਂ ਦੇ ਵੱਗ ਰਹੇ ਛੇਵੇਂ ਦਰਿਆ ਨੂੰ ਠੱਲ ਪਾਉਣ ਲਈ ਅਤੇ ਪੰਜਾਬ ਤੇ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ 'ਨਸ਼ੇ ਛੱਡੋ ਕੋਹੜ ਵੱਢੋ' ਮੁਹਿੰਮ ਅਧੀਨ 16 ਅਕਤੂਬਰ 2023 ਨੂੰ ਦਿਨ ਸੋਮਵਾਰ ਸਮਾਂ 10 ਤੋਂ ਇੱਕ ਵਜੇ ਤੱਕ ਗੁਰੂ ਅੰਗਦ ਦੇਵ ਪਬਲਿਕ ਸਕੂਲ ਚਮਿਆਰੀ ਵਿਖੇ ਨਸ਼ਿਆਂ ਵਿਰੁੱਧ ਗੁਰਮਤਿ ਦੀ ਰੋਸ਼ਨੀ ਵਿੱਚ 'ਨਸ਼ੇ ਛੱਡੋ ਕੋਹੜ ਵੱਢੋ' ਜਾਗਰੂਕਤਾ ਲਹਿਰ ਸ਼ੁਰੂ ਕੀਤੀ ਜਾਵੇਗੀ। ਉਹਨਾਂ ਸਪੱਸ਼ਟ ਕੀਤਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਸ਼ਿਆਂ ਵਿਰੁੱਧ ਮੁਹਿੰਮ ਸਰਬਸਾਂਝੀਂ ਹੋਵੇਗੀ। ਇਹ ਮੁਹਿੰਮ ਨਾ ਕਿਸੇ ਵਿਰੁੱਧ ਹੋਵੇਗੀ ਨਾ ਹੀ ਕਿਸੇ ਦੀ ਹਮਾਇਤ ਵਿੱਚ ਹੋਵੇਗੀ। ਇਸ ਮੁਹਿੰਮ ਵਿੱਚ ਹਰ ਸਿਆਸੀ ਪਾਰਟੀ ਦੇ ਲੋਕ ਸਿਆਸੀ ਵੱਖਰੇਵਿਆਂ ਤੋਂ ਉੱਪਰ ਉੱਠ ਕੇ ਤੇ ਹਰ ਧਰਮ ਦੇ ਲੋਕ ਸ਼ਾਥ ਦੇਣ। ਉਨ੍ਹਾਂ ਹਰ ਧਰਮ ਦੇ ਸੰਤਾਂ ਮਹਾਪੁਰਸ਼ਾਂ, ਸਮਾਜ ਸੇਵੀ ਸ਼ਖ਼ਸੀਅਤਾਂ, ਧਾਰਮਿਕ ਜਥੇਬੰਦੀਆਂ, ਐਨ ਜੀ ਓ ਪੰਥਕ ਜਥੇਬੰਦੀਆਂ, ਧਾਰਮਿਕ ਸੰਪਰਦਾਵਾਂ, ਕਿਸਾਨ ਜਥੇਬੰਦੀਆਂ, ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨਾਂ, ਸਤਿਕਾਰ ਕਮੇਟੀਆਂ, ਸੇਵਾ ਸੁਖਮਨੀ ਸੁਸਾਇਟੀਆਂ, ਗ੍ਰੰਥੀ ਸਿੰਘਾਂ, ਕਥਾਵਾਚਕਾਂ, ਰਾਗੀ, ਢਾਡੀ, ਕਵੀਸ਼ਰ, ਸਿੱਖ ਪ੍ਰਚਾਰਕ, ਗੀਤਕਾਰ ਤੇ ਗਾਇਕ, ਗਾਇਕਾਵਾਂ ਪੰਜਾਬ ਤੇ ਪੰਥ ਹਿਤੈਸ਼ੀ ਸ਼ਖ਼ਸੀਅਤਾਂ ਪੰਜਾਬ ਤੇ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਜੋ ਵੀ ਢਾਡੀ ਤੇ ਕਵੀਸ਼ਰ ਜਥੇ, ਗੀਤਕਾਰ ਤੇ ਗਾਇਕ, ਗਾਇਕਾਵਾਂ ਨਸ਼ਿਆਂ ਵਿਰੁੱਧ ਗੀਤ ਲਿਖਣਗੇ ਤੇ ਗਾਉਣਗੇ ਉਹਨਾਂ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਢੁਕਵਾਂ ਸਨਮਾਨ ਕਰੇਗੀ। ਉਹਨਾਂ ਕਿਹਾ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਨੇ ਖਾ ਲਿਆ ਹੈ। ਘਰ ਘਰ ਨਸ਼ਿਆਂ ਦੀ ਹੋਮ ਡਲਿਵਰੀ ਹੋਣ ਲੱਗ ਪਈ ਹੈ। ਪੰਜਾਬ ਦਾ ਕੋਈ ਅਜਿਹਾ ਪਿੰਡ ਨਹੀਂ ਬਚਿਆ ਜਿਥੇ ਨੌਜਵਾਨ ਪੁੱਤਾਂ ਦੀਆਂ ਮੌਤਾਂ ਨਾ ਹੋਈਆਂ ਹੋਣ।



ਉਹਨਾਂ ਕਿਹਾ ਪੰਜਾਬ ਦੇ ਲੋਕ ਇਹ ਕਿੰਨੀ ਦੇਰ ਤੱਕ ਬਰਦਾਸ਼ਤ ਕਰਨਗੇ ਹੁਣ ਪਾਣੀ ਸਿਰ ਤੋਂ ਲੰਘ ਤੁਰਿਆਂ ਹੈ ਹੁਣ ਪੰਜਾਬ ਦੇ ਅਣਖੀ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਇੱਕ ਲਹਿਰ ਖੜ੍ਹੀ ਕਰਨੀ ਪਵੇਗੀ। ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਉਹ ਆਪਣੇ ਬੱਚਿਆ ਨੂੰ ਆਪ ਬਚਾਉਣ ਕਿਉਂਕਿ ਹੁਣ ਵਾੜ ਹੀ ਖੇਤ ਨੂੰ ਖਾਣ ਲੱਗ ਪਈ ਹੈ। ਜੋ ਨਸ਼ਿਆਂ ਦੇ ਸੌਦਾਗਰ ਨਸ਼ੇ ਵੇਚ ਰਹੇ ਹਨ ਲੋਕ ਉਹਨਾਂ ਦਾ ਸਮਾਜਿਕ ਬਾਈਕਾਟ ਕਰਨ ਅਤੇ ਉਹਨਾਂ ਦੇ ਘਰ ਮੂਹਰੇ ਧਰਨੇ ਦੇਣ। ਜਿਨਾਂ ਸਿਆਸਦਾਨਾਂ ਤੇ ਪੁਲਿਸ ਅਫਸਰਾਂ ਨੇ ਨਸ਼ੇ ਰੋਕਣੇ ਸਨ ਉਹਨਾਂ ਵਿੱਚੋਂ ਬਹੁਤੇ ਖੁਦ ਹੀ ਨਸ਼ਿਆਂ ਦੇ ਵਪਾਰੀ ਬਣ ਬੈਠੇ ਹਨ। ਉਹਨਾਂ ਨਸ਼ਿਆਂ ਦੇ ਸੁਦਾਗਰਾਂ ਨੂੰ ਅਪੀਲ ਕਰਦਿਆਂ ਕਿਹਾ ਤੁਸੀਂ ਬਹੁਤ ਜਾਇਦਾਦਾਂ ਬਣਾ ਲਈਆ ਤੇ ਮੋਟੀਆਂ ਕਮਾਈਆਂ ਕਰ ਲਈਆਂ ਪਰ ਹੁਣ ਪੰਜਾਬ ਦੀ ਨੌਜਵਾਨੀ ਤੇ ਤਰਸ ਕਰੋ ਜੋ ਨਸ਼ਿਆਂ ਨਾਲ ਮਰ ਰਹੇ ਹਨ ਉਹ ਤੁਹਾਡੇ ਹੀ ਪੁੱਤ, ਭਤੀਜੇ ਹਨ ਤੇ ਸਿਆਣਿਆਂ ਕਿਹਾ ਹੈ ਕਿ 'ਨੌਂ ਘਰ ਤਾਂ ਡਾਇਣ ਵੀ ਛੱਡ ਲੈਂਦੀ ਹੈ।' ਉਹਨਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਜਿਵੇਂ ਉਹਨਾਂ ਨੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਵੱਡੇ ਵੱਡੇ ਸਿਆਸੀ ਆਗੂਆਂ ਨੂੰ ਫੜਕੇ ਜੇਲਾਂ ਵਿੱਚ ਬੰਦ ਕੀਤਾ ਹੈ। ਇਸੇ ਤਰ੍ਹਾਂ ਵੱਡੇ ਵੱਡੇ ਨਸ਼ਿਆਂ ਦੇ ਸੌਦਾਗਰਾਂ ਨੂੰ ਫ਼ੜ੍ਹਕੇ ਜੇਲਾਂ ਵਿੱਚ ਬੰਦ ਕੀਤਾ ਇਹ ਤੁਹਾਡੀ ਡਿਊਟੀ ਹੈ। ਇਸ ਮੌਕੇ ਉਹਨਾਂ ਨਾਲ ਬਾਬਾ ਮੇਜਰ ਸਿੰਘ ਪੰਜ ਪਿਆਰੇ, ਭਾਈ ਮੋਹਕਮ ਸਿੰਘ, ਭਾਈ ਸਰਬਜੀਤ ਸਿੰਘ ਜੰਮੂ ਸਕੱਤਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਬੇਅੰਤ ਸਿੰਘ ਭਰਾਤਾ ਜਨਰਲ ਸੁਬੇਗ ਸਿੰਘ, ਦਲਜੀਤ ਸਿੰਘ ਪਾਖਰਪੁਰਾ, ਕਰਮਵੀਰ ਸਿੰਘ ਪੰਨੂ, ਹੈਡਮਾਸਟਰ ਸਤਨਾਮ ਸਿੰਘ, ਪਲਵਿੰਦਰ ਸਿੰਘ ਪੰਨੂ ਡਾਕਟਰ ਲਖਵਿੰਦਰ ਸਿੰਘ, ਹੈਡਮਾਸਟਰ ਪਲਵਿੰਦਰ ਸਿੰਘ ਕੈਪਟਨ ਹਰਵਿੰਦਰ ਸਿੰਘ, ਜਥੇਦਾਰ ਦੀਦਾਰ ਸਿੰਘ ਚੌਧਰਪੂਰਾ, ਬਲਵਿੰਦਰ ਸਿੰਘ ਭਿੰਦਾ, ਸੁਖਜਿੰਦਰ ਸਿੰਘ ਮਜੀਠੀਆ, ਮਨਬੀਰ ਸਿੰਘ ਦਾਬਾਂਵਾਲੀ ਸਿੱਖ ਪ੍ਰਚਾਰਕ ਭਾਈ ਅੰਗਰੇਜ ਸਿੰਘ ਭਾਈ ਰਣਜੀਤ ਸਿੰਘ ਕੁਲਬੀਰ ਸਿੰਘ ਜਗਦੀਪ ਸਿੰਘ ਆਦਿ ਸੱਜਣ ਹਾਜ਼ਿਰ ਸਨ।




# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।


**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION
















ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

## S. Iqbal Singh

844-573-3824 | 510 862 2332

433 W Scotts Ave Stockton, CA 95203

PH: (925) 487-7117

# ਪਾਣੀ ਦਾ ਇੱਕ ਤੁਪਕਾ ਨਹੀਂ ਜਾਣ ਦਿਆਂਗੇ’ ਦੇ ਦਮਗਜੇ ਮਾਰਨ ਵਾਲਿਉ ਕੁੱਝ ਸੰਗ ਕਰੋ !



ਤਰਲੋਚਨ ਸਿੰਘ ‘ਦੁਪਾਲ ਪੁਰ’
001-408-915-1268

ਜਿਨ੍ਹਾਂ ਨੇ ਨਿੱਜੀ ਯਾਰੀਆਂ ਪਾਲਦਿਆਂ ‘ਐਸ.ਵਾਈ.ਐੱਲ ਨਹਿਰ’ ਬਣਾਉਣ ਲਈ ਹਰਿਆਣਵੀ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਤੋਂ ਕ੍ਰੋੜਾਂ ਦਾ ਚੈੱਕ ਵਸੂਲ ਪਾ ਲਿਆ ਸੀ ਅਤੇ ਜਿਨ੍ਹਾਂ ਦੀ ਤਤਕਾਲੀ ਪਾਰਟੀ ਪ੍ਰਧਾਨ ਨੇ ਇਸ ਕਲਹਿਣੀ ਨਹਿਰ ਦਾ ਟੱਕ ਲਾਇਆ, ਉਨ੍ਹਾਂ ਦੋਹਾਂ ਪਾਰਟੀਆਂ ਦੇ ਅਜੋਕੇ ਆਗੂ ਪਤਾ ਨਹੀਂ ਕਿਹੜੇ ਮੂੰਹ ਨਾਲ ‘ਪਾਣੀ ਦਾ ਇੱਕ ਵੀ ਤੁਪਕਾ ਨਾ ਜਾਣ ਦੇਣ’ ਵਾਲਾ ਜੁਮਲਾ ਬੋਲੀ ਜਾਂਦੇ ਹਨ!

ਜਿਵੇਂ ਕਸ਼ਮੀਰ ਮਸਲੇ ਬਾਰੇ ਕਿਸੇ ਕਵੀ ਨੇ ਲਿਖਿਆ ਸੀ-

‘ਐਵੇਂ ਯਾਭਾਂ ਦੇ ਭੇੜ ਹਨ ਕਰੀ ਜਾਂਦੇ
ਭੁੱਟੋ ਅਤੇ ਅਯੂਬ ਨੂੰ ਝੱਲ ਹੋਇਆ!
ਇਹ ਤਾਂ ਤੇਗ ਬਹਾਦਰ ਹੀ ਜਾਣਦਾ ਏ
ਮਸਲਾ ਕਿਵੇਂ ਕਸ਼ਮੀਰ ਦਾ ਹੱਲ ਹੋਇਆ!!’

ਇਵੇਂ ਪੰਜਾਬ ਨੂੰ ਬੰਜਰ ਬਣਾਉਣ ਦੇ ਮਨਸੂਬਿਆਂ ਵਾਲੀ ਇਸ ਚੰਦਰੀ ਨਹਿਰ ਨੂੰ ਸੱਚ ਮੁਚ ਪਾਣੀ ਦੇ ਇੱਕ ਵੀ ਤੁਪਕੇ ਤੋਂ ਸਦਾ ਲਈ ਵਾਂਝੀ ਬਣਾਉਣ ਵਾਲਿਆਂ ਨੂੰ ਸਿਜਦਾ ਕਰਕੇ ਇੰਜ ਕਹਿਣਾ ਬਣਦਾ ਹੈ-

‘ਐੱਸ.ਵਾਈ.ਐੱਲ ਦੇ ਮੁੱਦੇ ’ਤੇ ਫੇਰ ਬੋਲੇ
ਨਿਰਾ ਕੁਫਰ ਹੈ ਸਿਆਸਤੀ ਲਾਣਿਆਂ ਦਾ।
ਬਣਦੀ ਨਹਿਰ ਨੂੰ ਕਿਹਨੇ ਸੀ ਰੋਕ ਦਿੱਤਾ
ਘਰ ਉੱਜੜਿਆ ਦੱਸੇ ‘ਜਟਾਣਿਆਂ’ ਦਾ!’

ਫਿਲਹਾਲ ਇਸ ਵਿਸ਼ੇ ’ਤੇ ਮੈਨੂੰ ਇੱਕ ਚੁਸਤ ਚਲਾਕ ਜਾਂ ਮੱਕਾਰ ਬੰਦੇ ਦੀ ਕਾਰਸਤਾਨੀ ਵਾਲੀ ਲੋਕ-ਰੁਚੀ ਵਾਰਤਾ ਚੇਤੇ ਆਉਂਦੀ ਹੈ-

ਕਹਿੰਦੇ ਦਰਿਆ ਠਾਠਾਂ ਮਾਰਦਾ ਵਗ ਰਿਹਾ ਸੀ! ਘੁੰਮਣ ਘੇਰੀਆਂ ਕੱਢਦੀਆਂ ਛੱਲਾਂ ਕੰਢੇ ’ਤੇ ਖੜਿਆਂ ਨੂੰ ਡਰਾ ਰਹੀਆਂ ਸਨ। ਏਨੇ ਨੂੰ ਇੱਕ ਡਰਾਮੇਬਾਜ ਜਿਹਾ ਬੰਦਾ ਤੂੜੀ ਦੀ ਪੰਡ ਚੁੱਕੀ ਉੱਥੇ ਆਇਆ। ਸਾਰਿਆਂ ਵੱਲ੍ਹ ਦੇਖ ਦੇਖ ਦਮਗਜੇ ਮਾਰਨ ਲੱਗ ਪਿਆ- ਅਖੇ ਦਰਿਆ ’ਚ ਪਾਣੀ ਭਾਵੇਂ ਬੇਬਹਾ ਹੈ ਪਰ ਮੈਂ ਆਹ ਤੂੜੀ ਦੀ ਪੰਡ ਸਮੇਤ ਦਰਿਆ ਪਾਰ ਕਰ ਸਕਦਾ ਹਾਂ, ਤੂੜੀ ਦਾ ਇੱਕ ਡੱਕਾ ਵੀ ਭਿੱਜਣ ਨਹੀਂ ਦਿਆਂਗਾ!

ਲੋਕ ਬੜੇ ਹੈਰਾਨ ਹੋਏ ਕਿ ਅਜਿਹਾ ਹੋਣਾ ਤਾਂ ਬਹੁਤ ਅਸੰਭਵ ਹੈ! ਪਰ ਉਹ ਨੌਟੰਕੀਬਾਜ ਬੰਦਾ ਪੰਡ ਚੁੱਕੀ ਦਰਿਆ ਵਿੱਚ ਠਿੱਲ੍ਹ ਪਿਆ !

ਲਉ ਜੀ, ਗੋਡੇ ਗੋਡੇ ਪਾਣੀ. ਫਿਰ ਲੱਕ ਤੱਕ. ਫਿਰ ਮੋਢਿਆਂ ਤੱਕ! ਅੱਧ ਕੁ ਵਿਚਕਾਰ ਜਾ ਕੇ ਪਾਣੀ ਉਹਦੇ ਗਲ ਗਲ ਚੜ੍ਹ ਗਿਆ.. ਉੱਧਰੋਂ ਦਰਿਆ ਦਾ ਪਾਰਲਾ ਕੰਢਾ ਨੇੜੇ ਆ ਰਿਹਾ ਸੀ ਤੇ ਉੱਧਰੋਂ ਪਾਣੀ ਦੇ ਤੇਜ ਵਹਾਅ ਨਾਲ ਘੁਲਦੇ ਦੀ ਢਿੱਲੀ ਹੁੰਦੀ ਜਾਂਦੀ ਤੂੜੀ ਵਾਲੀ ਪੰਡ ਆਖਰ ਖੁੱਲ੍ਹ ਹੀ ਗਈ! ਸਮੇਤ ਪੱਲੀ ਦੇ ਤੂੜੀ ਵੀ ਸਾਰੀ ਪਾਣੀ ’ਚ ਹੜ੍ਹ ਗਈ! ਪਰ ਉਹ ਤੈਰ ਕੇ ਜਾਨ ਬਚਾਉਂਦਿਆਂ ਦੂਸਰੇ ਕੰਢੇ ਬਾਹਰ ਜਾ ਨਿਕਲਿਆ !

ਨਾਲ ਨਾਲ ਬੇੜੀ ’ਚ ਬਹਿ ਕੇ ਪਾਰ ਗਏ ਤਮਾਸ਼ਬੀਨ ਲੋਕਾਂ ਨੇ ਜਦ ਉਹਨੂੰ ਮਖੌਲ ਕੀਤਾ ਕਿ ਉਏ ਡੀਂਗਾਂ ਤਾਂ ਤੂੰ ਬੜੀਆਂ ਮਾਰੀਆਂ ਸੀ ਤੂੜੀ ਦੀ ਪੰਡ ਦਾ ਇੱਕ ਡੱਕਾ ਨੀ ਭਿੱਜਣ ਦਿੰਦਾ, ਪਰ ਕਿੱਥੇ ਆ ਤੇਰੀ ਪੰਡ ?

ਉਹ ਢੀਠਾਂ ਵਾਂਗ ਦੰਦੀਆਂ ਕੱਢ ਕੇ ਆਪਣੀ ਮੁੱਠੀ ‘ਚ ਫੜਿਆ ਤੂੜੀ ਦਾ ਇੱਕ ਡੱਕਾ ਕੱਢ ਕੇ ਦਿਖਾਉਂਦਾ ਬੋਲਿਆ-

“ਆਹ ਦੇਖੋ ਤਾਂ ਤੂੜੀ ਦਾ ਇੱਕ ਡੱਕਾ ਜਿਹੜਾ ਮੈਂ ਭਿੱਜਣ ਨਹੀਂ ਦਿੱਤਾ!

# ਅਰੁੰਧਤੀ ਰਾਏ ਵਿਰੁੱਧ ਕੇਸ ਚਲਾਏ ਜਾਣ ਨੂੰ ਮਨਜ਼ੂਰੀ ਦੇਣ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਆਲੋਚਨਾ



ਜਲੰਧਰ : ਦਿੱਲੀ ਦੇ ਲੈਫਟੀਨੈਂਟ ਗਵਰਨਰ ਸਕਸੈਨਾ ਵੱਲੋਂ 2010 ਦੇ ਇੱਕ ਕੇਸ ਵਿੱਚ ਲੇਖਿਕਾ ਅਰੁੰਧਤੀ ਰਾਏ ਅਤੇ ਇਕ ਸਾਬਕਾ ਕਸ਼ਮੀਰੀ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੇ ਜਾਣ ਦੀ ਦੇਸ਼ ਭਗਤ ਯਾਦਗਾਰ ਹਾਲ ਨੇ ਸਖਤ ਆਲੋਚਨਾ ਕੀਤੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਜਮਹੂਰੀ ਹਲਕਿਆਂ ਨੂੰ ਇਸ ਫ਼ੈਸਲੇ ਖ਼ਿਲਾਫ਼ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ। ਕਸ਼ਮੀਰ ਦੇ ਇਕ ‘ਸਮਾਜਿਕ ਕਾਰਕੁਨ’ ਸੁਸ਼ੀਲ ਪੰਡਿਤ ਨੇ 28 ਅਕਤੂਬਰ 2010 ਨੂੰ ਦਿੱਲੀ ਦੇ ਤਿਲਕ ਮਾਰਗ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਕਿ 21 ਅਕਤੂਬਰ 2020 ਨੂੰ ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ ਵੱਲੋਂ ਕਰਵਾਈ ਕਾਨਫਰੰਸ ਵਿਚ ‘ਆਜ਼ਾਦੀ-ਇਕੋ ਰਾਹ’ ਦੇ ਬੈਨਰ ਹੇਠ ਬੁਲਾਰਿਆਂ ਵੱਲੋਂ ਜਨਤਾ ਵਿੱਚ ਭੜਕਾਊ ਭਾਸ਼ਣ ਦਿੱਤੇ ਗਏ।

# ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦਾ ਸਿਟੀ ਕਾਲਜ ਫਰਿਜ਼ਨੋ ਵੱਲੋਂ ਵਿਸ਼ੇਸ਼ ਸਨਮਾਨ






ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਇਲਾਕੇ ਦੇ ਗੁਰੂਘਰਾਂ ਦੀ ਸਾਂਝੀ ਕਮੇਟੀ ਹੈ। ਜੋ ਸਮੇਂ ਸਿੱਖੀ ਦੇ ਪ੍ਰਚਾਰ, ਲੋੜਵੰਦਾ ਦੀ ਮਦਦ ਅਤੇ ਅਮੈਰੀਕਨ ਭਾਈਚਾਰੇ ਵਿੱਚ ਸਿੱਖੀ ਦੀ ਪਹਿਚਾਣ ਲਈ ਯਤਨ ਕਰਦੀ ਰਹਿੰਦੀ ਹੈ। ਇਸੇ ਲੜੀ ਅਧੀਨ ਸਿੱਖ ਕੌਂਸ਼ਲ ਵੱਲੋਂ ਫਰਿਜ਼ਨੋ ਦੇ ਸਿਟੀ ਕਾਲਜ਼ ਨਾਲ ਰਲ ਬਹੁਤ ਸਲਾਹੁਣਯੋਗ ਕਾਰਜ ਕੀਤੇ ਜਾ ਰਹੇ ਹਨ। ਸਿੱਖ ਕੌਂਸ਼ਲ ਦੇ ਯਤਨਾਂ ਸਦਕਾ ਸਿਟੀ ਕਾਲਜ਼ ਵੱਲੋਂ ਬਹੁ-ਭਾਸ਼ਾਈ ਵਿਦਿਆਰਥੀਆਂ ਨੂੰ ਅੰਗਰੇਜ਼ੀ ਦੀਆਂ ਕਲਾਸਾਂ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਇਸ ਦੇ ਨਾਲ-ਨਾਲ ਪੰਜਾਬੀ ਭਾਸ਼ਾ ਨੂੰ ਵੀ ਇੱਕ ਵਿਸ਼ੇ ਵਜੋਂ ਮਾਨਤਾ ਦੇ ਕੇ ਸਲੇਬਸ ਵਿੱਚ ਲਾਗੂ ਕੀਤਾ ਗਿਆ ਹੈ। ਇਸ ਸੰਬੰਧੀ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵੱਲੋਂ ਆਪਣੀ ਇਮਾਰਤ ਵਿੱਚ ਕਲਾਸਾਂ ਲਈ ਕਮਰੇ ਦੀ ਵਿਵਸਥਾ ਵੀ ਕੀਤੀ ਗਈ ਹੈ। ਇਸੇ ਤਰਾਂ ਸਿਟੀ ਕਾਲਜ਼ ਦੇ ਲੋੜਵੰਦ ਬੱਚਿਆਂ ਲਈ ਉੱਥੇ ਬਣੀ ਮੁੱਫਤ ਖਾਣੇ ਦੀ ਪੈਂਟਰੀ ਲਈ ਸਮੇਂ-ਸਮੇਂ ਸਿੱਖ ਕੌਂਸ਼ਲ ਖਾਣੇ ਦੇ ਪਦਾਰਥ ਦਾਨ ਦਿੰਦੀ ਰਹਿੰਦੀ ਹੈ। ਜਿੱਥੇ ਵਿਦਿਆਰਥੀ ਮੁਫਤ ਖਾਣਾ ਲੈ ਕੇ ਖਾ ਸਕਦੇ ਹਨ। ਸਿੱਖ ਕੌਂਸਲ ਇਨ੍ਹਾਂ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਸਿਟੀ ਕਾਲਜ਼ ਵੱਲੋਂ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸਿੱਖ ਭਾਈਚਾਰੇ ਦਾ ਮਾਣ ਵਧਾਉਂਦੇ ਹੋਏ ਸਿੱਖ ਕੌਂਸ਼ਲ ਨੂੰ “ਰੈਮ ਚੈਪੀਅਨ ਅਵਾਰਡ” ਦੇ ਕੇ ਸਨਮਾਨਿਤ ਕੀਤਾ। ਇਸ ਸਨਮਾਨ ਨੂੰ ਪ੍ਰਾਪਤ ਕਰਨ ਸਮੇਂ ਸਿੱਖ ਕੌਂਸ਼ਲ ਦੇ ਜਨਰਲ ਸਕੱਤਰ ਸ੍ਰ: ਸੁਖਦੇਵ ਸਿੰਘ ਚੀਮਾ ਦੀ ਅਗਵਾਈ ਵਿਚ ਹਾਜ਼ਰ ਮੈਂਬਰਾਂ ਵਿੱਚ ਰਾਜਵਿੰਦਰ ਪਾਲ ਸਿੰਘ ਬਰਾੜ, ਅਸਿਸਟੈਂਟ-ਜਨਰਲ ਸਕੱਤਰ, ਸ੍ਰ: ਗੁਰਬਚਨ ਸਿੰਘ, ਖਜ਼ਾਨਚੀ ਅਤੇ ਸ੍ਰ: ਗੁਰਜੰਟ ਸਿੰਘ ਗਿੱਲ ਆਦਿਕ ਬਹੁਤ ਸਾਰੇ ਸਿੱਖ ਕੌਂਸਲ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦੇ ਕੀਤੇ ਜਾ ਰਹੇ ਸਲਾਘਾਯੋਗ ਕਾਰਜ਼ ਸਿੱਖੀ ਦੇ ਪ੍ਰਚਾਰ ਅਤੇ ਪਹਿਚਾਣ ਵਿੱਚ ਵੱਡਮੁੱਲਾ ਯੋਗਦਾਨ ਪਾ ਰਹੇ ਹਨ।

# ਸਕਾਟਲੈਂਡ ਦੀ ਸੰਸਦ ’ਚ 1984 ਸਿੱਖ ਨਸਲਕੁਸ਼ੀ ਨੂੰ ਯਾਦ ਕਰਦਾ ਮਤਾ ਪੇਸ਼

## ਸਕਾਟਲੈਂਡ ਅਤੇ ਦੁਨੀਆ ਭਰ ਦੇ ਸਿੱਖ ਇਨ੍ਹਾਂ ਘਟਨਾਵਾਂ ਦੇ ਭਾਵਨਾਤਮਕ ਅਤੇ ਡੂੰਘੇ ਮਨੋਵਿਗਿਆਨਕ ਸਦਮੇ ਤੋਂ ਬਾਹਰ ਨਹੀਂ ਨਿਕਲ ਸਕੇ



ਸਕਾਟਲੈਂਡ : ਯੂ.ਕੇ. ਦੀ ਸੰਸਦ ’ਚ 1984 ਸਿੱਖ ਕਤਲੇਆਮ ਦੀ ਨਿਖੇਧੀ ਕਰਦਾ ਇਕ ਮਤਾ ਪੇਸ਼ ਕੀਤਾ ਗਿਆ ਹੈ। ਮਤੇ ਨੂੰ ਸਕਾਟਿਸ਼ ਸੰਸਦ ਮੈਂਬਰ (ਐਮ.ਐਸ.ਪੀ.) ਕੌਂਕਬ ਸਟੀਵਰਟ ਨੇ ਪੇਸ਼ ਕੀਤਾ ਹੈ ਜੋ ਕਿ 2021 ਤੋਂ ਗਲਾਸਗੋ ਦੀ ਪ੍ਰਤੀਨਿਧਗੀ ਕਰ ਰਹੇ ਹਨ ਅਤੇ ਸਕਾਟਿਸ਼ ਨੈਸ਼ਨਲ ਪਾਰਟੀ (ਐਸ.ਐਨ.ਪੀ.) ਦੇ ਆਗੂ ਹਨ।

ਸਕਾਟਿਸ ਨੈਸ਼ਨਲ ਪਾਰਟੀ ਐਮ.ਐਸ.ਪੀ. ਕੌਂਕਬ ਸਟੀਵਰਟ ਵਲੋਂ ਪੇਸ਼ ਕੀਤਾ ਗਿਆ ਮਤਾ, ਭਾਰਤ ’ਚ ਅਕਤੂਬਰ ਅਤੇ ਨਵੰਬਰ 1984 ਦੌਰਾਨ ਮਰਦਾਂ, ਔਰਤਾਂ ਅਤੇ ਬੱਚਿਆਂ ਸਮੇਤ ਸਿੱਖ ਵਿਅਕਤੀਆਂ ਵਿਰੁੱਧ ਹਿੰਸਾ ਦੀਆਂ ਦੁਖਦਾਈ ਘਟਨਾਵਾਂ ਨੂੰ ਯਾਦ ਕਰਦਾ ਹੈ। ਇਹ ਮਤਾ ਦੁਖਾਂਤ ਦੀ ਵਿਸ਼ਾਲਤਾ ਨੂੰ ਉਨ੍ਹਾਂ ਰਿਪੋਰਟਾਂ ਨਾਲ ਰੇਖਾਂਕਿਤ ਕਰਦਾ ਹੈ ਕਿ ਹਜ਼ਾਰਾਂ ਸਿੱਖਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਜਦਕਿ ਕਈਆਂ ਨੇ ਹਮਲੇ, ਤਸ਼ੱਦਦ ਅਤੇ ਜਿਨਸੀ ਹਿੰਸਾ ਦਾ ਸਾਹਮਣਾ ਕੀਤਾ। ਸਿੱਖ ਨਿਵਾਸ, ਕਾਰੋਬਾਰ ਅਤੇ ਪਵਿੱਤਰ ਅਸਥਾਨ ਵੀ ਬਰਬਾਦੀ ਅਤੇ ਤਬਾਹੀ ਦਾ ਸ਼ਿਕਾਰ ਹੋਏ। ਇਹ ਮਤਾ ਖਾਸ ਤੌਰ ’ਤੇ ਸਿੱਖ ਔਰਤਾਂ ਦੇ ਸਥਾਈ ਦੁੱਖਾਂ ਨੂੰ ਦਰਸਾਉਂਦਾ ਹੈ ਜੋ ਇਨ੍ਹਾਂ ਘਿਨਾਉਣੀਆਂ ਕਾਰਵਾਈਆਂ ਦੌਰਾਨ ਕਿਸੇ ਤਰ੍ਹਾਂ ਬਚ ਗਈਆਂ ਅਤੇ ਨਵੀਂ ਦਿੱਲੀ ਦੀ ‘ਵਿਧਵਾ ਕਾਲੋਨੀ’ ਵਲ ਧਿਆਨ ਖਿੱਚਦਾ ਹੈ, ਜਿਥੇ ਪੀੜਤ ਆਪਣੇ ਅਤੇ ਉਨ੍ਹਾਂ ਦੇ ਪਰਿਵਾਰਾਂ ਵਿਰੁੱਧ ਕੀਤੇ ਜ਼ੁਲਮਾਂ ਲਈ ਨਿਆਂ ਦੀ ਮੰਗ ਕਰਦੇ ਰਹਿੰਦੇ ਹਨ।

ਸਕਾਟਲੈਂਡ ਸਮੇਤ ਦੁਨੀਆ ਭਰ ਦੇ ਸਿੱਖਾਂ ’ਤੇ ਡੂੰਘੇ ਅਤੇ ਸਥਾਈ ਮਨੋਵਿਗਿਆਨਕ ਪ੍ਰਭਾਵ ਨੂੰ ਪਛਾਣਦਿਆਂ, ਇਹ ਮਤਾ ਇਨ੍ਹਾਂ ਦੁਖਦਾਈ ਘਟਨਾਵਾਂ ਵਲੋਂ ਛੱਡੇ ਗਏ ਭਾਵਨਾਤਮਕ ਜ਼ਖ਼ਮਾਂ ਦੀ ਪਛਾਣ ਅਤੇ ਹੱਲ ਦੀ ਫੌਰੀ ਲੋੜ ’ਤੇ ਜ਼ੋਰ ਦਿੰਦਾ ਹੈ। ਐਮ.ਐਸ.ਪੀ. ਕੌਂਕਬ ਸਟੀਵਰਟ ਵਲੋਂ ਪੇਸ਼ ਕੀਤੇ ਗਏ ਮਤੇ ’ਤੇ ਕਿਹਾ ਗਿਆ ਹੈ, “ਸੰਸਦ ਅਕਤੂਬਰ ਅਤੇ ਨਵੰਬਰ 1984 ’ਚ ਭਾਰਤ ਅੰਦਰ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਨੂੰ ਯਾਦ ਕਰਦੀ ਹੈ। ਅਜਿਹੀਆਂ ਰਿਪੋਰਟਾਂ ਨੂੰ ਨੋਟ ਕਰਦਾ ਹੈ ਕਿ ਪੂਰੇ ਭਾਰਤ ’ਚ 31 ਅਕਤੂਬਰ ਤੋਂ 4 ਨਵੰਬਰ 1984 ਤੱਕ 3000 ਤੋਂ ਵੱਧ ਸਿੱਖਾਂ ਨੂੰ ਕਤਲ ਕੀਤਾ ਗਿਆ ਸੀ। ਕੁਝ ਅੰਦਾਜ਼ਿਆਂ ਅਨੁਸਾਰ ਮਾਰੇ ਗਏ ਲੋਕਾਂ ਦੀ ਗਿਣਤੀ 17,000 ਤੱਕ ਹੋ ਸਕਦੀ ਹੈ। ਮਤਾ ਸਮਝਦਾ ਹੈ ਕਿ ਸਿੱਖਾਂ ’ਤੇ ਹਮਲਾ ਕੀਤਾ ਗਿਆ ਅਤੇ ਤਸੀਹੇ ਦਿੱਤੇ ਗਏ ਅਤੇ ਹਮਲਾਵਰਾਂ ਦੇ ਸਮੂਹਾਂ ਵਲੋਂ ਸਿੱਖ ਔਰਤਾਂ ਨਾਲ ਜਬਰ ਜਨਾਹ ਕੀਤਾ ਗਿਆ ਅਤੇ ਬਲਾਤਕਾਰ ਕੀਤਾ ਗਿਆ। ਰਿਪੋਰਟਾਂ ਅਨੁਸਾਰ ਸਿੱਖ ਘਰਾਂ, ਕਾਰੋਬਾਰਾਂ ਅਤੇ ਧਾਰਮਿਕ ਸਥਾਨਾਂ (ਗੁਰਦੁਆਰਿਆਂ) ਨੂੰ ਲੁੱਟਿਆ ਗਿਆ, ਤੋੜਿਆ ਗਿਆ ਅਤੇ ਤਬਾਹ ਕਰ ਦਿੱਤਾ ਗਿਆ। ਇਹ ਸਮਝਦਾ ਹੈ ਕਿ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦੇ ਤਿਲਕ ਵਿਹਾਰ ਇਲਾਕੇ ‘ਵਿਧਵਾ ਕਲੋਨੀ’ ’ਚ ਅੱਜ ਤੱਕ ਵੀ ਅਜਿਹੀਆਂ ਸਿੱਖ ਔਰਤਾਂ ਦੇ ਘਰ ਹਨ, ਜਿਨ੍ਹਾ ’ਤੇ ਹਮਲਾ, ਬਲਾਤਕਾਰ, ਤਸ਼ੱਦਦ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤੋੜਨ, ਸਾੜਨ ਅਤੇ ਕਤਲ ਕਰਨ ਲਈ ਮਜਬੂਰ ਕੀਤਾ ਗਿਆ, ਜੋ ਦੋਸ਼ੀਆਂ ਵਿਰੁੱਧ ਨਿਆਂ ਦੀ ਮੰਗ ਕਰਦੇ ਰਹਿੰਦੇ ਹਨ ਅਤੇ ਮਤਾ ਇਹ ਮੰਨਦਾ ਹੈ ਕਿ ਸਕਾਟਲੈਂਡ ਅਤੇ ਦੁਨੀਆ ਭਰ ਦੇ ਸਿੱਖ ਇਨ੍ਹਾਂ ਘਟਨਾਵਾਂ ਦੇ ਭਾਵਨਾਤਮਕ ਅਤੇ ਡੂੰਘੇ ਮਨੋਵਿਗਿਆਨਕ ਸਦਮੇ ਤੋਂ ਬਾਹਰ ਨਹੀਂ ਨਿਕਲ ਸਕੇ ਹਨ।

# ਅਮਰੀਕਾ ’ਚ 77 ਸਾਲਾ ਸੇਵਾ ਮੁਕਤ ਯੂਨੀਵਰਸਿਟੀ ਡੀਨ ਦੀਆਂ ਗੋਲੀਆਂ ਮਾਰ ਕੇ ਹੱਤਿਆ

## *ਗੋਲੀ ਸਿਰ ਵਿਚ ਮਾਰੀ ਗਈ- ਡਾਕਟਰਾਂ ਨੇ ਕੀਤੀ ਪੁਸ਼ਟੀ*



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਵਿਚ ਵਰਮਾਊਂਟ ਸਟੇਟ ਯੁਨੀਵਰਸਿਟੀ ਦੀ ਇਕ ਸੇਵਾ ਮੁਕਤ ਡੀਨ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇਣ ਦੀ ਖਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਾਬਕਾ ਡੀਨ 77 ਸਾਲਾ ਆਨੋਰੀ ਫਲੇਮਿੰਗ ਦੀ ਵਰਮਾਊਂਟ ਸਟੇਟ ਯੁਨੀਵਰਸਿਟੀ ਕੈਲਸਟਨ ਕੈਂਪਸ ਨੇੜੇ ਹੱਤਿਆ ਕੀਤੀ ਗਈ ਜਿਥੇ ਉਸ ਨੇ ਕੰਮ ਕੀਤਾ ਤੇ ਸਿੱਖਿਆ ਦੇ ਖੇਤਰ ਵਿਚ ਅਗਵਾਈ ਕੀਤੀ। ਵਰਮਾਊਂਟ ਸਟੇਟ ਪੁਲਿਸ ਅਨੁਸਾਰ ਸਮਝਿਆ ਜਾਂਦਾ ਹੈ ਕਿ ਆਨੋਰੀ ਫਲੇਮਿੰਗ ਜੋ ਪੁਲੀਟਜ਼ਰ ਪੁਰਸਕਾਰ ਜੇਤੂ ਲੇਖਿਕ ਰੋਨ ਪਾਵਰਜ ਦੀ ਪਤਨੀ ਸੀ, ਯੁਨੀਵਰਸਿਟੀ ਕੈਂਪਸ ਨੇੜੇ ਲੱਗਦੇ ਹਾਈਕਿੰਗ ਟਰੇਲ ਉਪਰ ਉਪਰ ਸ਼ਾਮ 4 ਵਜੇ ਦੇ ਆਸ ਪਾਸ ਪਹੁੰਚੀ ਤੇ ਇਸ ਉਪਰੰਤ ਇਕ ਘੰਟੇ ਦੇ ਵੀ ਘੱਟ ਸਮੇ ਵਿਚ ਉਹ ਮ੍ਰਿਤਕ ਹਾਲਤ ਵਿਚ ਮਿਲੀ। ਪੁਲਿਸ ਅਨੁਸਾਰ ਉਸ ਦੇ ਸਿਰ ਵਿਚ ਗੋਲੀ ਮਾਰੀ ਗਈ। ਡਾਕਟਰਾਂ ਨੇ ਇਸ ਗੱਲੀ ਦੀ ਪੁਸ਼ਟੀ ਕੀਤੀ ਹੈ ਕਿ ਫਲੇਮਿੰਗ ਦੇ ਸਿਰ ਵਿਚ ਗੋਲੀ ਦਾ ਜ਼ਖਮ ਹੈ। ਪੁਲਿਸ ਇਸ ਹਰਮਨ ਪਿਆਰੀ ਸਿੱਖਿਆ ਸ਼ਾਸ਼ਤਰੀ ਦੇ ਕਾਤਲ ਦੀ ਭਾਲ ਵਿਚ ਹੈ। ਅਜੇ ਤੱਕ ਇਸ ਮਾਮਲੇ ਵਿਚ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ ਤੇ ਪੁਲਿਸ ਦਾ ਕਹਿਣਾ ਹੈ ਕਿ ਇਹ ਅਚਨਚੇਤ ਵਾਪਰੀ ਘਟਨਾ ਵੀ ਹੋ ਸਕਦੀ ਹੈ ਤੇ ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਇਹ ਹੱਤਿਆ ਗਿਣਮਿਥ ਕੇ ਕੀਤੀ ਗਈ ਹੋਵੇ। ਵਰਮਾਊਂਟ ਸਟੇਟ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਹੱਥਿਆਰਬੰਦ ਹੈ ਤੇ ਉਹ ਹੋਰਨਾਂ ਲਈ ਵੀ ਖਤਰਨਾਕ ਹੋ ਸਕਦਾ ਹੈ। ਇਸ ਲਈ ਲੋਕ ਚੌਕਸ ਰਹਿਣ ਤੇ ਕਿਸੇ ਵੀ ਸ਼ੱਕੀ ਵਿਅਕਤੀ ਬਾਰੇ ਪਤਾ ਲੱਗਣ ’ਤੇ ਤੁਰੰਤ ਪੁਲਿਸ ਨਾਲ ਸੰਪਰਕ ਕਰਨ।

ਸ਼ੋਕ ਸਮਾਚਾਰ

# ਸ਼ੌਕਤ ਅਲੀ ਦੇ ਅੰਤਮ ਦਰਸ਼ਨ, ਸਪੁਰਦ-ਏ-ਖਾਕ ਅਤੇ ਅੰਤਮ ਅਰਦਾਸ 12 ਅਕਤੂਬਰ 2023, ਦਿਨ ਵੀਰਵਾਰ ਨੂੰ ਹੋਵੇਗੀ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਹਰ ਭਾਈਚਾਰੇ ਵਿੱਚ ਆਪਣੀ ਨਿਮਰਤਾ, ਕਾਬਲੀਅਤ ਅਤੇ ਭਾਈਚਾਰਕ ਸਾਂਝ ਰੱਖਣ ਵਾਲੇ ਫਰਿਜ਼ਨੋ ਨਿਵਾਸੀ ਜਨਾਬ ਸੌਕਤ ਅਲੀ ਬੀਤੇ ਦਿਨੀ 5 ਅਕਤੂਬਰ 2023 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਹ ਬਹੁਤ ਮਿਹਨਤ ਕਰਨ ਵਾਲੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਹ ਸਭ ਧਰਮਾਂ ਨੂੰ ਸਤਿਕਾਰ ਦਿੰਦੇ ਸਨ। ਜੋ ਸਮੁੱਚੇ ਭਾਈਚਾਰੇ ਵਿੱਚ ਆਪਣੀਆਂ ਸੇਵਾਵਾਂ ਖਿੜੇ ਮੱਥੇ ਖੁਸ਼ੀ-ਖੁਸ਼ੀ ਨਿਭਾਉਂਦੇ ਸਨ। ਜਿੰਨਾਂ ਨੇ ਆਪਣੀ ਮਿਹਨਤ ਅਤੇ ਸਿਦਕ ਨਾਲ ਵੱਖ-ਵੱਖ ਥਾਂਵਾਂ 'ਤੇ ਕੰਮ ਕੀਤਾ। ਜਿੱਥੇ ਵੀ ਜਾਂਦੇ ਉੱਥੇ ਹਰ ਇੱਕ ਨਾਲ ਆਪਣੀ ਅਪਣੱਤ ਦੀ ਸਾਂਝ ਬਣਾ ਲੈਂਦੇ। ਹੁਣ ਉਹ ਪਿੱਛਲੇ ਕੁਝ ਸਾਲਾਂ ਤੋਂ ਵੱਖ-ਵੱਖ ਭਾਈਚਾਰਕ, ਧਾਰਮਿਕ ਸਮਾਗਮਾਂ ਅਤੇ ਨਿੱਜੀ ਪ੍ਰੋਗਰਾਮਾਂ ਵਿੱਚ ਪੰਜਾਬੀ ਖਾਣੇ ਦੀ ਕੈਟਰਿੰਗ ਦੀਆਂ ਸੇਵਾਵਾ ਨਿਭਾ ਰਹੇ ਸਨ। ਆਪਣੀ ਮਿਹਨਤ ਅਤੇ ਚੰਗੀਆਂ ਸੇਵਾਵਾਂ ਬਦਲੇ ਸਭ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾ ਚੁੱਕੇ ਸਨ।

ਸ਼ੌਕਤ ਅਲੀ ਜੀ ਦੀਆਂ ਅੰਤਮ ਰਸਮਾਂ ਅਕਤੂਬਰ 12 ਨੂੰ ਹੋਣਗੀਆਂ। ਜਿਸ ਅਨੁਸਾਰ ਉਨ੍ਹਾਂ ਦੇ "ਅੰਤਮ ਦਰਸ਼ਨ" Clovis Funeral Chapel 1302 Clovis Ave, Clovis CA 93612 ਵਿਖੇ ਸਵੇਰੇ 10:00 ਤੋਂ 11:00 ਵਜੇ ਤੱਕ ਹੋਣਗੇ। ਇਸ ਉਪਰੰਤ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ "ਸਪੁਰਦ-ਏ-ਖ਼ਾਕ" Madera Islamic Cemetery 19720 Road 26. Madera CA 93638 ਵਿਖੇ ਦੁਪਿਹਰ 12 ਵਜੇ ਤੋਂ 1 ਵਜ਼ੇ ਤੱਕ ਕੀਤਾ ਜਾਵੇਗਾ। ਇਸ ਬਾਅਦ "ਅੰਤਮ ਅਰਦਾਸ"ਗੁਰਦੁਆਰਾ ਪਰਮੇਸ਼ਵਰ ਦੁਵਾਰ ਮੰਡੇਰਾ ਵਿਖੇ ਬਾਅਦ ਦੁਪਿਹਰ 1 ਵਜ਼ੇ ਤੋਂ 2 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: Parmeshwar Duwar (Madera Sikh Temple) 23249 Avenue 14, Madera CA 93637 ਹੈ। ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਣ ਜਾਂ ਹੋਰ ਜਾਣਕਾਰੀ ਲਈ ਪਰਿਵਾਰ ਨਾਲ ਫੋਨ ਨੰਬਰ: (559) 835-8894, (559) 577-7009 'ਤੇ ਗੱਲ ਕਰ ਸਕਦੇ ਹੋ।

ਇਸ ਦੁੱਖ ਦੀ ਘੜੀ ਵਿੱਚ ਅਸੀਂ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ"ਵੱਲੋਂ ਸ਼ੌਕਤ ਅਲੀ ਦੇ ਤੁਰ ਜਾਣ 'ਤੇ ਦੁੱਖ ਦਾ ਇਜ਼ਹਾਰ ਕਰਦੇ ਹਾਂ ਅਤੇ ਉਨਾਂ ਦੀ ਪਤਨੀ ਰਾਜ ਅਲੀ, ਪੁੱਤਰ ਅਸੀਮ ਅਲੀ ਅਤੇ ਅਜ਼ੀਮ ਅਲੀ, ਉਨਾਂ ਦੇ ਬਰਦਰ-ਇਨ-ਲਾਅ ਮੁਹੰਮਦ ਸਦੀਕ ਅਤੇ ਹੋਰ ਨਜ਼ਦੀਕੀਆਂ ਨਾਲ ਹਮਦਰਦੀ ਦਾ ਪ੍ਰਗਟਾਂ ਕਰਦੇ ਹੋਏ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੁੰਦੇ ਹਾਂ। ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਦੀ ਸ਼ੌਕਤ ਅਲੀ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਪਾਕਿਸਤਾਨ 'ਚ ਧੂਮਧਾਮ ਨਾਲ ਮਨਾਇਆ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ

## ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਗੁਰਪੁਰਬ ਅਤੇ ਇਤਿਹਾਸਕ ਦਿਹਾੜਾ ਮਨਾਇਆ




ਲਾਹੌਰ: ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ ਵਿਖੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਗੁਰਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਧੂਮਧਾਮ ਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਗੁਰਦੁਆਰਾ ਸਾਹਿਬ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਸਜਾਇਆ ਗਿਆ ਸੀ। ਇਸ ਮੌਕੇ ਸ਼ਰਧਾਲੂਆਂ ਨੇ ਮਨ ਦੀ ਸ਼ਾਂਤੀ ਲਈ ਗੁਰੂ ਘਰ 'ਚ ਅਰਦਾਸ ਕੀਤੀ ਅਤੇ ਸੰਗਤਾਂ ਦਰਸ਼ਨ ਕਰਕੇ ਆਪਣੇ ਆਪ ਨੂੰ ਵਡਭਾਗਾ ਦੱਸ ਰਹੀਆਂ ਸਨ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁ: ਜਨਮ ਅਸਥਾਨ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ ਵਿਖੇ 7 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਰੱਖੇ ਗਏ ਸਨ। ਜਿਸ ਦੇ ਭੋਗ 9 ਅਕਤੂਬਰ ਨੂੰ ਪਾਏ ਗਏ। ਨਨਕਾਣਾ ਸਾਹਿਬ, ਪਿਸ਼ਾਵਰ, ਹਸਨ ਅਬਦਾਲ ਤੋਂ ਇਲਾਵਾ ਸਿੰਧ ਦੇ ਬਹੁਤ ਸਾਰੇ ਸ਼ਹਿਰਾਂ ਦੀਆਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ ਅਤੇ ਕੀਰਤਨੀ ਜੱਥਿਆ ਨੇ ਰੱਬੀ ਬਾਣੀ ਦਾ ਕੀਰਤਨ ਕੀਤਾ। ਸਮਾਗਮ ਦੌਰਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਅਤੇ ਔਕਾਫ਼ ਬੋਰਡ ਦੇ ਵਧੀਕ ਸਕੱਤਰ ਰਾਣਾ ਸ਼ਾਹਿਦ ਸਲੀਮ ਨੇ ਵੀ ਸੰਬੋਧਨ ਕੀਤਾ।

ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਨੇ ਸੰਗਤਾਂ ਸਾਹਮਣੇ ਆਪਣੇ ਵੀਚਾਰ ਰੱਖੇ। ਉਨ੍ਹਾਂ ਨੇ ਗੁਰੂ ਰਾਮਦਾਸ ਜੀ ਦੇ ਜੀਵਨ ਅਤੇ ਪਾਕਿਸਤਾਨ ਕਮੇਟੀ ਵੱਲੋਂ ਸੰਗਤਾਂ ਦੀ ਸਹੂਲਤ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਅਸੀਂ ਆਪਣਾ ਜੀਵਨ ਸਫ਼ਲ ਕਰ ਸਕਦੇ ਹਾਂ ਇਹ ਪ੍ਰਧਾਨਗੀ ਦੀ ਪੋਸਟ ਆਉਣ ਜਾਣ ਵਾਲੀ ਚੀਜ਼ ਹੈ ਸਾਡਾ ਅਸਲ ਮਕਸਦ ਪਾਕਿਸਤਾਨ ਦੀ ਸਿਖ ਸੰਗਤ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਆਈਆਂ ਸੰਗਤਾਂ ਦੀ ਸੇਵਾ ਕਰਨਾ ਹੈ। ਉਨ੍ਹਾਂ ਖਾਲਸਾ ਪੰਥ ਨੂੰ ਬੇਨਤੀ ਕੀਤੀ ਕਿ ਅੱਜ ਸਾਰੀ ਸਿੱਖ ਕੌਮ ਨੂੰ ਇਕ ਮੁੱਠ ਹੋਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਸਿੱਖੀ ਸਿਧਾਂਤਾਂ ਨੂੰ ਸਾਹਮਣੇ ਰੱਖਦੇ ਹੋਏ ਗੁਰੂ ਸਾਹਿਬ ਦੇ ਪਾਏ ਪੂਰਨਿਆਂ ਤੇ ਚੱਲ ਕੇ ਜੀਵਨ ਬਿਤੀਤ ਕਰ ਸਕੀਏ।

ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਇਵੈਕੂਏਟ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ) ਦੇ ਵਧੀਕ ਸਕੱਤਰ ਧਾਰਮਿਕ ਸਥਾਨ ਰਾਣਾ ਸ਼ਾਹਿਦ ਸਲੀਮ ਨੂੰ ਸਨਮਾਨਤ ਕੀਤਾ ਗਿਆ। ਰਾਣਾ ਸ਼ਾਹਿਦ ਸਲੀਮ ਜੀ ਵੱਲੋਂ ਸੰਗਤਾਂ ਨੂੰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿਤੀ ਅਤੇ ਗੁਰੂ ਰਾਮਦਾਸ ਜੀ ਦੇ ਜੀਵਨ ਅਤੇ ਬਾਣੀ ਤੋਂ ਪ੍ਰੇਰਣਾ ਲੈ ਕੇ ਜੀਵਨ ਜੀਉਣ ਦੀ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਗਈ। ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨ ਸਰਕਾਰ ਘੱਟ ਗਿਣਤੀਆਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਅਸੀਂ ਸੰਗਤਾਂ ਦੀ ਸਹੂਲਤ ਲਈ ਨਵੀਆਂ ਸਰਾਵਾਂ ਅਤੇ ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਪੰਜਾ ਸਾਹਿਬ ਵਿਖੇ ਡਿਸਪੈਂਨਸਰੀ (ਮਿੰਨੀ ਹਸਪਤਾਲ) ਵੀ ਬਣਾ ਰਹੇ ਹਾਂ।


ਦੱਸਣਯੋਗ ਹੈ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕਮ ਕਮੇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਮਨਾਏ ਜਾਂਦੇ ਹਨ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਪਾਕਿਸਤਾਨੀ ਸਿੱਖ ਆਗੂਆਂ ਨੇ ਆਏ ਸਿੱਖ ਸ਼ਰਧਾਲੂਆਂ ਤੇ ਅਹਿਮ ਸਖਸ਼ੀਅਤਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਤੇ ਗੁਰੂ ਰਾਮਦਾਸ ਜੀ ਸਿੱਖ ਸੇਵਕ ਜੱਥਾ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਦਾ ਸਨਮਾਨ ਵੀ ਕੀਤਾ ਗਿਆ।




### ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਬਾਰੇ ਸਿੱਕਮ ਦੇ ਮੁੱਖ ਮੰਤਰੀ ਦੇ ਬਿਆਨ ਦਾ ਸ਼੍ਰੋਮਣੀ ਕਮੇਟੀ ਨੇ ਲਿਆ ਨੋਟਿਸ

# ਸ਼੍ਰੋਮਣੀ ਕਮੇਟੀ ਜਨਰਲ ਸਕੱਤਰ ਭਾਈ ਗਰੇਵਾਲ ਨੇ ਘੱਟ-ਗਿਣਤੀ ਕਮਿਸ਼ਨ ਨੂੰ ਲਿਖਿਆ ਪੱਤਰ





ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਬਾਰੇ ਸਿੱਕਮ ਦੇ ਮੁੱਖ ਮੰਤਰੀ ਸ੍ਰੀ ਪ੍ਰੇਮ ਸਿੰਘ ਤਮਾਂਗ ਵੱਲੋਂ ਦਿੱਤੇ ਬਿਆਨ ਦਾ ਨੋਟਿਸ ਲੈਂਦਿਆਂ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਨੂੰ ਪੱਤਰ ਲਿਖਿਆ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਵੱਲੋਂ ਲਿਖੇ ਪੱਤਰ ਵਿਚ ਕਿਹਾ ਗਿਆ ਹੈ ਕਿ ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਸਬੰਧੀ ਲੰਮੇ ਸਮੇਂ ਤੋਂ ਕੇਸ ਸਿੱਕਮ ਹਾਈਕੋਰਟ ਵਿਚ ਵਿਚਾਰ ਅਧੀਨ ਹੈ। ਮਾਨਯੋਗ ਅਦਾਲਤ ਨੇ ਇਸ ਕੇਸ ਦਾ ਫੈਸਲਾ ਸੁਰੱਖਿਅਤ ਰੱਖਿਆ ਹੋਇਆ ਹੈ। ਅਜਿਹੇ ਸਮੇਂ 'ਤੇ ਸਿੱਕਮ ਦੇ ਮੁੱਖ ਮੰਤਰੀ ਵੱਲੋਂ ਇਕ ਵਿਸ਼ੇਸ਼ ਭਾਈਚਾਰੇ ਦੇ ਹੱਕ ਵਿਚ ਬੋਲਣਾ ਕੇਸ ਨੂੰ ਪ੍ਰਭਾਵਿਤ ਕਰਨ ਵਾਲਾ ਹੈ। ਪੱਤਰ ਵਿਚ ਲਿਖਿਆ ਗਿਆ ਹੈ ਕਿ ਮੁੱਖ ਮੰਤਰੀ ਦਾ ਇਹ ਬਿਆਨ ਸਥਾਨਕ ਭਾਈਚਾਰੇ ਦੇ ਲੋਕਾਂ ਨੂੰ ਸਿੱਖ ਭਾਈਚਾਰੇ ਵਿਰੁੱਧ ਭੜਕਾਉਣ ਵਾਲਾ ਹੈ। ਮੁੱਖ ਮੰਤਰੀ ਵੱਲੋਂ ਇਹ ਕਹਿਣਾ ਕਿ ਕਿਸੇ ਵੀ ਹਾਲਤ ਵਿਚ ਗੁਰਦੁਆਰਾ ਸਾਹਿਬ ਨੂੰ ਮੁੜ ਸਥਾਪਤ ਨਹੀਂ ਹੋਣ ਦਿੱਤਾ ਜਾਵੇਗਾ, ਅਦਾਲਤੀ ਪ੍ਰਕਿਰਿਆ ਦੀ ਵੱਡੀ ਉਲੰਘਣਾ ਹੈ, ਜੋ ਬਹੁਤ ਹੀ ਨਿੰਦਣਯੋਗ ਹੈ। ਭਾਈ ਗਰੇਵਾਲ ਨੇ ਪੱਤਰ ਵਿਚ ਲਿਖਿਆ ਕਿ ਮੁੱਖ ਮੰਤਰੀ ਦਾ ਸਾਹਮਣੇ ਆਇਆ ਵੀਡੀਓ ਬਿਆਨ ਸੰਕੇਤ ਦਿੰਦਾ ਹੈ ਕਿ ਉਨ੍ਹਾਂ ਦੀ ਸਰਕਾਰ ਇਸ ਕੇਸ ਨੂੰ ਸਿੱਖ ਭਾਈਚਾਰੇ ਦੇ ਵਿਰੁੱਧ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਹਾਲਾਂਕਿ ਇਕ ਰਾਜ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਸ੍ਰੀ ਤਮਾਂਗ ਨੂੰ ਸਾਰੇ ਭਾਈਚਾਰਿਆਂ ਨਾਲ ਬਰਾਬਰ ਦਾ ਵਿਵਹਾਰ ਕਰਦੇ ਹੋਏ ਇਨਸਾਫ਼ ਕਰਨਾ ਚਾਹੀਦਾ ਹੈ। ਪੱਤਰ ਵਿਚ ਇਹ ਵੀ ਜ਼ਿਕਰ ਕੀਤਾ ਗਿਆ ਕਿ 27 ਅਪ੍ਰੈਲ 2023 ਨੂੰ ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਭਾਰਤ ਸਰਕਾਰ, ਘਟਗਿਣਤੀ ਰਾਸ਼ਟਰੀ ਕਮਿਸ਼ਨ ਅਤੇ ਸਿੱਕਮ ਦੀ ਸਰਕਾਰ ਨੂੰ ਇਸ ਮਾਮਲੇ ਨੂੰ ਅਦਾਲਤ ਤੋਂ ਬਾਹਰ ਸਮਝੌਤਾ ਕਰਕੇ ਸੁਲਝਾਉਣ ਦੇ ਯਤਨ ਕਰਨੇ ਚਾਹੀਦੇ ਹਨ। ਘਟਗਿਣਤੀ ਕਮਿਸ਼ਨ ਪਾਸੋਂ ਮੰਗ ਕੀਤੀ ਗਈ ਹੈ ਕਿ ਮੁੱਖ ਮੰਤਰੀ ਦੇ ਬਿਆਨ ਦਾ ਨੋਟਿਸ ਲੈਂਦਿਆਂ ਭਵਿੱਖ ਵਿਚ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਜ਼ਰੂਰੀ ਨਿਰਦੇਸ਼ ਜਾਰੀ ਕੀਤੇ ਜਾਣ।

## ਭਾਈ ਜਿੰਦਾ ਤੇ ਭਾਈ ਸੁੱਖਾ ਦੀ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ




ਜੰਡਿਆਲਾ ਗੁਰੂ : 1984 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਨੂੰ ਟੈਂਕਾਂ ਤੋਪਾਂ ਨਾਲ ਢਾਹੁਣ ਵਾਲੀ ਫੌਜ ਦੇ ਮੁਖੀ ਜਨਰਲ ਏ. ਕੇ. ਵੈਦਿਆ ਨੂੰ ਗੋਲੀਆਂ ਨਾਲ ਮਾਰ ਕੇ ਫਾਂਸੀ ਚੜ੍ਹੇ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ 31ਵੀਂ ਬਰਸੀ ਅੱਜ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਪਿੰਡ ਗਦਲੀ (ਬਲਾਕ ਜੰਡਿਆਲਾ ਗੁਰੂ) ਵਿਖੇ ਮਨਾਈ ਗਈ। ਪਾਠ ਦੇ ਭੋਗ ਪਾਉਣ ਉਪਰੰਤ ਰਾਗੀ ਜਥਿਆਂ ਨੇ ਕੀਰਤਨ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਅਹਿਮਦ ਸ਼ਾਹ ਅਬਦਾਲੀ ਨੇ ਵੀ ਭਾਰਤ ਤੇ ਕਈ ਹਮਲੇ ਕੀਤੇ ਜਿਸਦਾ ਸਿੱਖਾਂ ਨੇ ਮੂੰਹ ਤੋੜ ਜਵਾਬ ਦਿੱਤਾ ਅਤੇ ਇਸੇ ਤਰ੍ਹਾਂ ਸ਼ਹੀਦ ਭਾਈ ਜਿੰਦਾ ਅਤੇ ਭਾਈ ਸੁੱਖਾ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਫੌਜ ਦੇ ਮੁਖੀ ਜਨਰਲ ਵੈਦਿਆ ਨੂੰ ਮਾਰ ਕੇ ਬਦਲਾ ਲਿਆ ਅਤੇ ਫਾਂਸੀਆਂ ਦੇ ਰਸਤੇ ਚੁੰਮੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਭਾਈ ਜਿੰਦਾ ਤੇ ਭਾਈ ਸੁੱਖਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਕੁਰਬਾਨੀ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਇਆ ਹਮਲਾ ਸਾਡੀ ਸਿੱਖ ਕੌਮ ਨੇ ਨੇੜਿਓਂ ਤੱਕਿਆ ਅਤੇ ਸੀਨੇ 'ਤੇ ਸਰਕਾਰਾਂ ਦੇ ਜ਼ੁਲਮ ਦਾ ਸੰਤਾਪ ਹੰਢਾਇਆ ਹੈ। ਇਸ ਮੌਕੇ ਸ਼ਹੀਦ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ ਅਤੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਮਾਤਾ ਬੀਬੀ ਬਲਵਿੰਦਰ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਭਾਈ ਭੁਪਿੰਦਰ ਸਿੰਘ ਗਦਲੀ ਅਤੇ ਭਾਈ ਨਿਰਭੈਲ ਸਿੰਘ ਗਦਲੀ ਭਰਾਤਾ ਭਾਈ ਹਰਜਿੰਦਰ ਸਿੰਘ ਜਿੰਦਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਦਲਜੀਤ ਸਿੰਘ ਬਿੱਟੂ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਵਾਲੇ, ਨਰਾਇਣ ਸਿੰਘ ਚੌੜਾ, ਭਾਈ ਨਿਰਮਲ ਸਿੰਘ ਨਿੰਮਾ (ਸਾਥੀ ਭਾਈ ਜਿੰਦਾ ਤੇ ਭਾਈ ਸੁੱਖਾ), ਢਾਡੀ ਤਰਸੇਮ ਸਿੰਘ ਮੋਰਾਂਵਾਲੀ, ਉਪਕਾਰ ਸਿੰਘ ਸੰਧੂ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਕੰਵਰਪਾਲ ਸਿੰਘ ਬਿੱਟੂ, ਸਵਰਨਜੀਤ ਸਿੰਘ ਕੁਰਾਲੀਆਂ, ਪਲਵਿੰਦਰ ਸਿੰਘ ਤਲਵਾੜਾ, ਬਲਵਿੰਦਰ ਸਿੰਘ ਅਠਵਾਲ, ਬਲਵਿੰਦਰ ਸਿੰਘ ਖਿਆਲਾ, ਪਰਵਿੰਦਰ ਸਿੰਘ ਝੋਟਾ, ਸਤਨਾਮ ਸਿੰਘ ਕਾਹਲੋਂ, ਪਰਗਟ ਸਿੰਘ ਸਾਬਕਾ ਚੇਅਰਮੈਨ, ਬਲਵਿੰਦਰ ਸਿੰਘ ਢਾਡੀ, ਮਥੁਰਾ ਸਿੰਘ (ਭਤੀਜਾ ਭਾਈ ਜਿੰਦਾ), ਬੀਬੀ ਬਲਵਿੰਦਰ ਕੌਰ ਤੇ ਇੰਦਰਜੀਤ ਸਿੰਘ (ਭੈਣ ਤੇ ਜੀਜਾ ਭਾਈ ਜਿੰਦਾ), ਬੀਬੀ ਰਵਿੰਦਰ ਕੌਰ ਟੁੱਟੂ, ਮਨਜੀਤ ਸਿੰਘ ਬਟਾਰੀ, ਰਜਿੰਦਰ ਸਿੰਘ ਮੁਗਲ ਵਾਲਾ, ਲਾਲ ਸਿੰਘ ਅਕਾਲਗੜ੍ਹ, ਬਾਬਾ ਲਹਿਣਾ ਸਿੰਘ ਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

## ਸ੍ਰੀ ਦਰਬਾਰ ਸਾਹਿਬ 'ਚ ਜਿੰਦਾ ਤੇ ਸੁੱਖਾ ਦੀ ਬਰਸੀ ਮਨਾਈ



ਅੰਮ੍ਰਿਤਸਰ : ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਸਲਾਨਾ ਬਰਸੀ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਮਨਾਈ ਗਈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਜਿੰਦਰ ਸਿੰਘ ਨੇ ਗੁਰਬਾਣੀ ਕੀਰਤਨ ਕੀਤਾ, ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸਚਖੰਡ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਕਹਾ ਕਿ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਕੌਮੀ ਸ਼ਹੀਦ ਹਨ ਜਿਨ੍ਹਾਂ ਨੇ ਕੌਮ ਖਾਤਰ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿੰਘਾਂ ਦੀਆਂ ਸ਼ਹਾਦਤਾਂ ਨੂੰ ਕੌਮ ਹਮੇਸ਼ਾ ਸਜਦਾ ਕਰਦੀ ਹੈ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਵਿਚੋਂ ਭਾਈ ਭੁਪਿੰਦਰ ਸਿੰਘ, ਬੀਬੀ ਕੁਲਵੰਤ ਕੌਰ, ਭਾਈ ਸਤਵੰਤ ਸਿੰਘ, ਭਾਈ ਕਰਮਜੀਤ ਸਿੰਘ, ਭਾਈ ਹਰਬੰਸ ਸਿੰਘ ਹਾਜ਼ਰ ਸਨ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਗੁਰੂ ਬਖਸ਼ਿਸ਼ ਸਿਰੋਪਾਓ ਦਿੱਤੇ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੋਂ ਇਲਾਵਾ ਸ੍ਰ. ਨਰੈਣ ਸਿੰਘ ਚੌੜਾ, ਸ੍ਰ. ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸ੍ਰ. ਜਰਨੈਲ ਸਿੰਘ ਸਖੀਰਾ, ਸ੍ਰ. ਬੇਅੰਤ ਸਿੰਘ ਖਿਆਲਾ, ਸ੍ਰ. ਪਰਮਜੀਤ ਸਿੰਘ,ਪਰਮਜੀਤ ਸਿੰਘ ਟਾਡਾ, ਗੁਰਨਾਮ ਸਿੰਘ ਮਨਕਾ, ਸੁਪ੍ਰਿੰਟੈਂਡੈਂਟ ਸ੍ਰ. ਨਿਸ਼ਾਨ ਸਿੰਘ, ਮੈਨੇਜਰ ਸ੍ਰ. ਜਗਤਾਰ ਸਿੰਘ ਸ਼ਹੂਰਾ, ਸ੍ਰ. ਹਰਪ੍ਰੀਤ ਸਿੰ, ਵਧੀਕ ਮੈਨੇਜਰ ਸ੍ਰ. ਨਿਸ਼ਾਨ ਸਿੰਘ ਜੱਫਰਵਾਲ, ਸ੍ਰ. ਬਿਕਰਮਜੀਤਸਿੰਘ ਝੰਗੀ ਆਦਿ ਹਾਜ਼ਰ ਸਨ।

### 11ਵੀਂ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਦੀਆਂ ਦਿੱਲੀ 'ਚ ਤਿਆਰੀਆਂ ਜ਼ੋਰਾਂ 'ਤੇ

## 11 ਤੇ 12 ਅਕਤੂਬਰ ਨੂੰ ਹੋਣਗੇ ਦਿੱਲੀ ਦੇ ਤਾਲਕਟੋਰਾ ਸਟੇਡੀਅਮ 'ਚ ਗੱਤਕੇ ਦੇ ਕੌਮੀ ਮੁਕਾਬਲੇ



ਚੰਡੀਗੜ੍ਹ : ਦੇਸ਼ ਦੀ ਸਭ ਤੋਂ ਪੁਰਾਣੀ ਰਜਿਸਟਰਡ ਕੌਮੀ ਗੱਤਕਾ ਸੰਸਥਾ 'ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ' ਵੱਲੋਂ ਗੱਤਕਾ ਐਸੋਸੀਏਸ਼ਨ ਦਿੱਲੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਖੇ ਕਰਵਾਈ ਜਾ ਰਹੀ 11ਵੀਂ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਦੀਆਂ ਤਿਆਰੀਆਂ ਜ਼ੋਰਾਂ ਤੇ ਹਨ। ਇੱਥੇ ਇਸ ਸਬੰਧੀ ਇੱਕ ਮੀਟਿੰਗ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਗੱਤਕਾ ਐਸੋਸੀਏਸ਼ਨ ਦਿੱਲੀ ਦੇ ਚੇਅਰਮੈਨ ਅਤੇ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਬਜੀਤ ਸਿੰਘ ਵਿਰਕ, ਪ੍ਰਧਾਨ ਗੁਰਮੀਤ ਸਿੰਘ ਰਾਣਾ, ਜਨਰਲ ਸਕੱਤਰ ਜੀਤਇੰਦਰਪਾਲ ਸਿੰਘ, ਸੰਯੁਕਤ ਸਕੱਤਰ ਮੇਜਰ ਸਿੰਘ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਕੋਚਿੰਗ ਡਾਇਰੈਕਟੋਰੇਟ ਵੱਲੋਂ ਡਾਇਰੈਕਟਰ ਜੋਗਿੰਦਰ ਸਿੰਘ ਬੁੱਧ ਵਿਹਾਰ ਸ਼ਾਮਿਲ ਹੋਏ। ਇਸ ਮੀਟਿੰਗ ਦੌਰਾਨ ਤਾਲਕਟੋਰਾ ਸਟੇਡੀਅਮ ਵਿੱਚ ਹੋਣ ਵਾਲੇ ਨੈਸ਼ਨਲ ਟੂਰਨਾਮੈਂਟ ਦੀਆਂ ਤਿਆਰੀਆਂ ਸਬੰਧੀ ਲੇਖਾ-ਜੋਖਾ ਕੀਤਾ ਗਿਆ ਅਤੇ ਵੱਖ-ਵੱਖ ਬਣਾਈਆਂ ਗਈਆਂ ਕਮੇਟੀਆਂ ਦੇ ਮੈਂਬਰਾਂ ਨੂੰ ਉਹਨਾਂ ਦੀਆਂ ਡਿਊਟੀਆਂ ਸਬੰਧੀ ਗਿਆਤ ਕੀਤਾ ਗਿਆ। ਉਹਨਾਂ ਦੱਸਿਆ ਕਿ ਇਸ ਦੋ ਰੋਜ਼ਾ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਘੱਟੋ ਘੱਟ 18 ਰਾਜਾਂ ਤੋਂ ਲੜਕੇ ਅਤੇ ਲੜਕੀਆਂ ਦੀਆਂ ਵੱਖ-ਵੱਖ ਉਮਰ ਵਰਗ ਦੀਆਂ ਟੀਮਾਂ ਭਾਗ ਲੈਣਗੀਆਂ। ਉਹਨਾਂ ਦੱਸਿਆ ਕਿ ਲੜਕੇ ਅਤੇ ਲੜਕੀਆਂ ਦੀ ਰਿਹਾਇਸ਼ ਦਾ ਵੱਖੋ ਵੱਖਰਾ ਪ੍ਰਬੰਧ ਹੋਵੇਗਾ ਅਤੇ ਲੰਗਰ ਦਾ ਖੁੱਲਾ ਪ੍ਰਬੰਧ ਕੀਤਾ ਗਿਆ ਹੈ। ਰੈਫਰੀਆਂ ਅਤੇ ਜੱਜਮੈਂਟ ਟੀਮਾਂ ਦੇ ਰਹਿਣ ਲਈ ਵੱਖਰਾ ਪ੍ਰਬੰਧ ਹੋਵੇਗਾ। ਉਨ੍ਹਾਂ ਸਮੂਹ ਰਾਜਾਂ ਦੇ ਗੱਤਕਾ ਖਿਡਾਰੀਆਂ ਅਤੇ ਖਿਡਾਰਨਾਂ ਨੂੰ ਆਖਿਆ ਕਿ ਉਹ ਆਪੋ-ਆਪਣੇ ਰਾਜਾਂ ਦੀ ਪ੍ਰਵਾਨਤ ਖੇਡ ਕਿੱਟ ਵਿੱਚ ਹੀ ਸ਼ਾਮਿਲ ਹੋਣ।

# ਕੈਲੀਫੋਰਨੀਆ ਦੇ ਗਵਰਨਰ ਵਲੋਂ SB-403 ਬਿੱਲ ਉਪਰ ਦਸਤਖਤ ਨਾ ਕਰਨਾ ਮੰਦਭਾਗਾ

## ਅਸੀਂ ਹਰ ਹਾਲਤ 'ਚ ਜਾਤਪਾਤ ਦੇ ਭੇਦਭਾਵ ਨੂੰ ਰੋਕਣ ਦਾ ਬਿਲ ਪਾਸ ਕਰਾਉਣ ਦਾ ਯਤਨ ਕਰਾਂਗੇ : ਸ਼੍ਰੀ ਰਾਮ ਮੂਰਤੀ ਸਰੋਆ


ਫਰੀਮਾਂਟ/ਕੈਲੀਫੋਰਨੀਆ : ਅਮਰੀਕਾ ਦੇ ਉਘੇ ਸਿੱਖ ਆਗੂ ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ਼੍ਰੀ ਗੁਰੂ ਰਵੀਦਾਸ ਸਭਾ ਅਮਰੀਕਾ ਅਤੇ ਸਾਬਕਾ ਚੇਅਰਮੈਨ ਸ਼੍ਰੀ ਗੁਰੂ ਰਵੀਦਾਸ ਸਭਾ ਬੇਏਰੀਆ ਕੈਲੀਫੋਰਨੀਆ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਹੋਏ ਕਿਹਾ ਕੀ ਕੈਲੀਫੋਰਨੀਆ ਦੇ ਗਵਰਨਰ ਵਲੋਂ SB-403 ਬਿੱਲ ਉਪਰ ਦਸਤਖਤ ਨਾ ਕਰਨਾ ਮੰਦਭਾਗਾ ਹੈ।

ਇਸ ਜਾਤਪਾਤ ਦੇ ਕੈਂਸਰ ਖਿਲਾਫ ਸਿਰਫ ਕੈਲੀਫੋਰਨੀਆ ਹੀ ਨਹੀਂ ਪੂਰੇ ਅਮਰੀਕਾ ਤੋਂ ਵੱਡੀ ਗਿਣਤੀ ਮਾਹਿਰਾ ਵਲੋਂ ਸੋਚ ਵਿਚਾਰ ਕਰਕੇ ਇਸ ਬਿਲ ਨੂੰ ਲਿਆਂਦਾ ਗਿਆ ਸੀ।

ਕੈਲੀਫੋਰਨੀਆ ਦੇ ਗਵਰਨਰ ਵਲੋਂ ਜੋ ਆਪਣੇ ਲੈਟਰ 'ਚ ਕਿਹਾ ਗਿਆ ਹੈ ਭਾਵੇਂ ਕਿ ਉਹ ਬਿਲਕੁਲ ਠੀਕ ਹੈ ਅਤੇ ਅਮਰੀਕਾ ਦਾ ਕਨੂੰਨ ਹਰ ਇੱਕ ਨੂੰ ਪੂਰਨ ਅਤੇ ਬਰਾਬਰ ਦੀ ਅਜ਼ਾਦੀ ਦਿੰਦਾ ਹੈ ਪਰ ਭਾਰਤੀ ਜਾਤਪਾਤ ਦਾ ਕੋਹੜ ਉਹ ਲੋਕ ਹੀ ਸਮਝ ਸਕਦੇ ਹਬ ਜਿਨ੍ਹਾਂ ਨਾਲ ਸਦੀਆਂ ਤੋਂ ਇੱਕ ਮਨੁੱਖ ਦੂਜੇ ਮਨੁੱਖ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਕਰਦਾ ਇਸ ਅਣਮਨੁੱਖੀ ਪ੍ਰਥਾ ਖਿਲਾਫ ਜਿੰਨਾ ਵੀ ਸਖਤ ਬਿੱਲ ਆਵੇ ਥੋੜਾ ਹੈ।

ਸ਼੍ਰੀ ਰਾਮ ਮੂਰਤੀ ਸਰੋਆ ਨੇ ਕਿਹਾ ਕੀ ਅਸੀਂ ਹਰ ਹਾਲਤ 'ਚ ਵਿਦੇਸ਼ਾ 'ਚ ਜਾਤਪਾਤ ਦੀ ਕੈਂਸਰ ਨੂੰ ਰੋਕਣ ਦਾ ਯਤਨ ਕਰਾਂਗੇ ਅਤੇ ਇਸ ਵਾਸਤੇ ਬਿੱਲ 403 ਦੀ ਹਮਾਇਤ ਕਰਨੀ ਅਤੀ ਜ਼ਰੂਰੀ ਹੈ ਉਨ੍ਹਾਂ ਕਿਹਾ ਜਿਨ੍ਹਾਂ-ਜਿਨ੍ਹਾਂ ਕਾਰਨਾਂ ਕਰਕੇ ਭਾਰਤ 'ਚ ਸਦੀਆਂ ਤੋਂ ਮਨੁੱਖਤਾ ਦਾ ਸੋਸ਼ਣ ਕੀਤਾ ਜਾ ਰਿਹਾ ਹੈ ਉਹੀ ਪਾਵਰਫੁੱਲ ਲੋਕ ਹੁਣ ਵਿਦੇਸ਼ਾਂ 'ਚ ਉਸ ਜਾਤੀ-ਪਾਤੀ ਵਰਣ ਵਿਵਸਥਾ ਨੂੰ ਅਮਰੀਕਾ ਸਮੇਤ ਵਿਦੇਸ਼ਾਂ 'ਚ ਲਾਗੂ ਕਰਨ ਲਈ ਜ਼ੋਰ ਲਗਾ ਰਹੇ ਹਨ।

ਉਨ੍ਹਾਂ ਕਿਹਾ ਕਿ ਇਥੋਂ ਦੀਆਂ ਕੰਪਨੀਆਂ ਵਿਚ ਭਾਰਤੀ ਉੱਚ ਜਾਤੀਆਂ ਵਲੋਂ ਨੀਵੀਆਂ ਸਮਝੀਆਂ ਜਾਤੀਆਂ ਖ਼ਾਸ ਕਰ ਦਲਿਤ ਭਾਈਚਾਰੇ ਨਾਲ ਵਿਤਕਰੇ ਦੀਆਂ ਘਟਨਾਵਾਂ ਹੁੰਦੀਆਂ ਹਨ ਜੋ ਕੀ ਬਹੁਤ ਹੀ ਸੂਖਮ ਹਨ ਜਿਨ੍ਹਾਂ ਨੂੰ ਸਮਝਣ ਲਈ ਹੀ SB-403 ਦਾ ਹੋਂਦ 'ਚ ਆਉਣਾ ਬਹੁਤ ਜ਼ਰੂਰੀ ਹੈ ਉਨ੍ਹਾਂ ਸਮੂਹ ਕਮਿਉਨਟੀ ਨੂੰ ਇਕੱਠੀ ਹੋਣ ਤੇ ਹੋਰ ਭਾਈਚਾਰਿਆਂ ਨੂੰ ਵੀ ਨਾਲ ਜੋੜਨ ਲਈ ਕਿਹਾ ਅਸੀਂ ਹਰ ਹਾਲਤ 'ਚ ਜਾਤਪਾਤ ਦੇ ਭੇਦਭਾਵ ਨੂੰ ਰੋਕਣ ਦਾ ਬਿੱਲ ਪਾਸ ਕਰਾਉਣ ਦਾ ਯਤਨ ਕਰਦੇ ਰਹਾਂਗੇ।






ਪਿਛਲੇ ਸਮੇਂ ਦੌਰਾਨ ਜਾਤ-ਪਾਤ ਭੇਦ ਭਾਵ ਸਬੰਧੀ ਬਿੱਲ ਐਸਬੀ 403 ਬਾਰੇ ਕਮਿਉਨਿਟੀ ਨੂੰ ਜਾਗਰੁਕ ਕਰਦੇ ਹੋਏ ਸ਼੍ਰੀ ਰਾਮ ਮੂਰਤੀ ਸਰੋਅ ਅਤੇ ਹੋਰ ਆਗੂ। (ਫਾਈਲ ਫੋਟੋ)

# ਇਜ਼ਰਾਈਲ-ਹਮਾਸ ਜੰਗ 'ਚ ਹੁਣ ਤੱਕ ਹਜ਼ਾਰਾਂ ਮੌਤਾਂ

## • ਗਾਜ਼ਾ 'ਚ ਇਜ਼ਰਾਇਲੀ ਫ਼ੌਜ ਵੱਲੋਂ ਕੀਤੇ ਹਮਲੇ 'ਚ ਸੈਂਕੜੇ ਇਮਾਰਤਾਂ ਜ਼ਮੀਨਦੋਜ਼





ਯੇਰੂਸ਼ਲਮ : ਇਜ਼ਰਾਈਲੀ ਲੜਾਕੂ ਜਹਾਜ਼ਾਂ ਨੇ ਹਮਾਸ ਦੇ ਡਾਊਨਟਾਊਨ ਗਾਜ਼ਾ ਸ਼ਹਿਰ, ਜੋ ਹਮਾਸ ਦੇ ਸਰਕਾਰੀ ਕੇਂਦਰਾਂ ਦਾ ਘਰ ਹੈ, 'ਚ ਲਗਾਤਾਰ ਬੰਬਾਰੀ ਕੀਤੀ। ਜਾਰੀ ਯੁੱਧ ਵਿਚ ਹੁਣ ਤੱਕ 2200 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਜ਼ਰਾਈਲ ਵਿਚ ਦਹਾਕਿਆਂ 'ਚ ਇਹ ਪਹਿਲੀ ਵਾਰ ਹੈ ਕਿ ਉਸ ਦੀਆਂ ਸੜਕਾਂ 'ਤੇ ਲੜਾਈ ਹੋਈ ਹੋਵੇ ਅਤੇ ਗਾਜ਼ਾ ਦੇ ਨੇੜਲੇ ਇਲਾਕੇ ਮਲਬੇ 'ਚ ਤਬਦੀਲ ਹੋ ਗਏ। ਹਮਾਸ ਨੇ ਵੀ ਬਿਨਾਂ ਚਿਤਾਵਨੀ ਦਿੱਤੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ 'ਤੇ ਬੰਧਕ ਬਣਾਏ ਗਏ ਇਜ਼ਰਾਈਲੀਆਂ ਨੂੰ ਮਾਰਨ ਦਾ ਪ੍ਰਣ ਕੀਤਾ ਹੈ, ਜਿਸ ਨਾਲ ਟਕਰਾਅ ਵਧ ਗਿਆ ਹੈ। ਇਜ਼ਰਾਈਲੀ ਫ਼ੌਜ ਨੇ ਕਿਹਾ ਕਿ ਉਸ ਨੂੰ ਇਜ਼ਰਾਈਲ ਦੇ ਖੇਤਰ 'ਚ ਲਗਭਗ 1500 ਹਮਾਸ ਅੱਤਵਾਦੀਆਂ ਦੀਆਂ ਲਾਸ਼ਾਂ ਮਿਲੀਆਂ ਹਨ, ਕਿਉਂਕਿ ਇਸ ਨੇ ਦੱਖਣੀ ਖੇਤਰ 'ਚ ਪ੍ਰਭਾਵਸ਼ਾਲੀ ਕੰਟਰੋਲ ਹਾਸਿਲ ਕਰ ਲਿਆ ਹੈ ਅਤੇ ਸਰਹੱਦ 'ਤੇ ਪੂਰਾ ਕੰਟਰੋਲ ਬਹਾਲ ਕਰ ਲਿਆ ਹੈ। ਇਹ ਤੁਰੰਤ ਸਪੱਸ਼ਟ ਨਹੀਂ ਹੋਇਆ ਕਿ ਕੀ ਇਹ ਗਿਣਤੀ ਫਿਲਸਤੀਨੀ ਅਧਿਕਾਰੀਆਂ ਵਲੋਂ ਪਹਿਲਾਂ ਦੱਸੀਆਂ ਗਈਆਂ ਮੌਤਾਂ ਨਾਲ ਮੇਲ ਖਾਂਦੀ ਹੈ। ਇਜ਼ਰਾਈਲ ਨੇ ਕਿਹਾ ਕਿ ਹਮਾਸ ਤੇ ਗਾਜ਼ਾ 'ਚ ਹੋਰ ਅੱਤਵਾਦੀ ਸਮੂਹਾਂ ਨੇ ਇਜ਼ਰਾਈਲ 'ਚੋਂ ਫੜੇ 150 ਸੈਨਿਕਾਂ ਅਤੇ ਨਾਗਰਿਕਾਂ ਨੂੰ ਬੰਧਕ ਬਣਾਇਆ ਹੋਇਆ ਹੈ। ਜਿਵੇਂ ਹੀ ਇਜ਼ਰਾਈਲੀ ਸੈਨਾ ਨੇ ਵੱਡੇ ਪੱਧਰ 'ਤੇ ਲਾਮਬੰਦੀ 'ਚ 300,000 ਰਾਖਵੇਂ ਰੱਖੇ ਸੈਨਿਕਾਂ ਨੂੰ ਸਰਗਰਮ ਕੀਤਾ, ਤਾਂ ਇਕ ਵੱਡਾ ਸਵਾਲ ਇਹ ਸੀ ਕਿ ਕੀ ਉਹ ਛੋਟੇ ਭੂ ਮੱਧ ਸਾਗਰੀ ਤੱਟੀ ਖੇਤਰ 'ਚ ਜ਼ਮੀਨੀ ਹਮਲਾ ਸ਼ੁਰੂ ਕਰੇਗਾ। ਗਾਜ਼ਾ ਨੇੜਲੇ ਦਰਜਨ ਤੋਂ ਜ਼ਿਆਦਾ ਸ਼ਹਿਰਾਂ 'ਚੋਂ ਹਜ਼ਾਰਾਂ ਇਜ਼ਰਾਈਲੀਆਂ ਨੂੰ ਬਚਾਇਆ ਗਿਆ ਅਤੇ ਕਿਸੇ ਵੀ ਨਵੀਂ ਘੁਸਪੈਠ ਤੋਂ ਗਾਜ਼ਾ ਸਰਹੱਦ 'ਤੇ ਵਾੜ ਨੂੰ ਸੰਨ੍ਹ ਤੋਂ ਬਚਾਉਣ ਲਈ ਟੈਂਕ ਅਤੇ ਡਰੋਨ ਤਾਇਨਾਤ ਕੀਤੇ ਗਏ। ਗਾਜ਼ਾ ਵਿਚ ਹਵਾਈ ਹਮਲਿਆਂ ਨਾਲ ਇਮਾਰਤਾਂ ਦੇ ਜ਼ਮੀਨਦੋਜ਼ ਹੋਣ ਕਾਰਨ ਹਜ਼ਾਰਾਂ ਲੋਕ ਆਪਣੇ ਘਰ ਛੱਡ ਕੇ ਭੱਜ ਗਏ।

### ਬਾਇਡਨ ਵੱਲੋਂ ਇਜ਼ਰਾਈਲ ਨੂੰ ਹਮਾਇਤ ਦੇਣ ਦਾ ਐਲਾਨ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਇਜ਼ਰਾਈਲ ਨੂੰ ਆਪਣੀ ਤੇ ਆਪਣੇ ਲੋਕਾਂ ਦੀ ਰੱਖਿਆ ਕਰਨ ਦਾ ਪੂਰਾ ਅਧਿਕਾਰ ਹੈ। ਬਾਇਡਨ ਨੇ ਹਮਾਸ ਦੇ 'ਦਹਿਸ਼ਤੀ ਹਮਲਿਆਂ' ਦੇ ਜਵਾਬ ਵਿੱਚ ਇਜ਼ਰਾਈਲ ਨੂੰ 'ਠੋਸ ਤੇ ਅਟੁੱਟ' ਹਮਾਇਤ ਦੇਣ ਦਾ ਐਲਾਨ ਕੀਤਾ ਹੈ। ਇਸ ਦੌਰਾਨ ਅਮਰੀਕਾ ਨੇ ਇਜ਼ਰਾਈਲ ਨੇੜੇ ਆਪਣੇ ਜੰਗੀ ਬੇੜੇ ਭੇਜਣ ਦਾ ਐਲਾਨ ਕੀਤਾ ਹੈ। ਬਾਇਡਨ ਨੇ ਵ੍ਹਾਈਟ ਹਾਊਸ ਵਿੱਚ ਕਿਹਾ, "ਦਹਿਸ਼ਤੀ ਹਮਲਿਆਂ ਦੇ ਮੱਦੇਨਜ਼ਰ ਇਜ਼ਰਾਈਲ ਨੂੰ ਆਪਣੀ ਤੇ ਆਪਣੇ ਲੋਕਾਂ ਦੀ ਰੱਖਿਆ ਕਰਨ ਦਾ ਪੂਰਾ ਹੱਕ ਹੈ। ਇਹ ਇਜ਼ਰਾਈਲ ਦੇ ਕਿਸੇ ਵੀ ਦੁਸ਼ਮਣ ਲਈ ਇਨ੍ਹਾਂ ਹਮਲਿਆਂ ਦਾ ਲਾਹਾ ਲੈਣ ਦਾ ਸਮਾਂ ਨਹੀਂ ਹੈ। ਕੁਲ ਆਲਮ ਦੇਖ ਰਿਹਾ ਹੈ।" ਅਮਰੀਕੀ ਸਦਰ ਨੇ ਕਿਹਾ ਕਿ ਉਹ ਜੌਰਡਨ ਦੇ ਸ਼ਾਹ ਦੇ ਸੰਪਰਕ ਵਿੱਚ ਹਨ ਤੇ ਕਾਂਗਰਸ (ਅਮਰੀਕੀ ਸੰਸਦ) ਦੇ ਕਈ ਮੈਂਬਰਾਂ ਨਾਲ ਵੀ ਉਨ੍ਹਾਂ ਗੱਲਬਾਤ ਕੀਤੀ ਹੈ। ਬਾਇਡਨ ਨੇ ਆਪਣੀ ਕੌਮੀ ਸੁਰੱਖਿਆ ਸਲਾਹਕਾਰ ਟੀਮ ਨੂੰ ਇਜ਼ਰਾਈਲ ਨਾਲ ਗੱਲਬਾਤ ਕਰਨ ਦੇ ਵੀ ਹੁਕਮ ਦਿੱਤੇ ਹਨ।









(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

# ਇਜ਼ਰਾਈਲ-ਹਮਾਸ ਵਿਚਾਲੇ ਹਿੰਸਾ ਦੌਰਾਨ ਕਈ ਦੇਸ਼ਾਂ ਦੇ ਲੋਕ ਬੰਧਕ ਬਣਾਏ

## • ਭਾਰਤ ਵਲੋਂ ਆਪਣੇ ਵਿਦਿਆਰਥੀ ਅਤੇ ਹੋਰ ਲੋਕਾਂ ਨੂੰ ਕੱਢਣ ਦੀਆਂ ਸਰਗਰਮੀਆਂ ਆਰੰਭ

ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਟੀ. ਵੀ. 'ਤੇ ਰਾਸ਼ਟਰ ਨੂੰ ਦਿੱਤੇ ਭਾਸ਼ਨ ਵਿਚ ਕਿਹਾ ਕਿ ਅਸੀਂ ਸਿਰਫ ਹਮਾਸ 'ਤੇ ਹਮਲਾ ਕਰਨਾ ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਜੋ ਅਸੀਂ ਆਪਣੇ ਦੁਸ਼ਮਣਾਂ ਨਾਲ ਕਰਾਂਗੇ ਉਹ ਪੀੜ੍ਹੀਆਂ ਤੱਕ ਗੂੰਜਦਾ ਰਹੇਗਾ। ਇਜ਼ਰਾਈਲੀ ਸੈਨਾ ਨੇ ਕਿਹਾ ਕਿ ਉਸ ਨੇ ਰਾਤ ਭਰ ਗਾਜ਼ਾ ਦੇ ਸ਼ਹਿਰ ਰਿਮਲ, ਜੋ ਕਿ ਹਮਾਸ ਦੇ ਮੰਤਰਾਲਿਆਂ ਅਤੇ ਸਰਕਾਰੀ ਇਮਾਰਤਾਂ ਦਾ ਘਰ ਹੈ, 'ਚ ਹਮਾਸ ਦੇ ਸੈਂਕੜੇ ਟਿਕਾਣਿਆਂ 'ਤੇ ਹਮਲੇ ਕੀਤੇ। ਰਿਮਲ 'ਚ ਭਾਰੀ ਤਬਾਹੀ ਨੇ ਸੰਕੇਤ ਦਿੱਤਾ ਕਿ ਗਾਜ਼ਾ 'ਚ ਇਜ਼ਰਾਈਲ ਦੀ ਨਵੀਂ ਰਣਨੀਤੀ ਕੀ ਹੋ ਸਕਦੀ ਹੈ: ਨਾਗਰਿਕਾਂ ਨੂੰ ਕੁਝ ਖੇਤਰਾਂ ਨੂੰ ਛੱਡਣ ਦੀ ਚਿਤਾਵਨੀ ਦੇਣਾ ਅਤੇ ਫਿਰ ਉਨ੍ਹਾਂ ਖੇਤਰਾਂ 'ਤੇ ਬੇਮਿਸਾਲ ਤੀਬਰਤਾ ਨਾਲ ਹਮਲੇ ਕਰਨਾ। ਹਫ਼ਤੇ ਦੇ ਅੰਤ 'ਚ ਇਜ਼ਰਾਈਲ ਦੀ ਸਰਹੱਦ ਨਾਲ ਲਗਦੇ ਗਾਜ਼ਾ ਦੇ ਖੇਤਰਾਂ 'ਚ ਸ਼ੁਰੂ ਹੋਈ ਬੰਬਾਰੀ ਰਾਤੋ-ਰਾਤ ਗਾਜ਼ਾ ਸ਼ਹਿਰ ਦੇ ਕੇਂਦਰ 'ਚ ਤਬਦੀਲ ਹੋ ਗਈ। ਬਰੀਫਿੰਗ 'ਚ ਹੇਚਟ ਨੇ ਸੁਝਾਅ ਦਿੱਤਾ ਕਿ ਫਿਲਸਤੀਨੀਆਂ ਨੂੰ ਮਿਸਰ ਦੇ ਨਾਲ ਲਗਦੀ ਰਾਫਾਹ ਸਰਹੱਦ ਕਰਾਸਿੰਗ ਰਾਹੀਂ ਨਿਕਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਪਰ ਬਾਅਦ ਵਿਚ ਸੈਨਾ ਨੇ ਕਿਹਾ ਕਿ ਕਰਾਸਿੰਗ ਨੂੰ ਬੰਦ ਕਰ ਦਿੱਤਾ ਗਿਆ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਇਜ਼ਰਾਈਲ ਹਮਾਸ ਦੀ ਸਿਵਲ ਸਰਕਾਰ ਜਿਵੇਂ ਕਿ ਸੰਸਦ ਅਤੇ ਮੰਤਰਾਲਿਆਂ ਨੂੰ ਆਪਣੇ ਨਿਸ਼ਾਨੇ ਮੰਨਦਾ ਹੈ ਤਾਂ ਹੇਚਟ ਨੇ ਕਿਹਾ ਕਿ ਜੇਕਰ ਉਨ੍ਹਾਂ ਸਥਾਨਾਂ ਤੋਂ ਕੋਈ ਬੰਦੂਕਧਾਰੀ ਰਾਕਟ ਦਾਗਦਾ ਹੈ ਤਾਂ ਉਹ ਥਾਂ ਵੀ ਫ਼ੌਜ ਦਾ ਨਿਸ਼ਾਨਾ ਬਣਨਗੇ।



### ਚੀਨ ਵੱਲੋਂ ਜੰਗ ਖ਼ਤਮ ਕਰਨ ਦਾ ਸੱਦਾ

ਪੇਈਚਿੰਗ: ਚੀਨ ਨੇ ਫਲਸਤੀਨ ਅਤੇ ਇਜ਼ਰਾਈਲ ਨੂੰ ਕਿਹਾ ਹੈ ਕਿ ਉਹ ਆਮ ਨਾਗਰਿਕਾਂ ਦੀ ਸੁਰੱਖਿਆ ਲਈ ਫੌਰੀ ਜੰਗ ਖ਼ਤਮ ਕਰਨ। ਉਨ੍ਹਾਂ ਹਾਲਾਤ ਹੋਰ ਵਿਗੜਨ ਤੋਂ ਰੋਕਣ ਲਈ ਦੋਵੇਂ ਮੁਲਕਾਂ ਨੂੰ ਸੰਜਮ ਵਰਤਣ ਲਈ ਵੀ ਕਿਹਾ ਹੈ। ਉਨ੍ਹਾਂ ਕਿਹਾ ਕਿ ਟਕਰਾਅ ਤੋਂ ਮੁੜ ਸਪੱਸ਼ਟ ਹੋ ਗਿਆ ਹੈ ਕਿ ਸ਼ਾਂਤੀ ਪ੍ਰਕਿਰਿਆ ਨੂੰ ਲੰਮੇ ਸਮੇਂ ਤੱਕ ਲਟਕਾ ਕੇ ਨਹੀਂ ਰੱਖਿਆ ਜਾ ਸਕਦਾ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ ਕਿ ਮਸਲੇ ਦਾ ਹੱਲ ਦੋ ਰਾਸ਼ਟਰ ਬਣਾ ਕੇ ਹੀ ਕੱਢਿਆ ਜਾ ਸਕਦਾ ਹੈ ਅਤੇ ਫਲਸਤੀਨ ਨੂੰ ਆਜ਼ਾਦ ਮੁਲਕ ਵਜੋਂ ਮਾਨਤਾ ਦੇਣੀ ਚਾਹੀਦੀ ਹੈ। ਖ਼ਬਰ ਏਜੰਸੀ ਸਨਿਹੁਆ ਨੇ ਤਰਜਮਾਨ ਦੇ ਹਵਾਲੇ ਨਾਲ ਕਿਹਾ ਕਿ ਕੌਮਾਂਤਰੀ ਭਾਈਚਾਰੇ ਨੂੰ ਤੁਰੰਤ ਹਰਕਤ 'ਚ ਆਉਣਾ ਚਾਹੀਦਾ ਹੈ ਅਤੇ ਫਲਸਤੀਨ ਤੇ ਇਜ਼ਰਾਈਲ ਵਿਚਕਾਰ ਸ਼ਾਂਤੀ ਵਾਰਤਾ ਸ਼ੁਰੂ ਕਰਵਾ ਕੇ ਕੋਈ ਪੱਕਾ ਹੱਲ ਕੱਢਣਾ ਚਾਹੀਦਾ ਹੈ।







(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)











# ਇਜ਼ਰਾਈਲੀ ਹਮਲਿਆਂ ਨਾਲ ਗਾਜ਼ਾ ਪੱਟੀ ਦੇ ਕਈ ਇਲਾਕੇ ਤਬਾਹ

## • ਬਿਜਲੀ ਪਲਾਂਟ ਬੰਦ • ਹਰ ਪਾਸੇ ਛਾਇਆ ਹਨੇਰਾ • 3 ਫਿਲਸਤੀਨੀ ਪੱਤਰਕਾਰਾਂ ਦੀ ਮੌਤ




ਇਜ਼ਰਾਇਲ ਦੇ ਬਜ਼ੁਰਗਾਂ ਨੇ ਆਪਣੇ ਦੇਸ਼ ਦੀ ਰੱਖਿਆ ਲਈ ਚੁੱਕ ਲਈਆਂ ਬੰਦੂਕਾਂ

ਯੇਰੂਸ਼ਲਮ : ਸੀਲਬੰਦ ਗਾਜ਼ਾ ਪੱਟੀ ’ਚ ਫਿਲਸਤੀਨੀ ਲੋਕਾਂ ਨੂੰ ਬੁੱਧਵਾਰ ਨੂੰ ਸੁਰੱਖਿਅਤ ਸਥਾਨਾਂ ਦੀ ਭਾਲ ਲਈ ਜੱਦੋ-ਜਹਿਦ ਕਰਨੀ ਪਈ, ਕਿਉਂਕਿ ਇਜ਼ਰਾਈਲ ਨੇ ਹਮਾਸ ਅੱਤਵਾਦੀਆਂ ਵਲੋਂ ਕੀਤੇ ਗਏ ਹਮਲੇ ਦਾ ਬਦਲਾ ਲੈਣ ਲਈ ਛੋਟੇ ਤੱਟੀ ਖੇਤਰ ’ਚ ਕਈ ਇਲਾਕੇ ਤਬਾਹ ਕਰ ਦਿੱਤੇ, ਹਸਪਤਾਲਾਂ ’ਚ ਸਪਲਾਈ ਘਟ ਗਈ ਅਤੇ ਗਾਜ਼ਾ ਵਿਚ ਇਕੋ-ਇਕ ਬਿਜਲੀ ਦੇ ਪਲਾਂਟ ਵਿਚ ਬਾਲਣ ਸਮਾਪਤ ਹੋ ਗਿਆ, ਜਿਸ ਤੋਂ ਬਾਅਦ ਇਹ ਬੰਦ ਹੋ ਗਿਆ। ਹੁਣ ਖੇਤਰ ਬਿਜਲੀ ਲਈ ਸਿਰਫ ਜਨਰੇਟਰਾਂ ’ਤੇ ਨਿਰਭਰ ਹੈ, ਜਿਸ ਦੀ ਪਹਿਲਾਂ ਹੀ ਬਹੁਤ ਘੱਟ ਸਪਲਾਈ ਹੈ। ਯੁੱਧ, ਜਿਸ ਵਿਚ ਪਹਿਲਾਂ ਹੀ ਦੋਵੇਂ ਧਿਰਾਂ ਦੇ ਘੱਟੋ-ਘੱਟ 2200 ਲੋਕਾਂ ਦੀ ਮੌਤ ਹੋ ਚੁੱਕੀ ਹੈ, ਦੇ ਹੋਰ ਵਧਣ ਦੀ ਖਦਸ਼ਾ ਹੈ। ਇਜ਼ਰਾਈਲ ਦੇ ਹਵਾਈ ਹਮਲਿਆਂ ਨੇ ਪੂਰੇ ਸ਼ਹਿਰ ਦੇ ਬਲਾਕਾਂ ਨੂੰ ਮਲਬੇ ’ਚ ਤਬਦੀਲ ਕਰ ਦਿੱਤਾ, ਜਿਸ ਨਾਲ ਅਨਿਸ਼ਚਿਤ ਗਿਣਤੀ ’ਚ ਲਾਸ਼ਾਂ ਮਲਬੇ ਦੇ ਢੇਰਾਂ ਹੇਠਾਂ ਦੱਬ ਗਈਆਂ। ਫਿਲਸਤੀਨੀਆਂ ਦੀ ਭੀੜ ਸੰਯੁਕਤ ਰਾਸ਼ਟਰ ਦੇ ਸਕੂਲਾਂ ’ਚ ਜਮ੍ਹਾਂ ਹੋ ਗਈ ਹੈ ਅਤੇ ਸੁਰੱਖਿਅਤ ਸਥਾਨਾਂ ਦੀ ਗਿਣਤੀ ਘਟ ਗਈ ਹੈ, ਅਜਿਹੇ ’ਚ ਮਨੁੱਖਤਾਵਾਦੀ ਸਮੂਹਾਂ ਨੇ ਗਾਜ਼ਾ ’ਚ ਸਹਾਇਤਾ ਪ੍ਰਾਪਤ ਕਰਨ ਲਈ ਗਲਿਆਰੇ ਬਣਾਉਣ ਦੀ ਅਪੀਲ ਕੀਤੀ ਅਤੇ ਚਿਤਾਵਨੀ ਦਿੱਤੀ ਕਿ ਜ਼ਖ਼ਮੀ ਲੋਕਾਂ ਨਾਲ ਭਰੇ ਹਸਪਤਾਲਾਂ ’ਚ ਸਪਲਾਈ ਖ਼ਤਮ ਹੋ ਰਹੀ ਹੈ। ਡਾਊਨਟਾਊਨ ਇਲਾਕੇ, ਸਰਕਾਰੀ ਮੰਤਰਾਲਿਆਂ, ਮੀਡੀਆ ਦਫ਼ਤਰਾਂ ਅਤੇ ਹੋਟਲਾਂ ਦੇ ਘਰ, ’ਤੇ ਬੰਬਾਰੀ ’ਚ 3 ਫਿਲਸਤੀਨੀ ਪੱਤਰਕਾਰਾਂ ਦੇ ਮਾਰੇ ਜਾਣ ਬਾਅਦ ਪੱਤਰਕਾਰ ਹਸਨ ਜਬਰ ਨੇ ਕਿਹਾ ਕਿ ਗਾਜ਼ਾ ’ਚ ਹੁਣ ਕੋਈ ਵੀ ਸੁਰੱਖਿਅਤ ਜਗ੍ਹਾ ਨਹੀਂ ਹੈ। ਇਜ਼ਰਾਈਲ ਨੇ ਗਾਜ਼ਾ ਵਿਚ ਭੋਜਨ, ਤੇਲ ਅਤੇ ਦਵਾਈਆਂ ਦੀ ਸਪਲਾਈ ਰੋਕ ਦਿੱਤੀ ਹੈ ਅਤੇ ਸਰਹੱਦ ਪਾਰ ਦੇ ਕੋਲ ਹਵਾਈ ਹਮਲੇ ਦੇ ਬਾਅਦ ਮੰਗਲਵਾਰ ਨੂੰ ਮਿਸਰ ਤੋਂ ਇਕੋ ਪਹੁੰਚ ਵੀ ਬੰਦ ਕਰ ਦਿੱਤੀ ਗਈ। ਇਜ਼ਰਾਈਲ ਨੇ ਕਿਹਾ ਕਿ ਉਸ ਨੇ ਆਪਣੇ ਦੱਖਣ ’ਚ ਅਤੇ ਗਾਜ਼ਾ ਸਰਹੱਦ ’ਤੇ ਹਮਾਸ ਵਲੋਂ ਹਮਲਾ ਕੀਤੇ ਗਏ ਖੇਤਰਾਂ ’ਤੇ ਪ੍ਰਭਾਵੀ ਕੰਟਰੋਲ ਹਾਸਿਲ ਕਰ ਲਿਆ ਹੈ। ਉਧਰ ਲਿਬਨਾਨ ਅਤੇ ਸੀਰੀਆ ’ਚ ਅੱਤਵਾਦੀਆਂ ਵਲੋਂ ਇਜ਼ਰਾਈਲ ਦੀਆਂ ਉੱਤਰੀ ਸਰਹੱਦਾਂ ’ਤੇ ਗੋਲੀਬਾਰੀ ਕਾਰਨ ਖੇਤਰੀ ਸੰਘਰਸ਼ ਦੇ ਵਧਣ ਦੇ ਖ਼ਤਰੇ ਵੱਲ ਇਸ਼ਾਰਾ ਕਰਦੇ ਹੋਏ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਹੋਰ ਦੇਸ਼ਾਂ ਅਤੇ ਹਥਿਆਰਬੰਦ ਸਮੂਹਾਂ ਨੂੰ ਸੰਘਰਸ਼ ’ਚ ਸ਼ਾਮਿਲ ਹੋਣ ਖਿਲਾਫ਼ ਚਿਤਾਵਨੀ ਦਿੱਤੀ। ਇਕ ਨਵੀਂ ਰਣਨੀਤੀ ’ਚ, ਇਜ਼ਰਾਈਲ ਨਾਗਰਿਕਾਂ ਨੂੰ ਇਲਾਕੇ ਨੂੰ ਖਾਲੀ ਕਰਨ ਦੀ ਚਿਤਾਵਨੀ ਦੇ ਰਿਹਾ ਹੈ ਤੇ ਫਿਰ ਤਬਾਹੀ ਮਚਾ ਰਿਹਾ ਹੈ, ਜੋ ਜ਼ਮੀਨੀ ਹਮਲੇ ਦੀ ਪ੍ਰਸਤਾਵਨਾ ਹੋ ਸਕਦੀ ਹੈ। ਇਜ਼ਰਾਈਲੀ ਸੈਨਾ ਨੇ ਕਿਹਾ ਕਿ ਲੜਾਕੂ ਜਹਾਜ਼ਾਂ ਅਲ-ਫੁਰਕਾਨ ਇਲਾਕੇ ’ਚ ਕਈ ਵਾਰ ਮੁੜੇ ਅਤੇ 24 ਘੰਟਿਆਂ ’ਚ 450 ਟਿਕਾਣਿਆਂ ’ਤੇ ਹਮਲਾ ਕੀਤਾ। ਇਕ ਧਮਾਕਾ ਗਾਜ਼ਾ ਸ਼ਹਿਰ ਦੀ ਬੰਦਰਗਾਹ ’ਤੇ ਹੋਇਆ, ਜਿਸ ਨਾਲ ਮੱਛੀ ਫੜਨ ਵਾਲੀਆਂ ਬੇੜੀਆਂ ਸੜ ਗਈਆਂ। ਫਿਲਸਤੀਨੀ ਨਾਗਰਿਕ ਸੁਰੱਖਿਆ ਬਲਾਂ ਨੇ ਅਬਦੁੱਲਾ ਮੁਸਲੇਹ ਨੂੰ ਉਨ੍ਹਾਂ ਦੇ ਅਪਾਰਟਮੈਂਟ ਦੀ ਇਮਾਰਤ ਦੇ ਢਹਿ ਜਾਣ ਦੇ ਬਾਅਦ 30 ਹੋਰ ਲੋਕਾਂ ਸਮੇਤ ਉਨ੍ਹਾਂ ਦੇ ਤਹਿਖਾਨੇ ਤੋਂ ਬਾਹਰ ਕੱਢਿਆ। ਹਿੰਸਾ ਪੂਰਬੀ ਯੇਰੂਸ਼ਲਮ ’ਚ ਵੀ ਫੈਲ ਗਈ, ਜਿਥੇ ਇਜ਼ਰਾਈਲੀ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਮੰਗਲਵਾਰ ਦੇਰ ਰਾਤ ਪੁਲਿਸ ’ਤੇ ਪਥਰਾਅ ਕਰਨ ਵਾਲੇ ਦੋ ਫਿਲਸਤੀਨੀਆਂ ਨੂੰ ਮਾਰ ਦਿੱਤਾ। ਇਜ਼ਰਾਈਲੀ ਸੈਨਾ ਨੇ ਕਿਹਾ ਕਿ ਇਜ਼ਰਾਈਲ ’ਚ 155 ਸੈਨਿਕਾਂ ਸਮੇਤ 1200 ਤੋਂ ਜ਼ਿਆਦਾ ਲੋਕ ਮਾਰੇ ਗਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਗਾਜ਼ਾ ’ਚ 1055 ਲੋਕ ਮਾਰੇ ਗਏ, ਜਿਨ੍ਹਾਂ ’ਚ 260 ਬੱਚੇ ਅਤੇ 230 ਔਰਤਾਂ ਸ਼ਾਮਲ ਹਨ, ਇਜ਼ਰਾਈਲੀਆਂ ਦਾ ਕਹਿਣਾ ਹੈ ਕਿ ਉਨ੍ਹਾਂ ’ਚ ਸੈਂਕੜੇ ਹਮਾਸ ਅੱਤਵਾਦੀ ਸ਼ਾਮਿਲ ਹਨ, ਦੋਵੇਂ ਪਾਸੇ ਹਜ਼ਾਰਾਂ ਲੋਕ ਜ਼ਖ਼ਮੀ ਹੋਏ ਹਨ। ਸੈਨਾ ਨੇ ਕਿਹਾ ਕਿ ਲਗਪਗ 1500 ਅੱਤਵਾਦੀਆਂ ਦੀਆਂ ਲਾਸ਼ਾਂ ਇਜ਼ਰਾਈਲੀ ਖੇਤਰ ’ਚ ਮਿਲੀਆਂ। ਸੰਯੁਕਤ ਰਾਸ਼ਟਰ ਦੇ ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਗਾਜ਼ਾ ’ਚ 7 ਹਸਪਤਾਲਾਂ ਲਈ ਪਹਿਲਾਂ ਤੋਂ ਰੱਖੀ ਗਈ ਸਪਲਾਈ ਪਹਿਲਾਂ ਹੀ ਸਮਾਪਤ ਹੋ ਚੁੱਕੀ ਹੈ।




ਫਲਸਤੀਨੀ ਅੱਤਵਾਦੀਆਂ ਨੇ ਦੱਖਣੀ ਗਾਜ਼ਾ ਪੱਟੀ ਦੇ ਖਾਨ ਯੂਨਿਸ ਵਿੱਚ ਕਥਿਤ ਤੌਰ ’ਤੇ ਇੱਕ ਇਜ਼ਰਾਈਲੀ ਔਰਤ ਨੂੰ ਲਿਜਾ ਰਹੇ ਇੱਕ ਟਰੱਕ ਨੂੰ ਘੇਰਿਆ।

## ਇਜ਼ਰਾਇਲ ਦੀ ਬਹਾਦਰ ਸ਼ੇਰਨੀ



ਇਜ਼ਰਾਇਲ ਦੀ 25 ਸਾਲਾ ਬਹਾਦਰ ਸ਼ੇਰਨੀ Inbal Rabin-Lieberman ਜਿਸ ਨੇ ਹਮਾਸ ਦੇ ਦਹਿਸ਼ਤਗਰਦ ਜਾਨਵਰਾਂ ਨੂੰ ਪਹਿਲੀ ਨਜ਼ਰ ’ਚ ਹੀ ਪਹਿਚਾਣ ਲਿਆ ਕਿ ਇਜ਼ਰਾਇਲ ’ਚ ਕੀ ਵਾਪਰ ਗਿਆ ਉਸ ਨੇ ਦੌੜ ਕੇ ਆਪਣੇ ਘਰਾਂ ਨੂੰ ਅਗਾਹ ਕੀਤਾ। ਪਾਗਲਾਂ ਦੀਆਂ ਤਰ੍ਹਾਂ ਘਰ-ਘਰ ਦੇ ਕੁੰਡੇ ਖੜਕਾ ਕੇ ਦਹਿਸ਼ਤਗਰਦਾਂ ਨਾਲ ਮੁਕਾਬਲਾ ਕਰਨ ਲਈ ਤਿਆਰ ਕੀਤਾ। ਜਦੋਂ ਬਾਕੀ ਘਰਾਂ ਵਾਂਗਰ ਹਮਾਸ ਦੇ ਦਹਿਸ਼ਤਗਰਦ ਇਸ ਕੁੜੀ ਦੇ ਮੁਹੱਲੇ Kibbutz ਵਿਖੇ ਮਸੂਕਾਂ ਲੋਕਾਂ ਨੂੰ ਘਰ ’ਚ ਮਾਰਨ ਲਈ ਪਹੁੰਚੇ ਤਾਂ ਇਸ ਕੁੜੀ ਵਲੋਂ ਤਿਆਰ ਕੀਤੇ ਪਿੰਡ ਦੇ ਲੋਕਾਂ 25 ਦੇ 25 ਦਹਿਸ਼ਤਗਰਦਾਂ ਨੂੰ ਮਾਰ ਕੇ ਜ਼ਮੀਨ ਦੇ ਲੁਟਾ ਦਿੱਤਾ।



ਜ਼ੋਹਰ ਅਤੇ ਲੀਰੋਨ ਇੱਕ ਨੌਜਵਾਨ ਜੋੜਾ ਹੈ ਜੋ ਦੱਖਣੀ ਇਜ਼ਰਾਈਲ ਵਿੱਚ ਸੰਗੀਤ ਸਮਾਰੋਹ ਵਿੱਚ ਭਿਆਨਕ ਕਤਲੇਆਮ ਤੋਂ ਬਚ ਗਿਆ ਸੀ। ਫਰਾਰ ਹੋਣ ਤੋਂ ਤੁਰੰਤ ਬਾਅਦ, ਦੋਵਾਂ ਨੇ ਕੰਬੈਟ ਇੰਜੀਨੀਅਰਿੰਗ ਕੋਰ ਦੀ ਰਿਜ਼ਰਵ ਬਟਾਲੀਅਨ ਵਿੱਚ ਰਿਜ਼ਰਵ ਡਿਊਟੀ ਲਈ ਰਿਪੋਰਟ ਕੀਤੀ।

(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)



ਦਹਿਸ਼ਤਗਰਦ ਹਮਾਸ ਦੇ ਕਾਰਨ ਇਜ਼ਰਾਇਲ ਅਤੇ ਫਲਸਤੀਨ ਦੇ ਲੋਕ ਅਤੇ ਬੱਚੇ ਜੰਗ ਦੀ ਕੀਮਤ ਆਪਣੀਆਂ ਜਾਨਾਂ ਨਾਲ ਅਦਾ ਕਰ ਰਹੇ ਹਨ।



# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਦੱਸਣ ਵਾਲੇ ਮੁਲਜ਼ਮ ਖਿਲਾਫ ਰੱਦ ਨਹੀਂ ਹੋਵੇਗੀ ਐਫਆਈਆਰ : ਹਾਈਕੋਰਟ





ਚੰਡੀਗੜ੍ਹ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੇ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਦੇ ਵਸਨੀਕ ਸੰਜੇ ਰਾਏ ਖ਼ਿਲਾਫ਼ ਅੰਮ੍ਰਿਤਸਰ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਿਹਾ ਹੈ। ਇਸ ਤੋਂ ਬਾਅਦ ਸੰਜੇ ਰਾਏ ਤੇ ਅੰਮ੍ਰਿਤਸਰ ਵਿੱਚ ਐਫਆਈਆਰ ਦਰਜ ਕੀਤੀ ਗਈ। ਇਸ ਤੋਂ ਬਾਅਦ ਸੰਜੇ ਨੇ ਹਾਈਕੋਰਟ ਦਾ ਦਰਵਾਜਾ ਖੜਕਾਇਆ ਤਾਂ ਜੋ ਉਸਦੀ ਐੱਫਆਈਆਰ ਰੱਦ ਕੀਤੀ ਜਾਵੇ ਪਰ ਕੋਰਟ ਨੇ ਐੱਫਆਈਆਰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ।

ਪੰਜਾਬ-ਹਰਿਆਣਾ ਹਾਈ ਕੋਰਟ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਅਤੇ ਸਿੱਖਾਂ ਦੇ 12ਵੇਂ ਗੁਰੂ ਹੋਣ ਦੇ ਦਾਅਵੇ ਨੂੰ ਬਹੁਤ ਗੰਭੀਰ ਮਾਮਲਾ ਕਰਾਰ ਦਿੰਦਿਆਂ ਪਟੀਸ਼ਨਰ ਵਿਰੁੱਧ ਦਰਜ ਐਫਆਈਆਰ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਹਾਈਕੋਰਟ ਨੇ ਕਿਹਾ ਕਿ ਧਰਮ ਦੀ ਪਰਵਾਹ ਕੀਤੇ ਬਿਨਾਂ, ਬੇਅਦਬੀ ਘਿਨਾਉਣੇ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦੀ ਹੈ ਕਿਉਂਕਿ ਇਹ ਸਮਾਜ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਐਸਜੀਪੀਸੀ ਨੇ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਦੇ ਵਸਨੀਕ ਸੰਜੇ ਰਾਏ ਖ਼ਿਲਾਫ਼ ਅੰਮ੍ਰਿਤਸਰ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਿਹਾ ਹੈ। ਸੋਸ਼ਲ ਮੀਡੀਆ ’ਤੇ ਸੰਜੇ ਦੀ ਇਕ ਵੀਡੀਓ ਵਾਇਰਲ ਹੋਈ ਹੈ, ਜਿਸ ’ਚ ਉਹ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਣ ਦਾ ਦਾਅਵਾ ਕਰ ਰਿਹਾ ਹੈ। ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਵੀ ਜੀਵਤ ਵਿਅਕਤੀ ਨੂੰ ਗੁਰੂ ਨਹੀਂ ਮੰਨਿਆ ਜਾ ਸਕਦਾ, ਇਸ ਲਈ ਅਜਿਹਾ ਦਾਅਵਾ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ।

**ਅੰਮ੍ਰਿਤਸਰ ’ਚ ਦਰਜ ਕੀਤੀ ਗਈ ਸੀ ਐਫਆਈਆਰ :** ਇਸ ਮਾਮਲੇ ਵਿੱਚ 23 ਦਸੰਬਰ 2022 ਨੂੰ ਅੰਮ੍ਰਿਤਸਰ ਵਿੱਚ ਦਰਜ ਐਫਆਈਆਰ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਪਟੀਸ਼ਨਰ ਨੇ ਕਿਹਾ ਸੀ ਕਿ ਦੁਨੀਆਂ ਵਿੱਚ ਸਿਰਫ਼ ਇੱਕ ਹੀ ਧਰਮ ਹੈ, ਜੋ ਸਨਾਤਨ ਹੈ, ਬਾਕੀ ਸਾਰੇ ਸੰਪਰਦਾਵਾਂ ਹਨ। ਅਜਿਹੀ ਸਥਿਤੀ ਵਿੱਚ ਪਟੀਸ਼ਨਕਰਤਾ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕੋਈ ਮਾਮਲਾ ਨਹੀਂ ਹੈ। ਪਟੀਸ਼ਨਰ ਨੇ ਕਿਹਾ ਕਿ ਉਸ ਕੋਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਤਮਾ ਹੈ ਅਤੇ ਉਹ ਉਨ੍ਹਾਂ ਦੇ ਅਵਤਾਰ ਹਨ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਵੀਡੀਓ ਵਿੱਚ, ਪਟੀਸ਼ਨਕਰਤਾ ਆਪਣੇ ਆਪ ਨੂੰ ਸਿੱਖਾਂ ਦਾ 12ਵਾਂ ਗੁਰੂ ਘੋਸ਼ਿਤ ਕਰ ਰਿਹਾ ਹੈ, ਜੋ ਕਿ ਆਈਪੀਸੀ ਦੀ ਧਾਰਾ 295-ਏ ਦੇ ਤਹਿਤ ਇੱਕ ਮਾਨਤਾਯੋਗ ਅਪਰਾਧ ਹੈ।

**ਬੇਅਦਬੀ ਸਮਾਜ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ :** ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਹਾਈਕੋਰਟ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਧਰਮ ਦੀ ਬੇਅਦਬੀ ਕਰਨਾ ਘਿਨੌਣਾ ਅਪਰਾਧ ਹੈ, ਚਾਹੇ ਉਹ ਕਿਸੇ ਵੀ ਧਰਮ ਦਾ ਹੋਵੇ। ਬੇਅਦਬੀ ਸਮਾਜ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਜਾਂਚ ਅਜੇ ਜਾਰੀ ਹੈ ਕਿ ਪਟੀਸ਼ਨਕਰਤਾ ਨੇ ਬੇਅਦਬੀ ਕੀਤੀ ਹੈ ਜਾਂ ਨਹੀਂ, ਅਜਿਹੀ ਸਥਿਤੀ ਵਿੱਚ ਪਟੀਸ਼ਨਕਰਤਾ ਦੇ ਖਿਲਾਫ ਐਫਆਈਆਰ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਹਾਈਕੋਰਟ ਨੇ ਕਿਹਾ ਕਿ ਹੇਠਲੀ ਅਦਾਲਤ ਨੇ ਫੈਸਲਾ ਕਰਨਾ ਹੈ ਕਿ ਪਟੀਸ਼ਨਕਰਤਾ ਦੇ ਖਿਲਾਫ ਬੇਅਦਬੀ ਜਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਬਣਦਾ ਹੈ ਜਾਂ ਨਹੀਂ। ਅਜਿਹੇ ’ਚ ਹਾਈਕੋਰਟ ਫਿਲਹਾਲ ਇਸ ਮਾਮਲੇ ’ਚ ਦਖਲ ਨਹੀਂ ਦੇਣਾ ਚਾਹੁੰਦੀ।



E-mail : info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

187/7-16/2500
☎ 2553957 2553958 2553959
Fax : 0183-2553919

**Shiromani Gurdwara Parbandhak Committee**

Teja Singh Samundri Hall, SRI AMRITSAR.

No. 22019 ........ Date 06/10/2023

Mr. Raj Kamal Jha,
Editor-in-chief,
The Indian Express,
Sector 10, Noida, UP.

Rebuttal: Regarding article "India's Canadian problem by Tavleen Singh" published on September 24, 2023.

Dear Sir,

This rebuttal is regarding an article "India's Canadian problem", written by Tavleen Singh, published under Fifth column heading in The Sunday Express on Opinion page of September 24, 2023. This article by Tavleen Singh contains highly objectionable and false propaganda material about Guru Gobind Singh, the tenth Sikh Guru and Sant Jarnail Singh Bhindranwale, 14th head of Damdami Taksal.

**1.** It has been falsely propagated and written by Tavleen Singh and subsequently published by the Indian Express in fourth paragraph of the said article that, "Khalsa was created by Guru ~~Govind~~ (Gobind) Singh with the specific purpose of fighting the repression of the Moghul Emperor. What is worth remembering is that the army he built was an army of Hindus and that he was a Hindu himself."

**Truth:** Guru Gobind Singh founded Khalsa Panth against repression and atrocities, in continuation of the Sikh faith initiated by Guru Nanak Dev, the first Sikh Guru. Guru Gobind Singh did not built an army for any particular religion (Hinduism), caste, region, etc., but formed the Khalsa brotherhood, an embodiment of the Saint-Soldier spirit devoted to the Akal Purakh (The Timeless One). Guru Gobind Singh was not a Hindu, but according to the holy verses of Guru Granth Sahib – he was exponent of the path - 'Na Hum Hindu Na Musalman. (I am not Hindu, nor am I a Muslim.) - (Guru Granth Sahib – Page 1136)'.

**2.** In the third paragraph of this article, Tavleen Singh made another false claim that Jarnail Singh Bhindranwale ran a reign of terror. That he had a network of spies that was so efficient that if any Sikh dared speak against him...

**Truth:** Sant Jarnail Singh Bhindranwale was the bearer of Gurmat (teachings of the Sikh Gurus) ideology. The struggle he did was for securing the rights of Punjab – political, economic, water issues and not for the fulfillment of personal interests. At that time, the Dharam Yudh Morcha, the peaceful political campaign by Shiromani Akali Dal was ongoing in Punjab, in the backdrop of long-pending water and river rights issues, unequal distribution of fiscal resources; injustice done under the Punjab Reorganisation Act, 1966, be it exclusion of Punjabi speaking areas, snatching away of Punjab's due share of river waters, Chandigarh issue, police atrocities, and long-pending demand of Sikh community to amend Article 25(B) of the Constitution of India besides the framing of the Anand Marriage Act. All these issues were part of the Anandpur Sahib Resolution which reflects the Sikh community's and Punjab's long-standing grievances and unresolved issues. By claiming that Jarnail Singh Bhindranwale punished anyone who differed with his ideology, Tavleen Singh is demeaning his personality by portraying him as a dictator and flies in the face of facts as shared by AR Darshi (PSC retired) in his book 'The Gallant Defender', BD Pande (ICS retired & Ex-Punjab Governor) in his book 'In the Service of Free India', and Subramanian Swamy (Ex-MP & Ex-Union Minister).

In light of the above-mentioned facts, the Shiromani Gurdwara Parbandhak Committee (SGPC), Sri Amritsar, the representative and constitutional organization of the Sikh community governed under the Sikh Gurdwaras Act, 1925, request you to ask the columnist Tavleen Singh to tender an apology as her malicious column has demeaned and shown the Sikh community in a very bad light. We also request you to give space to the facts enunciated in this letter in your daily.

Find the enclosed documents which provide further clarity on the issue:

1. Anatomy of the Anandpur Sahib Resolution by Devinder Singh Duggal.
2. You owe us Justice – pamphlet distributed by Shiromani Akali Dal MPs during Parliament session in 1982.


Thanking You,

Regards,
(signature)
Secretary, SGPC, Sri Amritsar.

### ਜੱਜ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦਾ ਦਿੱਤਾ ਹਵਾਲਾ

ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਕੀਤਾ ਸੀ ਕਿ ਉਨ੍ਹਾਂ ਤੋਂ ਬਾਅਦ ਕੋਈ ਮਨੁੱਖ ਗੁਰੂ ਨਹੀਂ ਹੋਵੇਗਾ। ਸਤਿਕਾਰਯੋਗ ਗੁਰੂ ਗੁਰੂ ਗ੍ਰੰਥ ਸਾਹਿਬ ਹੀ ਹਨ। ਇਸ ਪਵਿੱਤਰ ਸਿਧਾਂਤ ਤੋਂ ਕੋਈ ਵੀ ਭਟਕਣਾ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਅਪਮਾਨ ਦੇ ਬਰਾਬਰ ਹੈ।– ਜਸਟਿਸ ਜਸਗੁਰਪ੍ਰੀਤ ਸਿੰਘ ਪੁਰੀ

ਅਸੀਂ ਮਾਨਯੋਗ ਹਾਈਕੋਰਟ ਵੱਲੋਂ ਗੁਰੂ ਨਾਨਕ ਦੇਵ ਜੀ ਦਾ ਪੁਨਰ ਜਨਮ ਹੋਣ ਦਾ ਦਾਅਵਾ ਕਰਨ ਵਾਲੇ ਇੱਕ ਦੋਸ਼ੀ ਵਿਰੁੱਧ ਐਫਆਈਆਰ ਨੂੰ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰਨ ਦੇ ਫੈਸਲੇ ਦਾ ਸਵਾਗਤ ਕਰਦੇ ਹਾਂ ਅਤੇ ਇਹ ਫੈਸਲਾ ਕਰਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਿਰਦੇਸ਼ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਤੋਂ ਬਾਅਦ ਕੋਈ ਮਨੁੱਖ ਗੁਰੂ ਨਹੀਂ ਹੋਵੇਗਾ। ਸਤਿਕਾਰਯੋਗ ਗੁਰੂ ਗੁਰੂ ਗ੍ਰੰਥ ਸਾਹਿਬ ਹੀ ਹਨ। ਅਸੀਂ ਬੇਨਤੀ ਕਰਦੇ ਹਾਂ ਕਿ ਦੋਸ਼ੀ ਵਿਅਕਤੀ ਦੇ ਖਿਲਾਫ ਅਗਲੇਰੀ ਜਾਂਚ ਅਤੇ ਕਾਨੂੰਨੀ ਕਾਰਵਾਈ ਕਰਨ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦੀ ਸ਼ਿਕਾਇਤ ’ਤੇ, ਅੰਮ੍ਰਿਤਸਰ ਪੁਲਿਸ ਨੇ ਦਸੰਬਰ 2022 ਵਿੱਚ ਇੱਕ ਮੁਲਜ਼ਮ ਵਿਰੁੱਧ ਆਈਪੀਸੀ ਦੀ ਧਾਰਾ 295-ਏ ਤਹਿਤ ਕੇਸ ਦਰਜ ਕੀਤਾ ਸੀ। ਇੰਡੀਅਨ ਐਕਸਪ੍ਰੈਸ ਦੁਆਰਾ ਲੇਖ ਪ੍ਰਕਾਸ਼ਿਤ ਕਰਨ ਲਈ ‘ਤਵਲੀਨ ਸਿੰਘ’ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਬਹੁਤ ਹੀ ਇਤਰਾਜ਼ਯੋਗ ਅਤੇ ਗਲਤ ਪ੍ਰਚਾਰ ਸਮੱਗਰੀ ਪ੍ਰਚਾਰਿਆ। ਰਾਸ਼ਟਰੀ ਅਖਬਾਰ ਨੂੰ ਕਿਹਾ ਗਿਆ ਹੈ ਕਿ ਉਹ ਐਸਜੀਪੀਸੀ ਦੇ ਪੱਤਰ ਵਿੱਚ ਦਰਜ ਤੱਥਾਂ ਨੂੰ ਥਾਂ ਦੇਣ ਅਤੇ ਇਸ ਦੇ ਕਾਲਮਨਵੀਸ ਨੂੰ ਉਸ ਦੇ ਭੈੜੇ ਕਾਲਮ ਲਈ ਮੁਆਫੀ ਮੰਗਣ ਲਈ ਕਹੇ ਜਿਸ ਨੇ ਸਿੱਖ ਕੌਮ ਨੂੰ ਬਹੁਤ ਮਾੜੀ ਰੋਸ਼ਨੀ ਵਿੱਚ ਦਿਖਾਇਆ।




## ਕੈਨੇਡਾ ’ਚ ਜਗਮੀਤ ਸਿੰਘ ਦੀ ਪਾਰਟੀ ਦੀ ਵੱਡੀ ਜਿੱਤ, ਐਨਡੀਪੀ ਦੇ 34 ਤੇ ਲਿਬਰਲ ਦਾ ਇਕ ਉਮੀਦਵਾਰ ਜੇਤੂ

ਓਟਾਵਾ : ਕੈਨੇਡਾ ਦੇ ਮੈਨੀਟੋਬਾ ਸੂਬੇ ’ਚ ਪੰਜਾਬੀ ਮੂਲ ਦੇ ਜਗਮੀਤ ਸਿੰਘ ਦੀ ਪਾਰਟੀ ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ. ਡੀ. ਪੀ.) ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। 57 ਵਿਧਾਨ ਸਭਾ ਸੀਟਾਂ ’ਚੋਂ 34 ’ਤੇ ਜਗਮੀਤ ਸਿੰਘ ਦੇ ਉਮੀਦਵਾਰ ਜਿੱਤੇ ਹਨ। ਇਨ੍ਹਾਂ ’ਚ ਪੰਜਾਬੀ ਮੂਲ ਦੇ 3 ਕੈਨੇਡੀਅਨ ਵੀ ਸ਼ਾਮਲ ਹਨ। ਇੱਥੇ ਦੱਸ ਦਈਏ ਕਿ ਇਸ ਹਫ਼ਤੇ ਮੈਨੀਟੋਬਾ ਸੂਬਾਈ ਚੋਣਾਂ ਵਿੱਚ ਇੱਕ ਸਿੰਗਲ ਲਿਬਰਲ ਚੁਣਿਆ ਗਿਆ। ਮੈਨੀਟੋਬਾ ਲਿਬਰਲ ਐਮ.ਐਲ.ਏ. ਸਿੰਡੀ ਲੈਮੌਰੌਕਸ ਹੁਣ ਲਿਬਰਲ ਬ੍ਰਾਂਡ ਦੇ ਤਹਿਤ ਟੋਰਾਂਟੋ ਦੇ ਪੱਛਮ ਤੋਂ ਚੁਣੀ ਗਈ ਇਕਲੌਤੀ ਸੂਬਾਈ ਸਿਆਸਤਦਾਨ ਹੈ।

ਇਨ੍ਹਾਂ ਚੋਣਾਂ ’ਚ ਜਿੱਥੇ ਦਿਲਜੀਤ ਬਰਾੜ ਬਰੋਜ ਨੇ ਵਿਧਾਨ ਸਭਾ ਸੀਟ ਜਿੱਤੀ, ਉੱਥੇ ਹੀ ਮਿੰਟੂ ਸੰਧੂ (ਸੁਖਜਿੰਦਰ ਪਾਲ) ਅਤੇ ਜਸਦੀਪ ਦੇਵਗਨ ਕ੍ਰਮਵਾਰ ਦਿ ਮੈਪਲਜ਼ ਅਤੇ ਮੈਕ ਫਿਲਿਪਸ ਤੋਂ ਚੁਣੇ ਗਏ। ਇਹ ਤਿੰਨੇ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਸਨ, ਜਿਸ ਨੇ ਬਹੁਮਤ ਹਾਸਲ ਕੀਤਾ ਹੈ। ਸੂਬੇ ’ਚ ਐੱਨ.ਡੀ.ਪੀ. ਸਰਕਾਰ ਬਣਾਏਗੀ। ਉੱਥੇ ਹੀ ਬਰਾੜ ਤੇ ਸੰਧੂ ਵੀ ਕੈਬਨਿਟ ਅਹੁਦੇ ਦੀ ਦੌੜ ’ਚ ਹਨ। ਪੰਜਾਬੀ ਮੂਲ ਦੇ ਕੁੱਲ 9 ਐੱਨ. ਆਰ. ਆਈ. ਮੈਦਾਨ ’ਚ ਸਨ। ਇਸ ਤੋਂ ਪਹਿਲਾਂ 2019 ਦੀਆਂ ਵਿਧਾਨ ਸਭਾ ਚੋਣਾਂ ’ਚ ਦੋ ਪੰਜਾਬੀਆਂ ਦਲਜੀਤ ਬਰਾੜ ਅਤੇ ਮਿੰਟੂ ਸੰਧੂ ਨੇ ਕੈਨੇਡਾ ਦੇ ਮੈਨੀਟੋਬਾ ਤੋਂ ਚੋਣ ਜਿੱਤੀ ਸੀ। ਘੱਟ ਗਿਣਤੀ ’ਚ ਚੱਲ ਰਹੀ ਟਰੂਡੋ ਦੀ ਲਿਬਰਲ ਪਾਰਟੀ ਨੂੰ ਜਗਮੀਤ ਸਿੰਘ ਦੀ ਪਾਰਟੀ ਦੇ ਸੰਸਦ ਮੈਂਬਰਾਂ ਦਾ ਸਮਰਥਨ ਹਾਸਲ ਹੈ। ਕੈਨੇਡਾ ਦੇ ਕਿਸੇ ਸੂਬੇ ’ਚ ਜਗਮੀਤ ਸਿੰਘ ਦੀ ਪਾਰਟੀ ਦੀ ਇਤਿਹਾਸਕ ਜਿੱਤ ਕਾਰਨ ਸਿੱਖ ਅਤੇ ਪੰਜਾਬੀ ਭਾਈਚਾਰੇ ’ਚ ਖੁਸ਼ੀ ਦੀ ਲਹਿਰ ਹੈ।

ਕੈਨੇਡਾ ਦੇ ਵੈਨਕੂਵਰ ’ਚ ਰਹਿ ਰਹੇ ਸੀਨੀਅਰ ਲੇਖਕ ਗੁਰਪ੍ਰੀਤ ਸਿੰਘ ਸਹੋਤਾ ਦਾ ਕਹਿਣਾ ਹੈ ਕਿ ਐੱਨ. ਡੀ. ਪੀ. ਦਾ ਲੋਕ ਆਧਾਰ ਲਗਾਤਾਰ ਵਧ ਰਿਹਾ ਹੈ। ਕੈਨੇਡਾ ਦੇ ਲੋਕ ਜਗਮੀਤ ਸਿੰਘ ਦੀਆਂ ਨੀਤੀਆਂ ਦਾ ਸਮਰਥਨ ਕਰ ਰਹੇ ਹਨ। ਜਦੋਂ ਤੋਂ ਜਗਮੀਤ ਸਿੰਘ ਨੂੰ ਕਮਾਨ ਮਿਲੀ ਹੈ, ਪਾਰਟੀ ਦਾ ਗ੍ਰਾਫ਼ ਉੱਚਾ ਹੋਇਆ ਹੈ। ਹਾਲਾਂਕਿ ਮੈਨੀਟੋਬਾ ’ਚ ਬੀ. ਸੀ. ਤੇ ਓਂਟਾਰੀਓ ਦੇ ਮੁਕਾਬਲੇ ਪੰਜਾਬੀ ਭਾਈਚਾਰੇ ਦੇ ਲੋਕ ਬਹੁਤ ਘੱਟ ਹਨ ਪਰ ਉਥੋਂ ਦੇ ਪੱਕੇ ਅਤੇ ਮੂਲ ਨਿਵਾਸੀਆਂ ਨੇ ਵੀ ਜਗਮੀਤ ਸਿੰਘ ਦੀ ਪਾਰਟੀ ਦਾ ਸਮਰਥਨ ਕੀਤਾ ਹੈ। ਜਿੱਥੇ ਪਹਿਲਾਂ ਟਰੂਡੋ ਦੀਆਂ ਲਿਬਰਲ ਅਤੇ ਕੰਜ਼ਰਵੇਟਿਵ ਪਾਰਟੀਆਂ ਵਿਚਾਲੇ ਮੁਕਾਬਲਾ ਸੀ, ਉੱਥੇ ਹੁਣ ਐੱਨ. ਡੀ. ਪੀ. ਇਹ ਵੀ ਵੱਡਾ ਧੜਾ ਬਣ ਗਿਆ ਹੈ। ਇਸ ਨਾਲ ਕੈਨੇਡਾ ਦੀ ਸਿਆਸਤ ਦੇ ਸਮੀਕਰਨ ਬਦਲ ਰਹੇ ਹਨ।



# 9 ਸੈਨਿਕਾਂ ਸਮੇਤ 51 ਲੋਕਾਂ ਦੀ ਮੌਤ, ਸੈਂਕੜੇ ਲਾਪਤਾ, ਕਈ ਬੇਘਰ; ਸਿੱਕਮ 'ਚ ਹੜ੍ਹਾਂ ਕਾਰਨ ਤਬਾਹੀ!






ਗੰਗਟੋਕ : ਸਿੱਕਮ 'ਚ ਕੁਦਰਤ ਦਾ ਕਹਿਰ ਦੇਖਣ ਨੂੰ ਮਿਲਿਆ, ਜਿੱਥੇ ਬੱਦਲ ਫਟਣ ਕਾਰਨ ਕਰੀਬ 51 ਲੋਕਾਂ ਦੀ ਮੌਤ ਹੋ ਗਈ। ਹੁਣ ਤੱਕ ਸਿੱਕਮ ਵਿੱਚ ਤੀਸਤਾ ਨਦੀ ਵਿੱਚੋਂ 26 ਅਤੇ ਬੰਗਾਲ ਵਿੱਚ 25 ਲਾਸ਼ਾਂ ਕੱਢੀਆਂ ਜਾ ਚੁੱਕੀਆਂ ਹਨ। ਇਸ ਹਾਦਸੇ 'ਚ ਪਾਕਿਯੋਂਗ ਜ਼ਿਲੇ ਦੇ ਬਾਰਦਾਂਗ ਆਰਮੀ ਛਾਉਣੀ 'ਚੋਂ ਲਾਪਤਾ 22 ਫੌਜੀਆਂ 'ਚੋਂ 7 ਦੀਆਂ ਲਾਸ਼ਾਂ ਮਿਲ ਗਈਆਂ ਹਨ।

ਇਸ ਦੌਰਾਨ ਸੂਬੇ ਦੇ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਨੇ ਮੰਗਲਵਾਰ ਦੇਰ ਰਾਤ ਵਾਪਰੇ ਹਾਦਸੇ ਨੂੰ ਲੈ ਕੇ ਪਿਛਲੀ ਸਰਕਾਰ ਨੂੰ ਘੇਰਿਆ। ਉਨ੍ਹਾਂ ਕਿਹਾ ਕਿ ਸਿੱਕਮ ਵਿੱਚ ਘਟੀਆ ਸਮੱਗਰੀ ਦੀ ਵਰਤੋਂ ਕਰਕੇ ਡੈਮ ਦੀ ਉਸਾਰੀ ਕਾਰਨ ਬੱਦਲ ਫਟਣ ਤੋਂ ਬਾਅਦ ਸਥਿਤੀ ਖ਼ਤਰਨਾਕ ਅਤੇ ਬੇਕਾਬੂ ਹੋ ਗਈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇਸੇ ਕਾਰਨ ਇੰਨੇ ਵੱਡੇ ਪੱਧਰ 'ਤੇ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ।

ਬੱਦਲ ਫਟਣ ਤੋਂ ਬਾਅਦ ਦੱਖਣੀ ਲੋਨਾਕ ਝੀਲ ਦਾ ਪਾਣੀ ਵਧ ਗਿਆ ਅਤੇ ਚੁੰਗਥਾਂਗ ਹਾਈਡ੍ਰੋਇਲੈਕਟ੍ਰਿਕ ਪ੍ਰੋਜੈਕਟ ਤੀਸਤਾ ਪੜਾਅ-3 ਡੈਮ ਤੱਕ ਪਹੁੰਚ ਗਿਆ। ਡੈਮ ਘਟੀਆ ਕੁਆਲਿਟੀ ਦੇ ਮਟੀਰੀਅਲ ਨਾਲ ਬਣਿਆ ਸੀ, ਜਿਸ ਕਾਰਨ ਵਧਦੇ ਪਾਣੀ ਨੂੰ ਸੰਭਾਲਿਆ ਨਹੀਂ ਜਾ ਸਕਦਾ ਸੀ। ਤੀਸਤਾ ਨਦੀ ਨੇ ਉਦੋਂ ਭਿਆਨਕ ਰੂਪ ਧਾਰ ਲਿਆ ਜਦੋਂ ਝੀਲ ਅਤੇ ਡੈਮ ਦਾ ਪਾਣੀ ਇਕੱਠੇ ਦਰਿਆ ਵਿੱਚ ਦਾਖਲ ਹੋਇਆ। ਦੱਸ ਦੇਈਏ ਕਿ ਇਸ ਹਾਦਸੇ ਤੋਂ ਬਾਅਦ ਕਰੀਬ 142 ਲੋਕ ਲਾਪਤਾ ਹਨ। ਸਿੱਕਮ ਸਰਕਾਰ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੂੰ 4-4 ਲੱਖ ਰੁਪਏ ਦਾ ਮੁਆਵਜ਼ਾ ਦੇਵੇਗੀ। ਇਸ ਦੇ ਨਾਲ ਹੀ ਰਾਹਤ ਕੈਂਪਾਂ ਵਿਚ ਰਹਿ ਰਹੇ ਲੋਕਾਂ ਨੂੰ 2-2 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਹੈ।

ਜਾਣਕਾਰੀ ਦਿੰਦੇ ਹੋਏ ਜ਼ਿਲਾ ਪ੍ਰਸ਼ਾਸਨ ਨੇ ਦੱਸਿਆ ਕਿ ਪਾਕਯੋਂਗ ਜ਼ਿਲੇ 'ਚ 9 ਨਾਗਰਿਕਾਂ ਅਤੇ 7 ਫੌਜੀ ਜਵਾਨਾਂ ਦੀਆਂ ਲਾਸ਼ਾਂ ਮਿਲੀਆਂ ਹਨ। ਪ੍ਰਭਾਵਿਤ ਇਲਾਕੇ 'ਚ ਰਾਹਤ ਅਤੇ ਬਚਾਅ ਕੰਮ ਜਾਰੀ ਹੈ। ਭਾਰਤੀ ਫੌਜ ਦੇ ਜਵਾਨ, SDRF, NDRF, ਸਿੱਕਮ ਪੁਲਿਸ ਅਤੇ ਆਮ ਨਾਗਰਿਕ ਲਗਾਤਾਰ ਬਚਾਅ ਕਾਰਜਾਂ 'ਚ ਲੱਗੇ ਹੋਏ ਹਨ। ਹੁਣ ਤੱਕ 2413 ਲੋਕਾਂ ਨੂੰ ਬਚਾਇਆ ਜਾ ਚੁੱਕਾ ਹੈ। ਬੱਦਲ ਫਟਣ ਕਾਰਨ ਕਰੀਬ 1173 ਘਰਾਂ ਨੂੰ ਨੁਕਸਾਨ ਪੁੱਜਾ ਹੈ। ਇਸ ਦੌਰਾਨ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਨੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਇਸ ਲਈ ਪਿਛਲੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਜਾਂਚ ਦੇ ਹੁਕਮ ਦਿੱਤੇ।

ਸਿੱਕਮ ਵਿੱਚ ਹੜ੍ਹਾਂ ਕਾਰਨ ਹਜ਼ਾਰਾਂ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਉੱਤਰੀ ਸਿੱਕਮ 'ਚ ਬਚਾਅ, ਨਿਕਾਸੀ ਅਤੇ ਰਾਹਤ ਕਾਰਜਾਂ ਲਈ ਸੂਬਾ ਸਰਕਾਰ ਵੱਲੋਂ ਹੈਲੀਕਾਪਟਰ ਕਿਰਾਏ 'ਤੇ ਲਿਆ ਗਿਆ ਹੈ, ਜੋ ਖਰਾਬ ਮੌਸਮ 'ਚ ਵੀ ਪਹਾੜੀ ਇਲਾਕਿਆਂ 'ਚ ਉੱਡ ਸਕਦਾ ਹੈ। ਦੂਰ-ਦੁਰਾਡੇ ਅਤੇ ਦੂਰ-ਦੁਰਾਡੇ ਇਲਾਕਿਆਂ 'ਚ ਫਸੇ ਲੋਕਾਂ ਨੂੰ ਬਾਹਰ ਕੱਢਣ ਦਾ ਕੰਮ ਸ਼ਨੀਵਾਰ ਸਵੇਰ ਤੋਂ ਹੈਲੀਕਾਪਟਰਾਂ ਰਾਹੀਂ ਸ਼ੁਰੂ ਹੋ ਜਾਵੇਗਾ। ਸਿੱਕਮ ਸਰਕਾਰ ਨੇ ਉੱਤਰੀ ਸਿੱਕਮ ਵਿੱਚ ਰਾਹਤ ਅਤੇ ਬਚਾਅ ਕਾਰਜਾਂ ਲਈ ਤੁਰੰਤ 25 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਰਾਜ ਦੇ ਪੇਂਡੂ ਵਿਕਾਸ ਵਿਭਾਗ ਦੀ ਮੰਤਰੀ ਸੋਨਮ ਲਾਮਾ ਨੇ ਕਿਹਾ ਕਿ ਚੁੰਗਥਾਂਗ, ਲਾਚੇਨ ਅਤੇ ਲਾਚੁੰਗ ਵਿੱਚ ਰਾਹਤ ਅਤੇ ਬਚਾਅ ਕਾਰਜ ਅਜੇ ਵੀ ਪੂਰੀ ਸਮਰੱਥਾ ਨਾਲ ਸ਼ੁਰੂ ਨਹੀਂ ਹੋਏ ਹਨ। ਰਾਜ ਸਰਕਾਰ ਰੱਖਿਆ ਮੰਤਰਾਲੇ ਦੇ ਸੰਪਰਕ ਵਿੱਚ ਹੈ। ਮੁੱਖ ਮੰਤਰੀ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਿਸਥਾਪਿਤ ਪਰਿਵਾਰਾਂ ਦੇ ਮੁੜ ਵਸੇਬੇ ਲਈ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਰਾਜ ਵਿੱਚ ਕੰਮ ਕਰਨ ਵਾਲੇ ਗੈਰ-ਸਿੱਕੀ ਨਾਗਰਿਕਾਂ ਨੂੰ ਮੈਡੀਕਲ ਅਤੇ ਲੌਜਿਸਟਿਕਸ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।

## ਵਿਜੀਲੈਂਸ ਨੇ ਮਨਪ੍ਰੀਤ ਦੇ ਗੰਨਮੈਨ ਦੀ ਜਾਇਦਾਦ ਪੜਤਾਲੀ

ਚੰਡੀਗੜ੍ਹ : ਵਿਜੀਲੈਂਸ ਬਿਊਰੋ ਨੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਗੰਨਮੈਨ ਗੁਰਤੇਜ ਸਿੰਘ ਦੀ ਜਾਇਦਾਦ ਦਾ ਚਿੱਠਾ ਤਿਆਰ ਕੀਤਾ ਹੈ। ਵਿਜੀਲੈਂਸ ਬਠਿੰਡਾ ਰੇਂਜ ਨੇ ਵੱਖਰੇ ਤੌਰ 'ਤੇ ਗੰਨਮੈਨ ਗੁਰਤੇਜ ਸਿੰਘ ਦੀ ਜਾਇਦਾਦ ਦੀ ਪੜਤਾਲ ਵਿੱਢੀ ਹੋਈ ਹੈ ਅਤੇ ਪਿਛਲੇ ਦਿਨਾਂ 'ਚ ਉਸ ਦੇ ਟਿਕਾਣਿਆਂ 'ਤੇ ਛਾਪੇ ਵੀ ਮਾਰੇ ਸਨ। ਗੰਨਮੈਨ ਗੁਰਤੇਜ ਸਿੰਘ ਦੇ ਰੂਪੋਸ਼ ਹੋਣ ਬਾਰੇ ਖ਼ਬਰ ਮਿਲੀ ਹੈ ਜਿਸ ਦੀ ਵਿਜੀਲੈਂਸ ਤਲਾਸ਼ ਕਰ ਰਹੀ ਹੈ।



ਜਾਣਕਾਰੀ ਅਨੁਸਾਰ ਵਿਜੀਲੈਂਸ ਵੱਲੋਂ ਜੋ ਰਿਪੋਰਟ ਤਿਆਰ ਕੀਤੀ ਗਈ ਹੈ, ਉਸ ਮੁਤਾਬਕ ਗੰਨਮੈਨ ਦੀ ਜਾਇਦਾਦ ਛੜੱਪੇ ਮਾਰ ਕੇ ਵਧੀ ਹੈ ਅਤੇ 'ਗੰਨਮੈਨ' ਦੇ ਰੁਤਬੇ ਨੇ ਉਸ ਨੂੰ ਕਰੋੜਪਤੀ ਬਣਾ ਦਿੱਤਾ ਹੈ। ਵਿਜੀਲੈਂਸ ਅਨੁਸਾਰ ਗੁਰਤੇਜ ਸਿੰਘ ਦੀ ਬਠਿੰਡਾ ਸਥਿਤ ਆਲੀਸ਼ਾਨ ਗਰੀਨ ਸਿਟੀ ਕਲੋਨੀ 'ਚ ਢਾਈ ਸੌ ਵਰਗ ਗਜ਼ ਦੀ ਕਾਰਨਰ ਕੋਠੀ ਹੈ ਜਿਸ 'ਤੇ ਕਰੀਬ ਤਿੰਨ ਕਰੋੜ ਦਾ ਖ਼ਰਚ ਦੱਸਿਆ ਗਿਆ ਹੈ। ਇਸੇ ਤਰ੍ਹਾਂ ਗਰੀਨ ਸਿਟੀ ਵਿਚ ਡੇਢ ਸੌ ਵਰਗ ਗਜ਼ ਦਾ ਇੱਕ ਹੋਰ ਪਲਾਟ ਹੈ। ਵਿਜੀਲੈਂਸ ਦੀ ਪੜਤਾਲ 'ਚ ਸਾਹਮਣੇ ਆਇਆ ਕਿ ਗੁਰਤੇਜ ਸਿੰਘ ਨੇ ਗੋਨਿਆਣਾ ਮੰਡੀ ਦੇ ਦਸਮੇਸ਼ ਨਗਰ ਵਿਚ 2021-22 'ਚ ਇੱਕ ਪਲਾਟ ਵੇਚਿਆ ਸੀ। ਇਸ ਤੋਂ ਇਲਾਵਾ ਗੁਰਤੇਜ ਨੇ ਬਠਿੰਡਾ ਦੇ ਆਦਰਸ਼ ਨਗਰ 'ਚ ਵੀ ਇੱਕ ਮਕਾਨ 2021-22 ਵਿਚ ਵੇਚਿਆ ਸੀ। ਰਿਪੋਰਟ ਅਨੁਸਾਰ ਬਠਿੰਡਾ ਸ਼ਹਿਰ ਦੀ ਸੌ ਫੁੱਟੀ ਸੜਕ 'ਤੇ ਨਵੀਂ ਮਾਰਕੀਟ 'ਚ ਇੱਕ ਦੁਕਾਨ ਵੀ ਹੈ ਜਿੱਥੇ ਢਾਬਾ ਚੱਲ ਰਿਹਾ ਹੈ। ਗੰਨਮੈਨ ਦੇ ਦੋ ਨੇੜਲਿਆਂ ਦੇ ਨਾਮ 'ਤੇ ਵੀ ਪ੍ਰਾਪਰਟੀ ਸ਼ਨਾਖ਼ਤ ਹੋਈ ਹੈ। ਇਸੇ ਤਰ੍ਹਾਂ ਵਿਜੀਲੈਂਸ ਨੇ ਗੰਨਮੈਨ ਗੁਰਤੇਜ ਸਿੰਘ ਦੇ ਰਿਸ਼ਤੇਦਾਰਾਂ ਦੇ ਨਾਮ 'ਤੇ ਚਾਰ ਕੰਪਨੀਆਂ ਲੱਭੀਆਂ ਹਨ ਜਿਨ੍ਹਾਂ ਵਿਚ ਇੱਕ ਕੰਪਨੀ ਪੀਰ ਇੰਟਰਪ੍ਰਾਈਜ਼ਿਜ਼ ਗੰਨਮੈਨ ਦੇ ਭਰਾ ਦੇ ਨਾਂ 'ਤੇ ਹੈ ਜਦੋਂਕਿ ਇੱਕ ਕੰਪਨੀ ਉਸ ਦੇ ਮਾਮੇ ਦੇ ਨਾਂ 'ਤੇ ਰਜਿਸਟਰਡ ਹੈ।

ਗੁਰੂ ਇੰਟਰਪ੍ਰਾਈਜ਼ਿਜ਼ ਕੰਪਨੀ ਇਸ ਗੰਨਮੈਨ ਦੀ ਪਤਨੀ ਦੇ ਨਾਂ 'ਤੇ ਸ਼ਨਾਖ਼ਤ ਹੋਈ ਹੈ। ਇੱਕ ਹੋਰ ਫ਼ਰਮ ਜੇ.ਬੀ ਇੰਟਰਪ੍ਰਾਈਜ਼ਿਜ਼ ਵੀ ਉਸ ਦੇ ਪਰਿਵਾਰ ਦੇ ਨਾਂ 'ਤੇ ਹੈ। ਗੁਰ ਇੰਟਰਪ੍ਰਾਈਜ਼ਿਜ਼ ਦੇ ਨਾਮ 'ਤੇ ਇੱਕ ਸਕਾਰਪਿਓ ਗੱਡੀ ਵੀ ਹੈ। ਜ਼ਿਕਰਯੋਗ ਹੈ ਕਿ ਗੰਨਮੈਨ ਗੁਰਤੇਜ ਸਿੰਘ ਬਠਿੰਡਾ ਜ਼ਿਲ੍ਹੇ ਦੇ ਪਿੰਡ ਮਹਿਮਾ ਸਰਜਾ ਦੇ ਸਾਧਾਰਨ ਪਰਿਵਾਰ 'ਚੋਂ ਹੈ। ਗੰਨਮੈਨ ਦੇ ਨਾਲ ਇੱਕ ਡਰਾਈਵਰ ਵੀ ਸ਼ਾਮਲ ਹੈ ਅਤੇ ਇਨ੍ਹਾਂ ਦੇ ਨਾਮ 'ਤੇ ਅਨਾਜ ਮੰਡੀਆਂ 'ਚੋਂ ਢੋਆ-ਢੁਆਈ ਦੇ ਠੇਕੇ ਵੀ ਲਏ ਗਏ ਹਨ।

ਵਿਜੀਲੈਂਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੁੱਢਲੇ ਪੜਾਅ 'ਤੇ ਪ੍ਰਾਪਰਟੀ ਸ਼ਨਾਖ਼ਤ ਕੀਤੀ ਜਾ ਰਹੀ ਹੈ ਅਤੇ ਹੁਣ ਬੈਂਕ ਖਾਤਿਆਂ ਨੂੰ ਖੰਘਾਲਿਆ ਜਾਵੇਗਾ। ਅਧਿਕਾਰੀ ਦੱਸਦੇ ਹਨ ਕਿ ਢੋਆ-ਢੁਆਈ ਅਤੇ ਹੋਰ ਰੇਤਾ-ਬਜਰੀ ਦੇ ਕਾਰੋਬਾਰ ਦੀ ਛਾਣਬੀਣ ਸ਼ੁਰੂ ਕੀਤੀ ਗਈ ਹੈ। ਵਿਜੀਲੈਂਸ ਰੇਂਜ ਨੇ ਸਾਬਕਾ ਵਿੱਤ ਮੰਤਰੀ ਦੇ ਨੇੜਲਿਆਂ ਦੀ ਤਲਾਸ਼ ਸ਼ੁਰੂ ਕੀਤੀ ਹੋਈ ਹੈ ਜਨਿ?ਹਾਂ ਦੇ ਫੋਨ ਬੰਦ ਆ ਰਹੇ ਹਨ। ਸਾਬਕਾ ਮੰਤਰੀ ਦੇ ਅਹਿਮ ਨੇੜਲੇ ਜਸਵਿੰਦਰ ਸਿੰਘ ਜੁਗਨੂੰ ਦੀ ਸਭ ਤੋਂ ਵੱਧ ਭਾਲ ਹੈ ਜਿਸ ਤੋਂ ਵਿਜੀਲੈਂਸ ਨੂੰ ਕਾਫ਼ੀ ਸੁਰਾਗ ਮਿਲਣ ਦੀ ਸੰਭਾਵਨਾ ਹੈ। ਚੇਤੇ ਰਹੇ ਕਿ ਵਿਜੀਲੈਂਸ ਨੇ ਮਨਪ੍ਰੀਤ ਬਾਦਲ ਖ਼ਿਲਾਫ਼ ਪਹਿਲਾਂ ਹੀ ਕੇਸ ਦਰਜ ਕੀਤਾ ਹੋਇਆ ਹੈ।

## ਅਕਾਲੀ ਭਾਜਪਾ ਗੱਠਜੋੜ ਟੁੱਟਣ ਕਾਰਨ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਪ੍ਰਭਾਵਿਤ

ਅੰਮ੍ਰਿਤਸਰ : ਅਕਾਲੀ ਭਾਜਪਾ ਗੱਠਜੋੜ ਟੁੱਟਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਅੰਤਰਰਾਜੀ ਸਿੱਖ ਮਾਮਲੇ ਹੱਲ ਕਰਵਾਉਣ ਵਿੱਚ ਕਮਜ਼ੋਰ ਪਈ ਹੈ। ਇਸ ਦਾ ਸਿੱਟਾ ਹੈ ਕਿ ਕਈ ਸੂਬਿਆਂ ਵਿੱਚ ਗੁਰਦੁਆਰਿਆਂ ਦੇ ਮਾਮਲੇ ਲਟਕ ਰਹੇ ਅਤੇ ਜੇਲ੍ਹਾਂ ਵਿੱਚੋਂ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਵੀ ਅਣਡਿੱਠਾ ਕਰ ਦਿੱਤਾ ਗਿਆ। ਕਿਸਾਨ ਅੰਦੋਲਨ ਵੇਲੇ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦੇ ਹੱਕ ਵਿੱਚ ਨਿੱਤਰਿਆ ਸੀ ਅਤੇ ਕਿਸਾਨਾਂ ਦੇ ਮਾਮਲੇ ਵਿੱਚ ਕੇਂਦਰ ਸਰਕਾਰ ਦੇ ਫ਼ੈਸਲੇ ਦਾ ਵਿਰੋਧ ਕੀਤਾ ਸੀ। ਇਸ ਦੇ ਸਿੱਟੇ ਵਜੋਂ ਅਕਾਲੀ ਭਾਜਪਾ ਗੱਠਜੋੜ ਟੁੱਟ ਗਿਆ ਸੀ। ਇਹ ਗੱਠਜੋੜ ਟੁੱਟਣ ਅਤੇ ਹਰਸਿਮਰਤ ਕੌਰ ਬਾਦਲ ਵੱਲੋਂ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫ਼ਾ ਦਿੱਤੇ ਜਾਣ ਕਾਰਨ ਸ਼੍ਰੋਮਣੀ ਅਕਾਲੀ ਦਲ ਦਾ ਕੇਂਦਰ ਸਰਕਾਰ ਵਿਚਲਾ ਮਜ਼ਬੂਤ ਆਧਾਰ ਖ਼ਤਮ ਹੋ ਗਿਆ ਸੀ। ਇਸ ਦਾ ਅਸਰ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਭਾਵ ਵਾਲੀ ਸ਼੍ਰੋਮਣੀ ਕਮੇਟੀ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਗੱਠਜੋੜ ਟੁੱਟਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਕੇਂਦਰ ਸਰਕਾਰ ਤੱਕ ਪਹੁੰਚ ਵੀ ਕਮਜ਼ੋਰ ਪਈ ਹੈ। ਸਿੱਖ ਕੈਦੀਆਂ ਦੀ ਰਿਹਾਈ, ਜਨਿ?ਹਾਂ ਬਾਰੇ ਕੇਂਦਰ ਸਰਕਾਰ ਵੱਲੋਂ ਐਲਾਨ ਵੀ ਕੀਤਾ ਜਾ ਚੁੱਕਿਆ ਸੀ, ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਕਈ ਵਾਰ ਸਮਾਂ ਮੰਗਿਆ ਗਿਆ ਪਰ ਇਸ ਸਬੰਧੀ ਪੱਤਰਾਂ ਦਾ ਕੇਂਦਰ ਸਰਕਾਰ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਦਸਤਖ਼ਤੀ ਮੁਹਿੰਮ ਵੀ ਚਲਾਈ ਗਈ ਸੀ, ਜਿਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਪੰਜਾਬ ਸਣੇ ਦੇਸ਼ ਭਰ ਅਤੇ ਵਿਦੇਸ਼ਾਂ ਵਿੱਚੋਂ ਵੀ ਸਿੱਖਾਂ ਦੇ ਦਸਤਖ਼ਤ ਕਰਵਾਏ ਗਏ। ਇਸ ਮੰਗ ਸਬੰਧੀ ਪ੍ਰੋਫਾਰਮੇ ਰਾਜਪਾਲ ਰਾਹੀਂ ਕੇਂਦਰ ਸਰਕਾਰ ਨੂੰ ਭੇਜੇ ਗਏ ਪਰ ਇਹ ਮਾਮਲਾ ਜਵਿੇਂ ਦਾ ਤਵਿੇਂ ਹੈ। ਇਸੇ ਤਰ੍ਹਾਂ ਗੁਰਦੁਆਰਾ ਗਿਆਨ ਗੋਦੜੀ ਹਰਿਦੁਆਰ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਤਪ ਅਸਥਾਨ ਮੇਚੁਕਾ, ਅਰੁਣਾਚਲ ਪ੍ਰਦੇਸ਼ ਅਤੇ ਗੁਰਦੁਆਰਾ ਡਾਂਗਮਾਰ ਦਾ ਮਾਮਲਾ ਜਵਿੇਂ ਦਾ ਤਵਿੇਂ ਲਟਕ ਰਿਹਾ। ਹਰਿਆਣਾ ਵਿੱਚ ਭਾਜਪਾ ਸਰਕਾਰ ਦੇ ਹੁੰਦਿਆਂ ਉੱਥੇ ਵੱਖਰੀ ਸਿੱਖ ਗੁਰਦੁਆਰਾ ਕਮੇਟੀ ਬਣਾ ਦਿੱਤੀ ਗਈ। ਹੁਣ ਜਦੋਂ ਅਕਾਲੀ ਭਾਜਪਾ ਗੱਠਜੋੜ ਟੁੱਟਿਆ ਤਾਂ ਹਰਿਆਣਾ ਸਰਕਾਰ ਨੇ ਹੀ ਮਸਲੇ ਨੂੰ ਤੂਲ ਦੇ ਕੇ ਵੱਖਰੀ ਗੁਰਦੁਆਰਾ ਕਮੇਟੀ ਸਥਾਪਿਤ ਕਰ ਦਿੱਤੀ ਹੈ।



### ਗੱਠਜੋੜ ਵੇਲੇ ਮਸਲੇ ਧਿਆਨ ਨਾਲ ਸੁਣਦਾ ਸੀ ਕੇਂਦਰ: ਗਰੇਵਾਲ

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਜਦੋਂ ਅਕਾਲੀ ਭਾਜਪਾ ਗੱਠਜੋੜ ਕਾਇਮ ਸੀ ਤਾਂ ਉਸ ਵੇਲੇ ਅਜਿਹੇ ਅੰਤਰਰਾਜੀ ਸਿੱਖ ਮਾਮਲੇ ਕੇਂਦਰ ਸਰਕਾਰ ਵੱਲੋਂ ਧਿਆਨ ਨਾਲ ਸੁਣੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਵੀ ਯਤਨ ਹੁੰਦੇ ਸਨ ਪਰ ਹੁਣ ਅਜਿਹਾ ਨਹੀਂ ਹੈ। ਕੇਂਦਰ ਨੂੰ ਲੱਗਦਾ ਹੈ ਕਿ ਅਜਿਹੇ ਮਾਮਲੇ ਹੱਲ ਕਰਵਾਉਣ ਮਗਰੋਂ ਇਸ ਦਾ ਸਿਹਰਾ ਸ਼੍ਰੋਮਣੀ ਅਕਾਲੀ ਦਲ ਦੇ ਸਿਰ ਬੱਝੇਗਾ ਜਿਸ ਕਾਰਨ ਸਿੱਖ ਮਾਮਲਿਆਂ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ।

# SB-403 ਬਿੱਲ ਉਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਵਲੋਂ ਵੀਟੋ ਕਰਨਾ ਮਹਾਤਮਾ ਬੁੱਧ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅੰਬੇਡਕਰ ਦੀ ਵਿਚਾਰਧਾਰਾ ਦੀ ਜਿੱਤ : ਪਲਵਿੰਦਰ ਮਾਹੀ



ਯੂਬਾ ਸਿਟੀ/ਕੈਲੀਫੋਰਨੀਆ : ਪਿਛਲੇ ਹਫ਼ਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ (Gavin Newsom) ਵਲੋਂ ਪਿਛਲੇ ਤਕਰੀਬਨ 6 ਮਹੀਨਿਆਂ ਤੋਂ ਚਰਚਿਤ ਬਿੱਲ ਐਸਬੀ-403 ਉਤੇ ਵੀਟੋ ਕਰ ਦਿੱਤਾ ਗਿਆ। ਕੈਲੀਫੋਰਨੀਆ ਦੀਆਂ ਕੁਝ ਇਕ ਆਪੌ ਬਣੀਆਂ ਸਿਵਲ ਰਾਈਟ ਸੰਸਥਾਵਾਂ ਵਲੋਂ ਇਹ ਬਿੱਲ ਬਹੁਤ ਹੀ ਗਲਤ ਅਤੇ ਝੂਠੀਆਂ ਜਾਣਕਾਰੀਆਂ ਪੇਸ਼ ਕਰਕੇ ਕੁਝ ਇਕ ਸਟੇਟ ਸੈਨੇਟਰਾਂ ਅਤੇ ਅਸੈਂਬਲੀ ਮੈਂਬਰਾਂ ਦੇ ਰਾਹੀਂ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਸੀ ਜਿਸ ਵਿਚ ਬਹੁਤ ਸਾਰੇ ਗਲਤ ਅੰਕੜੇ ਜਿਵੇਂ ਕਿ 67% ਸਾਊਥ ਏਸ਼ੀਅਨ ਨਾਲ ਜਾਤੀ ਆਧਾਰਤ ਵਿਤਕਰਾ ਅਤੇ ਚਾਰ ਵਿਚੋਂ ਇਕ ਵਿਦਿਆਰਥੀ ਨਾਲ ਵੱਡੀਆਂ ਵਿਦਿਅਕ ਸੰਸਥਾਵਾਂ ਵਿਚ ਜਾਤੀ ਵਿਤਕਰਾ ਹੋਣ ਬਾਰੇ ਬਹੁਤ ਹੀ ਗਲਤ ਢੰਗ ਨਾਲ ਪੇਸ਼ ਕੀਤੇ ਗਏ ਜਦਕਿ ਇਸ ਵਿਚ ਕੋਈ ਸੱਚਾਈ ਨਹੀਂ ਸੀ।

ਇਸ ਦੇ ਨਾਲ ਹੀ ਕੈਲੀਫੋਰਨੀਆ ਦੀਆਂ 6 ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਵੀ ਇਸ ਵਿਚ ਘੜੀਸਣ ਦੀ ਕੋਸ਼ਿਸ਼ ਕੀਤੀ ਗਈ ਜਿਨ੍ਹਾਂ ਵਿਚੋਂ 3-4 ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਇਸ ਬਿੱਲ ਨਾਲ ਸਹਿਮਤ ਨਹੀਂ ਸਨ ਪਰ ਉਨ੍ਹਾਂ ਨੂੰ ਧੱਕੇ ਨਾਲ ਇਸ ਬਿੱਲ ਦੇ ਹੱਕ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ।

ਸ੍ਰੀ ਗੁਰੂ ਰਵਿਦਾਸ ਗੁਰੂ ਘਰ ਯੂਬਾ ਸਿਟੀ ਵਲੋਂ ਸਟੇਟ ਸੈਨੇਟ ਅਤੇ ਅਸੈਂਬਲੀ ਮੈਂਬਰਾਂ ਨੂੰ ਚਿੱਠੀਆਂ ਲਿਖ ਕੇ ਇਸ ਬਿੱਲ ਦਾ ਵਿਰੋਧ ਬਹੁਤ ਵੱਡੇ ਪੱਧਰ 'ਤੇ ਕੀਤਾ ਗਿਆ।

ਇਸ ਦੇ ਨਾਲ ਹੀ ਯੂਬਾ ਸਿਟੀ, ਸਿਟੀ ਕੌਂਸਲ ਅਤੇ ਸਟਰ ਕਾਊਂਟੀ ਵਲੋਂ ਵੀ ਇਸ ਬਿੱਲ ਦੇ ਵਿਰੋਧ ਵਿਚ ਮਤੇ ਪਾਸ ਕੀਤੇ ਗਏ।

ਇਸ ਸਾਰੇ ਉਪਰਾਲੇ ਲਈ ਯੂਬਾ ਸਿਟੀ ਦੇ ਮੇਅਰ ਵੇਡ ਕਰਚਨਰ (Wade Kirchner) ਅਤੇ ਸਟਰ ਕਾਊਂਟੀ ਬੋਰਡ ਆਫ਼ ਸੁਪਰਵਾਈਜ਼ਰ (Board of Supervisor) ਦੇ ਚੇਅਰਮੈਨ ਸ੍ਰ. ਕਰਮ ਬੈਂਸ ਖਾਸ ਤੌਰ 'ਤੇ ਧੰਨਵਾਦ ਦੇ ਪਾਤਰ ਹਨ।

ਇਸ ਦੇ ਨਾਲ ਹੀ ਯੂਬਾ ਸਿਟੀ ਤੋਂ ਬਹੁਤ ਹੀ ਸਰਗਰਮ ਸਾਥੀ ਸ੍ਰ. ਦੀਪ ਸਿੰਘ ਅਤੇ ਸ੍ਰ. ਸਤਨਾਮ ਸਿੰਘ ਨੇ ਵੀ ਇਸ ਬਿੱਲ ਦੇ ਵਿਰੋਧ ਵਿਚ ਅਹਿਮ ਰੋਲ ਨਿਭਾਇਆ।

ਮਹਾਂਰਿਸ਼ੀ ਬਾਲਮੀਕਿ ਸਭਾ ਯੂਬਾ ਸਿਟੀ ਵਲੋਂ ਵੀ ਇਸ ਬਿੱਲ ਦੇ ਖਿਲਾਫ਼ ਮਤਾ ਪਾਸ ਕਰਕੇ State senator ਅਤੇ State Assembly ਨੂੰ ਭੇਜਿਆ ਗਿਆ। ਖਾਸ ਤੌਰ 'ਤੇ ਮਹਾਂਰਿਸ਼ੀ ਬਾਲਮੀਕਿ ਸਭਾ ਯੂਬਾ ਸਿਟੀ ਦੇ ਪ੍ਰਧਾਨ ਸ੍ਰ. ਰਾਣਾ ਜੀ ਵਲੋਂ ਇਸ ਬਿੱਲ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕੀਤੀ ਗਈ ਅਤੇ ਤਕਰੀਬਨ ਸਾਰੇ ਹੀ ਬਾਕੀ ਅਹੁਦੇਦਾਰਾਂ ਅਤੇ ਮੈਂਬਰਾਂ ਵਲੋਂ ਵੀ ਖਾਸ ਤੌਰ 'ਤੇ ਸ੍ਰ. ਬਲਵੀਰ ਸਿੰਘ ਸੈਕਰਾਮੈਂਟੋ ਤੋਂ ਅਤੇ ਹੋਰ ਵੀ ਸਾਥੀਆਂ ਵਲੋਂ ਇਸ ਬਿੱਲ ਦਾ ਕਰੜਾ ਵਿਰੋਧ ਕੀਤਾ ਗਿਆ। ਇਸ ਦੇ ਨਾਲ ਹੀ ਤਕਰੀਬਨ ਸਾਰੇ ਹੀ ਯੂਬਾ ਸਿਟੀ ਇਲਾਕੇ ਦੇ ਗੁਰੂ ਘਰਾਂ ਨੇ ਇਸ ਬਿੱਲ ਦੇ ਵਿਰੋਧ ਵਿਚ ਮਤੇ ਪਾਸ ਕੀਤੇ ਅਤੇ ਸਟੇਟ ਸੈਨੇਟ ਅਤੇ ਅਸੈਂਬਲੀ ਮੈਂਬਰਾਂ ਨੂੰ ਚਿੱਠੀਆਂ ਲਿਖੀਆਂ।



ਯੂਬਾ ਸਿਟੀ ਇਲਾਕੇ ਤੋਂ ਖਾਸ ਕਰਕੇ ਪੰਜਾਬੀ ਕਮਿਊਨਿਟੀ ਦੇ ਸੀਨੀਅਰ ਆਗੂ ਸ੍ਰ. ਗੁਰਨਾਮ ਸਿੰਘ ਪੰਮਾ, ਸ੍ਰ. ਦਲਵੀਰ ਸਿੰਘ ਗਿੱਲ, ਸੁਖਵਿੰਦਰ ਸਿੰਘ, ਹਰਭਜਨ ਸਿੰਘ ਢੇਰੀ, ਨਰਿੰਦਰ ਸਿੰਘ ਮੇਘੋਵਾਲ, ਨਿਰਮਲ ਜੰਡਾ, ਰਾਣਾ ਸਮਰਾ, ਬਲਵਿੰਦਰ ਸਿੰਘ, ਹਰਨਰਿੰਦਰਪਾਲ ਸਿੰਘ, ਡਾ. ਸੋਹਲ ਸਾਹਿਬ, ਸ੍ਰ. ਕੁਲਦੀਪ ਸਿੰਘ ਅਟਵਾਲ, ਸ੍ਰ. ਉਂਕਾਰ ਸਿੰਘ (Sidfer Lab) ਵਾਲੇ, ਸ੍ਰ. ਜਸਵਿੰਦਰ ਸਿੰਘ, ਸ੍ਰ. ਕੁਲਤਾਰ ਸਿੰਘ ਅਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਇਸ ਬਿੱਲ ਦੇ ਵਿਰੋਧ ਵਿਚ ਵੱਧ ਚੜ੍ਹ ਕੇ ਕੰਮ ਕੀਤਾ।

ਇਸ ਦੇ ਨਾਲ ਹੀ ਸੈਕਰਾਮੈਂਟੋ ਏਰੀਏ ਤੋਂ ਵੀ ਸ੍ਰ. ਮੱਖਣ ਲੁਹਾਰ ਜੀ ਵਿਸ਼ਵ ਪ੍ਰਸਿੱਧ ਪੰਜਾਬੀ ਗੀਤਕਾਰ, ਸ੍ਰ. ਜਸਵਿੰਦਰ ਸਿੰਘ, ਸ੍ਰ. ਅਮਰਜੀਤ ਸਿੰਘ, ਸ੍ਰ. ਗੁਰਦਿਆਲ ਸਿੰਘ, ਸ੍ਰ. ਵਰਿੰਦਰ ਸਿੰਘ ਅਤੇ ਹੋਰ ਬਹੁਤ ਸਾਰੇ ਸਾਥੀਆਂ ਦੇ ਇਸ ਬਿੱਲ ਦੇ ਵਿਰੋਧ ਵਿਚ ਮਤੇ ਦਰਜ ਕਰਵਾਏ।

ਬੇਏਰੀਏ ਤੋਂ ਵੀ ਸ੍ਰ. ਸੁੱਚਾ ਰਾਮ ਭਾਰਟਾ, ਸ੍ਰ. ਗੁਰਚਰਨ ਸਿੰਘ ਦੁੱਗਲ, ਮੈਨਟੀਕਾ ਤੋਂ ਸ੍ਰ. ਕੇਵਲ ਸਿੰਘ ਜੱਖੂ, ਫਰਿਜ਼ਨੋ ਤੋਂ ਸ੍ਰ. ਦੇਸ ਰਾਜ ਅਤੇ ਸ੍ਰ. ਪਵਨ ਸਰੋਆ ਨੇ ਇਸ ਬਿੱਲ ਦੇ ਵਿਰੋਧ ਵਿਚ ਮਤੇ ਦਰਜ ਕਰਵਾਏ।

ਇਸ ਦੇ ਨਾਲ ਹੀ ਸ੍ਰੀ ਗੁਰੂ ਰਵਿਦਾਸ ਗੁਰੂਘਰ ਯੂਬਾ ਸਿਟੀ ਦੇ ਚੇਅਰਮੈਨ ਸ੍ਰ. ਗੁਰਨਾਮ ਸਿੰਘ ਭੰਡਾਲ ਅਤੇ ਪ੍ਰਧਾਨ ਸ੍ਰ. ਸ਼ਿੰਗਾਰਾ ਸਿੰਘ ਦਾ ਵੀ ਇਸ ਬਿੱਲ ਦੀ ਵਿਰੋਧਤਾ ਵਿਚ ਅਹਿਮ ਭੂਮਿਕਾ ਰਹੀ।

ਇਸ ਦੇ ਨਾਲ ਹੀ ਸੈਕਰਾਮੈਂਟੋ ਤੋਂ ਗੁਰਦੁਆਰਾ ਸੰਤ ਸਾਗਰ ਦੇ ਮੁੱਖ ਪ੍ਰਬੰਧਕ ਸ੍ਰ. ਨਰਿੰਦਰਪਾਲ ਸਿੰਘ ਹੁੰਦਲ ਜੀ ਨੇ ਵੀ ਇਸ ਬਿੱਲ ਦੇ ਵਿਰੋਧ ਵਿਚ ਸੈਨੇਟ ਅਤੇ ਅਸੈਂਬਲੀ ਮੈਂਬਰਾਂ ਨੂੰ ਚਿੱਠੀਆਂ ਲਿਖੀਆਂ।


ਇਸ ਦੇ ਨਾਲ ਹੀ ਹੋਰ ਵੀ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਜਿਵੇਂ ਕਿ ਫਰਿਜ਼ਨੋ ਇਲਾਕੇ ਵਿਚ ਵੀ ਬਹੁਤ ਸਾਰੇ ਗੁਰੂ ਘਰਾਂ ਨੇ ਇਸ ਬਿੱਲ ਦੇ ਵਿਰੋਧ ਵਿਚ ਮਤੇ ਪਾਸ ਕੀਤੇ।

ਖਾਸ ਤੌਰ 'ਤੇ ਸ੍ਰ. ਮਨਦੀਪ ਸਿੰਘ ਜੀ ਦਾ ਇਸ ਬਿੱਲ ਦੀ ਵਿਰੋਧਤਾ ਵਿਚ ਬਹੁਤ ਵੱਡਾ ਯੋਗਦਾਨ ਰਿਹਾ। ਅਖੀਰ ਵਿਚ ਜਿੰਨੀਆਂ ਵੀ ਸਿੱਖ ਸੰਸਥਾਵਾਂ ਅਤੇ ਹੋਰ ਬਹੁਤ ਸਾਰੇ ਸਾਥੀਆਂ ਦਾ ਇਸ ਬਿੱਲ ਨੂੰ ਰੁਕਵਾਉਣ ਲਈ ਬਹੁਤ-ਬਹੁਤ ਧੰਨਵਾਦ ਕਰਦੇ ਹਾਂ ਜਿਨ੍ਹਾਂ ਦੀ ਕੋਸ਼ਿਸ਼ ਸਦਕਾ ਸਾਡੀ ਪੰਜਾਬੀ ਕਮਿਊਨਿਟੀ ਵੰਡ ਦਾ ਸ਼ਿਕਾਰ ਹੋਣ ਤੋਂ ਬਚ ਗਈ।

ਇਹੀ ਸੋਚ ਮਹਾਤਮਾ ਬੁੱਧ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਡਾ. ਬੀ.ਆਰ. ਅੰਬੇਡਕਰ ਦੀ ਸੀ। ਇਸ ਸੋਚ ਮੁਤਾਬਿਕ ਕਿਸੇ ਵੀ ਇਨਸਾਨ ਦੀ ਜਾਤੀ ਉਚੀ ਨੀਵੀਂ ਨਹੀਂ ਹੈ। ਸਭ ਇਨਸਾਨ ਬਰਾਬਰ ਹਨ। ਸਾਨੂੰ ਆਪਣੇ ਵਿਚੋਂ ਨੀਵੀਂ ਜਾਤ ਵਾਲੀ ਮਾਨਸਿਕਤਾ ਖਤਮ ਕਰਕੇ ਗੌਰਵਸ਼ਾਲੀ ਜ਼ਿੰਦਗੀ ਬਤੀਤ ਕਰਨੀ ਚਾਹੀਦੀ ਹੈ। ਗੁਰੂ ਸਾਹਿਬ ਨੇ ਸਾਨੂੰ ਦਲਿਤਪੁਣੇ ਅਤੇ ਸ਼ੂਦਰਪੁਣੇ 'ਚੋਂ ਕੱਢ ਕੇ ਭਾਰਤ ਦੇ ਵਿਚ ਆਪੇ ਬਣੇ ਉਚ ਜਾਤੀ ਸਮਾਜ ਨਾਲ ਬਰਾਬਰ ਲਿਆ ਕੇ ਖੜ੍ਹਾ ਕੀਤਾ ਸੀ। ਸਾਨੂੰ ਖ਼ੁਦ ਨੂੰ ਹੀ ਹੰਭਲਾ ਮਾਰ ਕੇ ਇਸ ਮਾਨਸਿਕਤਾ ਵਿਚੋਂ ਨਿਕਲਣਾ ਪੈਣਾ ਹੈ। ਅਮਰੀਕਾ ਵਰਗੇ ਦੇਸ਼ ਵਿਚੋਂ ਕੋਈ ਨੀਵੀਂ ਜਾਂ ਉਚੀ ਜਾਤੀ ਦਾ ਨਹੀਂ ਹੈ। ਅਸੀਂ ਸਭ ਬਰਾਬਰ ਹਾਂ। ਸਤਿਗੁਰੂ ਕਬੀਰ ਸਾਹਿਬ ਜੀ ਦਾ ਇਹ ਸ਼ਬਦ ਕਿ

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ।।**
**ਤਉ ਆਨ ਬਾਟ ਕਾਹੇ ਨਹੀ ਆਇਆ।।**

ਦੇ ਅਨੁਸਾਰ ਇਹ ਸ਼ਬਦ ਇਕੱਲੇ ਬ੍ਰਾਹਮਣ ਲਈ ਹੀ ਨਹੀਂ ਜੇ ਕੋਈ ਹੋਰ ਵੀ ਆਪਣੇ ਆਪੇ ਬਣਾਈ ਹੋਈ ਉਚੀ ਜਾਤੀ ਦਾ ਹੰਕਾਰ ਕਰਦਾ ਹੈ। ਇਸ ਉਸ ਲਈ ਵੀ ਹੈ। ਸੋ ਅੰਤ ਆਪਾਂ ਸਾਰੇ ਰਲ ਕੇ ਇਸ ਜਾਤ ਪਾਤ ਰਹਿਤ ਨਿੱਗਰ ਸਮਾਜ ਦੀ ਸਥਾਪਨਾ ਕਰੀਏ ਜੋ ਕਿ ਜਾਤ-ਪਾਤ, ਰੰਗ, ਭੇਦ, ਨਸਲ ਤੋਂ ਉਪਰ ਉਠ ਕੇ ਹੋਏ ਅਤੇ ਜੋ ਵੀ ਆਪਣੀ ਮਾਨਸਿਕਤਾ ਵਿਚ ਵਸਾਈ ਬੈਠੇ ਹਨ ਕਿ ਅਸੀਂ ਨੀਵੀਂ ਜਾਤ ਦੇ ਹਾਂ ਜਾਂ ਨੀਵੇਂ ਹਾਂ, ਇਹ ਸਭ ਕਾਸੇ ਨੂੰ ਛੱਡ ਕੇ ਇਕ ਉਚੀ ਤੇ ਸੁੱਚੀ ਸੋਚ ਦੇ ਧਾਰਨੀ ਬਣੀਏ ਅਤੇ ਮੁੜ ਉਸ ਰਾਜ ਭਾਗ ਦੇ ਮਾਲਕ ਬਣੀਏ ਜੋ ਸਾਡੇ ਤੋਂ ਹਜ਼ਾਰਾਂ ਸਾਲ ਪਹਿਲਾਂ ਸਾਨੂੰ ਇਸ ਗੰਦੇ ਜਾਤੀ ਸਿਸਟਮ ਵਿਚ ਵੰਡ ਕੇ ਸਾਡੇ ਤੋਂ ਖੋਹ ਲਿਆ ਗਿਆ।



OFFICE OF THE GOVERNOR

OCT 0 7 2023

To the Members of the California State Senate:

I am returning Senate Bill 403 without my signature.

This bill would define "ancestry" for purposes of the Fair Employment and Housing Act, the Unruh Act, and the Education Code to include "caste" and other dimensions of ancestry.

In California, we believe everyone deserves to be treated with dignity and respect, no matter who they are, where they come from, who they love, or where they live. That is why California already prohibits discrimination based on sex, race, color, religion, ancestry, national origin, disability, gender identity, sexual orientation, and other characteristics, and state law specifies that these civil rights protections shall be liberally construed. Because discrimination based on caste is already prohibited under these existing categories, this bill is unnecessary.

For this reason, I cannot sign this bill.

Sincerely,

Gavin Newsom

GOVERNOR GAVIN NEWSOM • SACRAMENTO, CA 95814 • (916) 445-2841

**ਕੈਲੀਫੋਰਨੀਆ 'ਚ ਜਾਤਪਾਤ ਭੇਦਭਾਵ ਅਧਾਰਤ Bill SB403 ਗਵਰਨਰ Governor Gavin Newsom ਵਲੋਂ ਬਿਨਾ ਦਸਤਖਤ ਕੀਤੇ ਸੈਨਟ ਨੂੰ ਵਾਪਿਸ ਭੇਜਿਆ ਗਵਰਨਰ ਨੇ ਆਪਣੇ ਲੈਟਰ 'ਚ SB403 ਬਾਰੇ ਕਹਿੰਦੇ ਹੋਏ ਕਿਹਾ ਕੀ ਅਮਰੀਕਾ ਦੇ ਕਨੂੰਨ ਅਤੇ ਸੰਵਿਧਾਨ ਪਹਿਲਾ ਹੀ ਹਰ ਇਕ ਦੀ ਅਜ਼ਾਦੀ ਬਿਨਾ ਕਿਸੇ ਭੇਦਭਾਵ ਦੇ ਗਰੰਟੀ ਦਿੰਦਾ ਹੈ ਇਸ ਲਈ ਇਹ ਬਿੱਲ ਬੇਲੋੜਾ ਹੈ।**

# ਆਪਣੀ ਗੀਤਕਾਰੀ ਦੇ ਸਹਾਰੇ ਵਿਦੇਸ਼ਾਂ ਦੀ ਧਰਤੀ ਤੇ ਵੀ ਜਾ ਚੁੱਕੇ ਹਨ-ਗੁਰਮਿੰਦਰ ਕੈਂਡੋਵਾਲ

## ਗੁਰਮਿੰਦਰ ਕੈਂਡੋਵਾਲ ਵਲੋਂ 1994 ਤੋਂ ਲੈ ਕੇ ਹੁਣ ਤੱਕ ਲਿਖੇ ਗੀਤ ਸਮਾਜ ਨੂੰ ਸੇਧ ਦੇਣ ਵਾਲੇ ਤੇ ਪਰਿਵਾਰ ਵਿੱਚ ਬੈਠ ਕੇ ਸੁਣਨ ਵਾਲੇ ਹੀ ਹਨ





ਜਦੋਂ ਕਿਧਰੇ ਕਲਾਕਾਰਾਂ ਦੀ ਗੀਤਕਾਰਾਂ ਦੀ ਲੇਖਕਾਂ ਦੀ ਸੱਥ ਵਿੱਚ ਕਲਮ ਦੇ ਧਨੀ, ਸ਼ਬਦਾਂ ਦੇ ਭੰਡਾਰ ਤੇ ਫਿਰ ਉਨ੍ਹਾਂ ਨੂੰ ਮਾਲਾ ਵਿੱਚ ਪਿਰਾਉਣ ਦੀ ਗੱਲ ਹੋਵੇ ਤਾਂ ਫਿਰ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਕੈਂਡੋਵਾਲ ਦਾ ਨਾਮ ਪ੍ਰਮੁੱਖਤਾ ਨਾਲ ਲਿਆ ਜਾਂਦਾ ਹੈ ਜਿਥੋਂ ਦੇ ਵਸਨੀਕ ਗੁਰਮਿੰਦਰ ਕੈਂਡੋਵਾਲ ਵਲੋਂ ਆਪਣੀ ਸਪੱਸ਼ਟ, ਸਮਾਜ ਨੂੰ ਸੇਧ ਦੇਣ ਵਾਲੀ, ਸਮਾਜ ਦੀਆਂ ਕੁਰੀਤੀਆਂ ਨੂੰ ਉਜਾਗਰ ਕਰਨ ਵਾਲੀ, ਆਪਣੇ ਅਮੀਰ ਵਿਰਸੇ ਤੇ ਸੱਭਿਆਚਾਰ ਨੂੰ ਦਰਸਾਉਂਦੀ ਲੇਖਣੀ ਦੇ ਨਾਲ ਪੰਜਾਬ ਹੀ ਨਹੀਂ ਵਿਦੇਸ਼ਾਂ ਵਿੱਚ ਵੀ ਆਪਣੀ ਅਲੱਗ ਪਹਿਚਾਣ ਬਣਾਈ ਹੈ। ਗੁਰਮਿੰਦਰ ਕੈਂਡੋਵਾਲ ਆਪਣੀ ਲੇਖਣੀ ਨਾਲ ਲੱਖਾਂ ਸੰਗੀਤ ਪ੍ਰੇਮੀਆਂ ਦੇ ਦਿਲਾਂ ਤੇ ਰਾਜ ਕਰਦੇ ਹਨ।

ਸੋ ਅਮਰੀਕਾ ਦੇ ਕੈਲੇਫੋਨੀਆ ਸ਼ਹਿਰ ਤੋਂ ਛਪਦੇ ਸਾਡੇ ਲੋਕ ਅਖ਼ਬਾਰ ਦੇ ਪੰਜਾਬ ਤੋਂ ਬਿਊਰੋ ਚੀਫ਼ ਦਲਜੀਤ ਅਜਨੋਹਾ ਵਲੋਂ ਉੱਘੇ ਲੇਖਕ ਗੁਰਮਿੰਦਰ ਕੈਂਡੋਵਾਲ ਹੋਰਾਂ ਨਾਲ ਵਿਸ਼ੇਸ਼ ਤੌਰ ’ਤੇ ਗੱਲਬਾਤ ਕੀਤੀ ਜਿਸ ਨੂੰ ਆਪਣੇ ਪਾਠਕਾਂ ਦੇ ਸਨਮੁੱਖ ਅੱਖਰਾਂ ਦੇ ਰੂਪ ਵਿੱਚ ਪੇਸ਼ ਕਰਨ ਦਾ ਉਪਰਾਲਾ ਕਰ ਰਿਹਾ ਹਾਂ।

ਜਦੋਂ ਪੱਤਰਕਾਰ ਵਲੋਂ ਉਨ੍ਹਾਂ ਨੂੰ ਮਿਲਿਆ ਗਿਆ ਤਾਂ ਉਹ ਆਪਣੇ ਕਿਸੇ ਘਰੇਲੂ ਕੰਮ ਵਿੱਚ ਮਸਰੂਫ ਸਨ ਪਰ ਉਨ੍ਹਾਂ ਆਪਣੀ ਮਸਰੂਫੀਅਤ ਵਿੱਚੋਂ ਸਮਾਂ ਕੱਢ ਸਾਡੇ ਨਾਲ ਬਹੁਤ ਹੀ ਵਧੀਆ ਢੰਗ ਨਾਲ ਗੱਲ ਕੀਤੀ ਤੇ ਆਪਣੀ ਮਿਹਨਤ, ਸੰਘਰਸ਼ ਤੇ ਉਪਲਬਧੀਆਂ ਬਾਰੇ ਵਿਸਥਰਪੂਰਵਕ ਦੱਸਿਆ।

ਬਹੁਤ ਹੀ ਹਸਮੁੱਖ ਤੇ ਮਿਲਾਪੜੇ ਸੁਭਾਅ ਦੇ ਮਾਲਕ ਗੁਰਮਿੰਦਰ ਕੈਂਡੋਵਾਲ ਹੋਰਾਂ ਨਾਲ ਕੀਤੀ ਗੱਲਬਾਤ ਮੁਤਾਬਕ ਉਨ੍ਹਾਂ ਦਾ ਜਨਮ ਪਿੰਡ ਕੈਂਡੋਵਾਲ ਵਿਖੇ 29/11/69 ਨੂੰ ਹੋਇਆ ਪਿਤਾ ਸ. ਅਜਾਇਬ ਸਿੰਘ ਤੇ ਮਾਤਾ ਸਤਵਿੰਦਰ ਕੌਰ ਵਲੋਂ ਉਨ੍ਹਾਂ ਦੇ ਜਨਮ ਤੇ ਬਹੁਤ ਖੁਸ਼ੀਆਂ ਮਨਾਈਆਂ ਕਈ ਦਿਨ ਪਿੰਡ ਦੇ ਲੋਕਾਂ ਵਲੋਂ ਮੁਬਾਰਕਾਂ ਦਾ ਤਾਂਤਾ ਲੱਗਾ ਰਿਹਾ ਪੰਜਾਬੀ ਦੇ ਅਖਾਣ ਮੁਤਾਬਕ ‘ਹੋਣਹਾਰ ਵਿਰਵਾਨ ਕੇ ਹੋਤ ਚਿਕਨੇ ਚਿਕਨੇ ਪਾਤ’ ਗੁਰਮਿੰਦਰ ਕੈਂਡੋਵਾਲ ਪੜ੍ਹਾਈ ਵਿੱਚ ਸ਼ੁਰੂ ਤੋਂ ਹੀ ਹੁਸ਼ਿਆਰ ਤੇ ਤੀਖਣ ਬੁੱਧੀ ਦੇ ਮਾਲਕ ਸਨ ਉਨਾਂ ਨੇ ਮੁੱਢਲੀ ਵਿੱਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ ਗ੍ਰੈਜੂਏਸ਼ਨ ਸ਼੍ਰੀ ਗੁਰੂ ਗੋਬਿੰਦ ਖਾਲਸਾ ਕਾਲਿਜ ਮਾਹਿਲਪੁਰ ਤੋਂ ਕੀਤੀ ਤੇ ਡਬਲ ਐਮ ਏ ਡੀ ਏ ਵੀ ਕਾਲਿਜ ਹੁਸ਼ਿਆਰਪੁਰ ਤੋਂ ਕੀਤੀ ਪੜ੍ਹਾਈ ਦੇ ਨਾਲ ਨਾਲ ਉਨ੍ਹਾਂ ਉ ਲਿਖਣ ਦਾ ਬਹੁਤ ਸ਼ੌਕ ਸੀ ਜਦੋਂ ਵੀ ਸਮਾਂ ਮਿਲਦਾ ਉਹ ਆਪਣੀ ਕਲਮ ਨਾਲ ਵੱਖ ਵੱਖ ਸ਼ਬਦਾਂ ਨੂੰ ਲੈ ਕਿ ਤੁਕਬੰਦੀ ਕਰਦੇ ਉਨਾਂ ਦਾ ਲਿਖਣ ਦਾ ਸ਼ੌਕ ਉਸ ਸਮੇਂ ਪਰਵਾਨ ਚੜਿਆ ਜਦੋਂ 1994/95 ਵਿੱਚ ਉਨਾਂ ਦਾ ਲਿਖਿਆ ਗੀਤ- ਲੋਕੀ ਰੱਖਦੇ ਨੇ ਕੋਲ ਤਸਵੀਰਾਂ, ਅਸਾਂ ਨੇ ਤੇਰੀ ਯਾਦ ਰੱਖ ਲਈ ਦੂਰਦਰਸ਼ਨ ਜਲੰਧਰ ਤੇ ਪ੍ਰਸਾਰਿਤ ਹੋਇਆ ਉਸ ਤੋਂ ਬਾਅਦ ਉਨ੍ਹਾਂ ਆਪਣੇ ਰੋਜ਼ਗਾਰ ਲਈ



ਦਲਜੀਤ ਸਿੰਘ ਅਜਨੋਹਾ
98721-83601

ਜਿੱਥੇ ਆਪਣਾ ਪ੍ਰਾਈਵੇਟ ਸਕੂਲ ਖੋਲਿਆ ਉਥੇ ਬੱਚਿਆਂ ਡੀ ਪੜ੍ਹਾਈ ਦੇ ਨਾਲ ਨਾਲ ਆਪਣਾ ਲਿਖਣ ਦਾ ਸ਼ੌਕ ਵੀ ਜਾਰੀ ਰੱਖਿਆ ਤੇ 1996 ਵਿੱਚ ਉਨਾਂ ਦਾ ਲਿਖਿਆ ਗੀਤ ਜਿਹੜਾ ਰਵਿੰਦਰ ਗਰੇਵਾਲ ਵਲੋਂ ਗਾਇਆ ਗਿਆ : ਗੁਲਾਬੀ ਪੱਗ ਬੰਨ੍ਹ ਮਿੱਤਰਾ: ਬਹੁਤ ਮਸ਼ਹੂਰ ਹੋਇਆ ਤੇ ਬੱਚੇ ਬੱਚੇ ਦੀ ਜ਼ਬਾਨ ਤੇ ਗਲੀਆਂ ਮੁਹਲਿਆਂ, ਬਾਜ਼ਾਰਾਂ ਵਿੱਚ ਆਮ ਸੁਣਨ ਨੂੰ ਮਿਲਣ ਲੱਗਾ ਤੇ ਅੱਜ ਵੀ ਉਹ ਗੀਤ ਨੌਜਵਾਨ ਬਹੁਤ ਚਾਅ ਦੇ ਨਾਲ ਵਿਆਹ, ਸ਼ਾਦੀਆਂ ਤੇ ਹੋਰ ਸਮਾਗਮਾਂ ਵਿੱਚ ਗੁਣ ਗਨਾਉਂਦੇ ਦਿਖਾਈ ਦਿੰਦੇ ਹਨ ਉਸ ਤੋਂ ਬਾਅਦ ਇੰਨਾ ਵਲੋਂ ਲਿਖੇ ਗੀਤ ਪ੍ਰਮੁੱਖ ਕਲਾਕਾਰਾਂ ਵਲੋਂ ਗਾਏ ਗਏ ਜਿਨ੍ਹਾਂ ਨੂੰ ਨੈਸ਼ਨਲ ਪੱਧਰ ’ਤੇ ਪ੍ਰਸਿੱਧੀ ਮਿਲੀ ਤੇ 2002 ਵਿੱਚ ਇਨ੍ਹਾਂ ਦਾ ਵਿਆਹ ਬੀਬੀ ਹਰਮਨ ਦੀਪ ਕੌਰ ਨਾਲ ਹੋਇਆ ਤੇ ਗ੍ਰਹਿਸਥ ਜੀਵਨ ਸ਼ੁਰੂ ਹੋ ਗਿਆ ਤੇ ਗੀਤਕਾਰੀ ਦਾ ਸ਼ੌਕ ਨਿਰੰਤਰ ਚੱਲਦਾ ਰਿਹਾ ਗੁਰਮਿੰਦਰ ਕੈਂਡੋਵਾਲ ਆਪਣੀ ਜੌਬ ਦੇ ਨਾਲ ਨਾਲ ਐਸ ਸਮਾਜ ਦੀਆਂ ਕਈ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਪ੍ਰਤੀਨਿਧ ਵੀ ਹਨ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ੁੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਉਣ ਦੇ ਨਾਲ ਆਪਣੇ ਲਿਖਣ ਦੇ ਸ਼ੌਕ ਵੀ ਜਾਰੀ ਰੱਖਿਆ ਤੇ ਉਨ੍ਹਾਂ ਦੱਸਿਆ ਕਿ ਉਹ ਗੀਤਕਾਰੀ ਸਦਕਾ ਹੀ ਕੈਨੇਡਾ, ਇੰਗਲੈਂਡ, ਨਿਊਜ਼ੀਲੈਂਡ, ਆਸਟ੍ਰੇਲੀਆ ਆਦਿ ਦੇਸ਼ਾਂ ਵਿੱਚ ਜਾ ਚੁੱਕੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਅਮਰੀਕਾ ਜਾ ਰਹੇ ਹਨ। ਇਸ ਸਾਰੇ ਸਫ਼ਰ ਦੇ ਦੌਰਾਨ ਉਨ੍ਹਾਂ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ ਬੇਟੀ +1 ਤੇ ਬੇਟਾ +2 ਵਿੱਚ ਪੜ੍ਹਦਾ ਹੈ। ਇਸ ਤਰ੍ਹਾਂ ਗੁਰਮਿੰਦਰ ਕੈਂਡੋਵਾਲ ਆਪਣੇ ਜੀਵਨ ਵਿੱਚ ਇੱਕ ਵਧੀਆ ਪਤੀ, ਪਿਤਾ ਤੇ ਅਧਿਆਪਕ ਦਾ ਰੋਲ ਨਿਭਾਉਂਦੇ ਹੋਏ ਸਮਾਜ ਨੂੰ ਵੀ ਸਮਾਂ ਦੇ ਰਹੇ ਹਨ। ਪਿਛਲੇ ਸਮੇਂ ਦੌਰਾਨ ਚਲੇ ਕਿਸਾਨ ਅੰਦੋਲਨ ਦੌਰਾਨ ਵੀ ਗੁਰਮਿੰਦਰ ਕੈਂਡੋਵਾਲ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਜਿਥੇ ਦਿੱਲੀ ਧਰਨਿਆਂ ਵਿੱਚ ਵੀ ਸ਼ਾਮਲ ਹੋਏ ਉਥੇ ਇਲਾਕੇ ਦੇ ਕਿਸਾਨਾਂ ਨਾਲ ਵੀ ਮੋਢੇ ਨਾਲ ਮੋਢਾ ਲਗਾ ਕੇ ਖੜ੍ਹੇ ਰਹੇ। ਗੁਰਮਿੰਦਰ ਕੈਂਡੋਵਾਲ ਇਲਾਕੇ ਦੇ ਗਰੀਬ ਤੇ ਜ਼ਰੂਰਤਮੰਦ ਲੋਕਾਂ ਦੀ ਯਥਾ ਯੋਗ ਸਹਾਇਤਾ ਵੀ ਕਰਨ ਲਈ ਤਤਪਰ ਰਹਿੰਦੇ ਹਨ। ਵੱਡੀ ਗੱਲ ਇਹ ਦੇਖੀ ਗਈ ਕਿ ਉਹ ਆਪਣੇ ਵਲੋਂ ਕੀਤੇ ਗਏ ਕਿਸੇ ਵੀ ਜਨ ਹਿਤ ਦੇ ਕੰਮ ਨੂੰ ਜਨਤਕ ਕਰਨ ਵਿਚ ਬਹੁਤੀ ਦਿਲਚਸਪੀ ਨਹੀਂ ਰੱਖਦੇ। ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜਾ ਕੰਮ ਕਿਸੇ ਦੀ ਸਹਾਇਤਾ ਜਾਂ ਭਲਾਈ ਲਈ ਕੀਤਾ ਹੈ ਉਸਦੀ ਵਾਹ ਵਾਹ ਕਰਵਾਉਣ ਦੀ ਜ਼ਰੂਰਤ ਨਹੀਂ ਉਹ ਅਕਾਲ ਪੁਰਖ ਸਭ ਜਾਣਦਾ ਹੈ ਸੋ ਅੱਜ ਦੀ ਇਸ ਮਤਲਬੀ ਦੁਨੀਆਂ ਵਿੱਚ ਇਸ ਤਰ੍ਹਾਂ ਦੇ ਲੋਕ ਵੀ ਹਨ।



# ਸੰਤ ਬਾਬਾ ਮੋਹਰ ਸਿੰਘ ਜੀ ਯਾਦਗਾਰੀ ਸਲਾਨਾ ਸਮਾਗਮ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸੰਪੂਰਨ ਹੋਇਆ

ਟਾਂਡਾ ਉੜਮੁੜ, (ਰਵਿੰਦਰ ਸਿੰਘ) : ਨਿਰਮਲੇ ਸੰਪਰਦਾਇ ਨਾਲ ਸਬੰਧਿਤ ਇਤਿਹਾਸਿਕ ਡੇਰਾ ਮਸਤਗੜ੍ਹ ਟਾਂਡਾ ਵਿਖੇ ਸੱਚਖੰਡ ਵਾਸੀ ਸੰਤ ਬਾਬਾ ਮੋਹਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸਲਾਨਾ ਸਮਾਗਮ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਗਿਆ ਜੋ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸੰਪੂਰਨ ਹੋਇਆ। ਸੰਤ ਬਾਬਾ ਤਰਲੋਕ ਸਿੰਘ ਜੀ ਦੇ ਵਸਾਏ ਅਸਥਾਨ ਦੇ ਮੁੱਖ ਸੇਵਾਦਾਰ ਹਰਿਸਿਮਰਤ ਸਿੰਘ ਅਤੇ ਬੀਬੀ ਸੁਰਜੀਤ ਕੌਰ ਦੀ ਅਗਵਾਈ ਵਿੱਚ ਤੇ ਪ੍ਰਬੰਧਕ ਸੇਵਾਦਰ ਅਮਰਜੀਤ ਸਿੰਘ, ਲਖਵਿੰਦਰ ਸਿੰਘ, ਸੁਖਵਿੰਦਰ ਸਿੰਘ ਅਰੋੜਾ ਅਤੇ ਬੀਬੀ ਕੁਲਵੰਤ ਕੌਰ ਦੀ ਦੇਖ ਰੇਖ ਹੇਠ ਵਿੱਚ ਹੋਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ 1 ਅਕਤੂਬਰ ਤੋਂ ਆਰੰਭ ਕੀਤੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੀ ਸੰਪੂਰਨਤਾਈ ਦੇ ਭੋਗ ਪਾਏ ਗਏ। ਇਸ ਮੌਕੇ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਸੰਤ ਬਾਬਾ ਗੁਰਨਾਮ ਸਿੰਘ ਜੀ ਡੇਰਾ ਨਿਰਮਲਿਆ ਡੱਲੀ, ਮਹੰਤ ਜਤਿੰਦਰ ਸਿੰਘ ਆਲਮਪੁਰ, ਮਹੰਤ ਜਸਵੰਤ ਸਿੰਘ ਜੀ ਡੇਰਾ ਭਗੌਤੀਪੁਰ, ਮਹੰਤ ਦਲਜੀਤ ਸਿੰਘ ਜੀ ਅੱਬੋਵਾਲ,







ਡੇਰਾ ਮਸਤਗੜ੍ਹ ਟਾਂਡਾ ਵਿਖੇ ਹੋਏ ਸੰਤ ਬਾਬਾ ਮੋਹਰ ਸਿੰਘ ਯਾਦਗਾਰੀ ਸਲਾਨਾ ਸਮਾਗਮ ਦੀਆਂ ਝਲਕੀਆਂ

ਮਹੰਤ ਅਮਰਜੀਤ ਸਿੰਘ ਜੀ ਮੁਕੇਰੀਆਂ, ਮਹੰਤ ਨਰਿੰਦਰਜੀਤ ਸਿੰਘ ਜੀ ਪਡੋਰੀ ਨਿਜਰਾ, ਸੰਤ ਰਣਜੀਤ ਸਿੰਘ ਸੈਕਟਰੀ ਦੁਆਬਾ ਨਿਰਮਲ ਮੰਡਲ, ਰਾਗੀ ਜਥਾ ਭਾਈ ਜਗਰੂਪ ਸਿੰਘ, ਭਾਈ ਹਰਭਜਨ ਸਿੰਘ ਜੀ ਸੋਤਲੇ ਸਿੰਘ ਵਾਲੇ, ਭਾਈ ਜਸਪਾਲ ਸਿੰਘ, ਬੀਬੀ ਅਮਨਦੀਪ ਕੌਰ ਦੇ ਰਾਗੀ-ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਦੇ ਹੋਏ ਸੰਤਾਂ ਮਹਾਂਪੁਰਸ਼ਾਂ ਦੇ ਜੀਵਨ ਤੇ ਚਾਨਣਾ ਪਾਇਆ ਅਤੇ ਉਨ੍ਹਾਂ ਵੱਲੋਂ ਦਰਸਾਏ ਗਏ ਸੇਵਾ ਤੇ ਸਿਮਰਨ ਦੇ ਮਾਰਗ ਤੇ ਚੱਲ ਕੇ ਆਪਣਾ ਮਨੁੱਖਾ ਜੀਵਨ ਸਫਲਾ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਮੁੱਖ ਸੇਵਾਦਾਰ ਸੰਤ ਹਰਿਸਿਮਰਨਜੀਤ ਸਿੰਘ ਤੇ ਸੇਵਾਦਾਰ ਸੁਖਵਿੰਦਰ ਸਿੰਘ ਅਰੋੜਾ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਪਹੁੰਚੀਆਂ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸਿਰਪਾਉ ਭੇਂਟ ਕਰਕੇ ਸਨਮਾਨਿਤ ਵੀ ਕੀਤਾ। ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਦੇ ਪਿਤਾ ਜੀ ਮਾਸਟਰ ਮਹਿੰਦਰ ਸਿੰਘ ਗਿੱਲ, ਕੇਸ਼ਵ ਸਿੰਘ ਸੈਣੀ, ਨੰਬਰਦਾਰ ਜਗਜੀਵਨ ਜਗੀ, ਸੁਖਵਿੰਦਰ ਸਿੰਘ ਅਰੋੜਾ, ਪ੍ਰਿੰਸੀਪਲ ਜਤਿੰਦਰ ਕੌਰ ਅਰੋੜਾ, ਹਰਬੰਸ ਸਿੰਘ ਪਾਤੜ , ਪੀਪੀ ਜਸਵੰਤ ਕੌਰ ਗਿੱਲਜੀਆ ਨੂੰ ਡੇਰੇ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਾਜ਼ਰ ਵਿਸ਼ੇਸ਼ ਸ਼ਖਸੀਅਤਾਂ ਵਿੱਚ ਜੋਗਿੰਦਰ ਸਿੰਘ ਸੀਹਰਾ, ਡਾ.ਬਲਵਿੰਦਰ ਸਿੰਘ ਮਰਵਾਹਾ, ਨਰਿੰਦਰ ਸਿੰਘ, ਜਸਵਿੰਦਰ ਸਿੰਘ ਕਾਕਾ, ਲਖਵਿੰਦਰ ਸਿੰਘ ਮੁਲਤਾਨੀ , ਵਰਿੰਦਰ ਸਿੰਘ, ਅਵਤਾਰ ਸਿੰਘ ਤਾਰੀ, ਅਮਰਜੀਤ ਸਿੰਘ, ਜਸਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਕੌਮਾਂਤਰੀ ਹਾਕੀ ਖਿਡਾਰੀ ਅਵਤਾਰ ਸਿੰਘ ਘੁੰਮਣ ਦਾ ਦੇਹਾਂਤ

ਗੁਰੂਸਰ ਸੁਧਾਰ : ਉੱਘੇ ਹਾਕੀ ਖਿਡਾਰੀ ਅਵਤਾਰ ਸਿੰਘ ਘੁੰਮਣ ਦਾ ਦੇਹਾਂਤ ਹੋ ਗਿਆ। ਉਹ 80 ਸਾਲ ਦੇ ਸਨ। ਉਨ੍ਹਾਂ ਨੇ ਲਾਗਲੇ ਪਿੰਡ ਘੁਮਾਣ ਵਿੱਚ ਆਖ਼ਰੀ ਸਾਹ ਲਿਆ। ਉਨ੍ਹਾਂ ਭਾਰਤੀ ਹਵਾਈ ਸੈਨਾ ਵਿੱਚ 28 ਸਾਲ ਸੇਵਾਵਾਂ ਨਿਭਾਈਆਂ। ਸਪੋਰਟਸ ਅਥਾਰਿਟੀ ਆਫ ਇੰਡੀਆ ਦੇ ਉੱਘੇ ਕੋਚ ਅਵਤਾਰ ਸਿੰਘ ਘੁੰਮਣ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਘੁਮਾਣ ਦੇ ਸ਼ਮਸ਼ਾਨਘਾਟ ਵਿੱਚ ਸੈਂਕੜੇ ਨਮ ਅੱਖਾਂ ਦੀ ਮੌਜੂਦਗੀ ਵਿੱਚ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਤਿਰੰਗੇ ਝੰਡੇ ਵਿੱਚ ਲਪੇਟੀ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅੰਤਿਮ ਦਰਸ਼ਨਾਂ ਲਈ ਪਹਿਲਾਂ ਉਨ੍ਹਾਂ ਦੇ ਘਰ ਵਿੱਚ ਹੀ ਰੱਖਿਆ ਗਿਆ ਸੀ। ਸ਼ਮਸ਼ਾਨਘਾਟ ਵਿੱਚ ਭਾਰਤੀ ਫ਼ੌਜ ਦੀ 17 ਐੱਫਏਡੀ ਯੂਨਿਟ ਦੇ ਨਾਇਬ ਸੂਬੇਦਾਰ ਰਮੇਸ਼ ਐੱਨ ਦੀ ਅਗਵਾਈ ਵਾਲੀ ਫੌਜੀ ਟੁਕੜੀ ਨੇ ਅਵਤਾਰ ਸਿੰਘ ਘੁੰਮਣ ਨੂੰ ਆਖ਼ਰੀ ਸਲਾਮੀ ਦਿੱਤੀ। ਅਵਤਾਰ ਸਿੰਘ ਘੁੰਮਣ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਗੁਰਮੁਖ ਸਿੰਘ ਘੁੰਮਣ ਵੱਲੋਂ ਦਿਖਾਈ ਗਈ। ਅਵਤਾਰ ਘੁੰਮਣ 1967 ਦੀ ਲੰਡਨ ਪ੍ਰੀ-ਓਲੰਪਿਕ, ਮੁੰਬਈ ਇੰਟਰਨੈਸ਼ਨਲ 1970, ਏਸ਼ੀਅਨ ਖੇਤਰ ਦੇ ਸਿੰਗਾਪੁਰ ਟੂਰਨਾਮੈਂਟ 1971, ਵਿਸ਼ਵ ਕੱਪ ਬਾਰਸੀਲੋਨਾ ਸਪੇਨ 1971 ਦੌਰਾਨ ਭਾਰਤੀ ਹਾਕੀ ਟੀਮ ਦਾ ਹਿੱਸਾ ਸਨ। ਪਿੰਡ ਦੀ ਸਰਪੰਚ ਅਮਰਜੀਤ ਕੌਰ, ਸਾਬਕਾ ਸਰਪੰਚ ਭੁਪਿੰਦਰ ਸਿੰਘ, ਸਰਪੰਚ ਹਰਮਿੰਦਰ ਸਿੰਘ ਗਿੱਲ ਅਤੇ ਕਿਸਾਨ ਜਥੇਬੰਦੀਆਂ ਦੇ ਆਗੂ ਅਤੇ ਪਰਿਵਾਰਕ ਮੈਂਬਰ ਮੌਜੂਦ ਸਨ। ਅਵਤਾਰ ਸਿੰਘ ਘੁੰਮਣ ਆਪਣੇ ਪਿੱਛੇ ਪਤਨੀ, ਇੱਕ ਪੁੱਤਰ ਤੇ ਤਿੰਨ ਧੀਆਂ ਨੂੰ ਛੱਡ ਗਏ ਹਨ।




### ਐਸਵਾਈਐਲ ਦੇ ਮੁੱਦੇ 'ਤੇ ਸਿਆਸਤ ਭਖੀ

# ਭਗਵੰਤ ਮਾਨ ਨੇ ਵਿਰੋਧੀ ਧਿਰ ਦੇ ਮੁੱਖ ਆਗੂਆਂ ਨੂੰ ਖੁੱਲ੍ਹੀ ਬਹਿਸ ਲਈ ਵੰਗਾਰਿਆ

- ਰੋਜ਼ ਦੀ ਕਿੱਚ-ਕਿੱਚ ਨਾਲੋਂ ਲੋਕਾਂ ਤੇ ਮੀਡੀਆ ਸਾਹਮਣੇ ਬੈਠ ਕੇ ਇਕੋ ਦਿਨ ਨਿਤਾਰਾ ਕਰ ਲਈਏ, ਬਹਿਸ ਲਈ ਪਾਣੀਆਂ, ਬੇਅਦਬੀ ਤੇ ਭ੍ਰਿਸ਼ਟਾਚਾਰ ਸਮੇਤ ਸਾਰੇ ਅਹਿਮ ਮੁੱਦਿਆਂ ਦਾ ਏਜੰਡਾ ਵੀ ਦੇ ਦਿੱਤਾ
- ਜਾਖੜ, ਵੜਿੰਗ, ਸੁਖਬੀਰ ਤੇ ਬਾਜਵਾ ਨੇ ਬਹਿਸ ਦੀ ਚੁਣੌਤੀ ਕਬੂਲ ਕਰਦਿਆਂ ਨਾਲ ਕੁਝ ਸਵਾਲ ਤੇ ਸ਼ਰਤਾਂ ਵੀ ਰੱਖੀਆਂ







ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਛਿੜੇ ਵਿਵਾਦ ਨੂੰ ਨਵਾਂ ਮੋੜ ਦਿੰਦਿਆਂ ਪੰਜਾਬ ਦੀਆਂ ਵਿਰੋਧੀ ਧਿਰਾਂ ਨੂੰ ਖੁੱਲ੍ਹੀ ਬਹਿਸ ਲਈ ਵੰਗਾਰਿਆ ਹੈ। ਉਨ੍ਹਾਂ ਅੱਜ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਐੱਸਵਾਈਐੱਲ ਸਣੇ ਪੰਜਾਬ ਦੇ ਭਖ਼ਦੇ ਮਸਲਿਆਂ ਉੱਤੇ ਪਹਿਲੀ ਨਵੰਬਰ ਨੂੰ ਖੁੱਲ੍ਹੀ ਬਹਿਸ ਕਰਨ ਦੀ ਚੁਣੌਤੀ ਦਿੱਤੀ ਹੈ। ਦੂਜੇ ਪਾਸੇ ਵਿਰੋਧੀ ਧਿਰਾਂ ਨੇ ਮੁੱਖ ਮੰਤਰੀ ਦੀ ਇਸ ਚੁਣੌਤੀ ਨੂੰ ਸ਼ਰਤਾਂ ਸਣੇ ਕਬੂਲ ਕਰ ਲਿਆ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਇਹ ਖੁੱਲ੍ਹੀ ਬਹਿਸ ਹਕੀਕਤ ਬਣਦੀ ਹੈ ਜਾਂ ਨਹੀਂ।

ਚੇਤੇ ਰਹੇ ਕਿ ਸੁਪਰੀਮ ਕੋਰਟ ਨੇ 4 ਅਕਤੂਬਰ ਨੂੰ ਕੇਂਦਰ ਸਰਕਾਰ ਨੂੰ ਐੱਸਵਾਈਐੱਲ ਨਹਿਰ ਦੇ ਪੰਜਾਬ ਵਿਚਲੇ ਹਿੱਸੇ ਦਾ ਸਰਵੇਖਣ ਕਰਵਾਉਣ ਲਈ ਕਿਹਾ ਹੈ। ਇਸ ਮਗਰੋਂ ਸਾਰੀਆਂ ਵਿਰੋਧੀ ਧਿਰਾਂ ਸਿਆਸੀ ਤੌਰ 'ਤੇ ਸਰਗਰਮ ਹੋ ਗਈਆਂ ਹਨ। ਸ਼ ?ਰੋਮਣੀ ਅਕਾਲੀ ਦਲ ਨੇ 10 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ ਜਦੋਂ ਕਿ ਲੰਘੇ ਕੱਲ੍ਹ ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਯਤਨ ਕੀਤਾ ਗਿਆ ਸੀ। ਮੁੱਖ ਮੰਤਰੀ ਨੇ ਕਿਹਾ, "ਇਹ ਖੁੱਲ੍ਹੀ ਬਹਿਸ 'ਪੰਜਾਬ ਨੂੰ ਹੁਣ ਤੱਕ ਕੀਹਨੇ ਤੇ ਕਿਵੇਂ ਲੁੱਟਿਆ' ਦੁਆਲੇ ਕੇਂਦਰਿਤ ਹੋਵੇਗੀ ਅਤੇ ਇਸ ਬਹਿਸ ਵਿੱਚ ਭਾਈ-ਭਤੀਜੇ, ਸਾਲੇ-ਜੀਜੇ, ਮਿੱਤਰ-ਮੁਲਾਹਜ਼ੇ, ਟੌਲ ਪਲਾਜ਼ੇ, ਜਵਾਨੀ-ਕਿਸਾਨੀ, ਵਪਾਰ-ਦੁਕਾਨਦਾਰ, ਗੁਰੂਆਂ ਦੀ ਬਾਣੀ ਤੇ ਨਹਿਰਾਂ ਦਾ ਪਾਣੀ ਦੀ ਗੱਲ ਹੋਵੇਗੀ।

ਸ੍ਰੀ ਮਾਨ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਇਨ੍ਹਾਂ ਸਾਰੇ ਮਸਲਿਆਂ ਉੱਤੇ ਪੰਜਾਬ ਨਾਲ ਗੱਦਾਰੀ ਕੀਤੀ ਹੈ ਜਿਸ ਲਈ ਇਨ੍ਹਾਂ ਨੂੰ ਸੂਬੇ ਦੇ ਲੋਕਾਂ ਅੱਗੇ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਪੰਜਾਬ ਅਤੇ ਪੰਜਾਬੀਆਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਇਨ੍ਹਾਂ ਨੂੰ ਸੂਬੇ ਦੇ ਲੋਕ ਕਦੇ ਮੁਆਫ਼ ਨਹੀਂ ਕਰਨਗੇ। ਉਨ੍ਹਾਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਪੰਜਾਬ ਦਵਿਸ ਮੌਕੇ ਪ੍ਰਸਤਾਵਿਤ ਬਹਿਸ ਲਈ ਚੰਗੀ ਤਰ੍ਹਾਂ ਤਿਆਰੀ ਕਰਨ ਨੂੰ ਕਿਹਾ ਹੈ। ਮੁੱਖ ਮੰਤਰੀ ਨੇ ਇਨ੍ਹਾਂ ਆਗੂਆਂ ਨੂੰ ਕਿਹਾ, "ਤੁਹਾਡੇ ਕੋਲ ਇਸ ਬਹਿਸ ਲਈ ਤਿਆਰੀ ਕਰਨ ਦਾ ਖੁੱਲ੍ਹਾ ਸਮਾਂ ਹੈ ਅਤੇ ਆਪਣਾ ਬਚਾਅ ਕਰਨ ਲਈ ਕਾਗਜ਼-ਪੱਤਰ ਵੀ ਲਿਆ ਸਕਦੇ ਹੋ।" ਉਨ੍ਹਾਂ ਇਹ ਵੀ ਕਿਹਾ, "ਮੈਂ ਤਾਂ ਲੋਕਾਂ ਦੀ ਕਚਹਿਰੀ ਵਿੱਚ ਸੱਚ ਦੀ ਗੱਲ ਕਰਨੀ ਹੈ ਜਿਸ ਕਰ ਕੇ ਮੈਨੂੰ ਕਿਸੇ ਕਾਗਜ਼-ਪੱਤਰ ਦਾ ਸਹਾਰਾ ਲੈਣ ਦੀ ਲੋੜ ਨਹੀਂ ਹੈ ਅਤੇ ਮੈਂ ਬਿਨਾ ਕਿਸੇ ਕਾਗਜ਼ ਤੋਂ ਬਹਿਸ ਵਿੱਚ ਹਿੱਸਾ ਲਵਾਂਗਾ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ 4 ਅਕਤੂਬਰ ਨੂੰ ਜੋ ਫ਼ੈਸਲਾ ਦਿੱਤਾ ਗਿਆ ਹੈ, ਉਸ ਦੀ ਕਾਪੀ ਪੰਜਾਬੀ ਟ੍ਰਿਬਿਊਨ ਕੋਲ ਮੌਜੂਦ ਹੈ। ਇਸ ਫੈਸਲੇ ਵਿੱਚ ਕੇਂਦਰ ਸਰਕਾਰ ਨੂੰ ਐੱਸਵਾਈਐੱਲ ਦੇ ਪੰਜਾਬ ਵਿਚਲੇ ਹਿੱਸੇ ਦੇ ਸਰਵੇਖਣ ਲਈ ਕਿਹਾ ਗਿਆ ਹੈ ਤਾਂ ਜੋ ਦੇਖਿਆ ਜਾ ਸਕੇ ਕਿ ਪੰਜਾਬ ਵਿਚਲੀ ਜ਼ਮੀਨ ਸੁਰੱਖਿਅਤ ਹੈ ਅਤੇ ਪੰਜਾਬ ਸਰਕਾਰ ਨੇ ਇਹ ਜ਼ਮੀਨ ਖਾਲੀ ਕਰਵਾਈ ਹੈ ਜਾਂ ਨਹੀਂ।

ਕੇਂਦਰ ਨੂੰ ਮਸਲੇ ਦੇ ਹੱਲ ਲਈ ਕੋਸ਼ਿਸ਼ਾਂ ਜਾਰੀ ਰੱਖਣ ਲਈ ਕਿਹਾ ਗਿਆ ਹੈ। ਪੰਜਾਬ ਨੇ ਪਹਿਲਾਂ ਪਾਣੀਆਂ ਦੀ ਉਪਲੱਬਧਤਾ ਮਾਪਣ ਦੀ ਗੱਲ ਰੱਖੀ ਪਰ ਸੁਪਰੀਮ ਕੋਰਟ ਨੇ ਇਸ 'ਤੇ ਕੋਈ ਟਿੱਪਣੀ ਨਹੀਂ ਕੀਤੀ। ਪਿਛਾਂਹ ਦੇਖੀਏ ਤਾਂ 30 ਨਵੰਬਰ 2016 ਨੂੰ ਵੀ ਸੁਪਰੀਮ ਕੋਰਟ ਨੇ ਰਿਸੀਵਰ ਨਿਯੁਕਤ ਕੀਤਾ ਸੀ ਤਾਂ ਜੋ ਐੱਸਵਾਈਐੱਲ ਦੀ ਜ਼ਮੀਨੀ ਅਸਲੀਅਤ ਬਾਰੇ ਜਾਣਿਆ ਜਾ ਸਕੇ।

#### ਵਿਧਾਨ ਸਭਾ 'ਚ ਨਹੀਂ ਜਨਤਕ ਥਾਂ 'ਤੇ ਹੋਵੇ ਬਹਿਸ: ਬਾਜਵਾ

ਜਵਾਬੀ ਹਮਲੇ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਦੀ ਚੁਣੌਤੀ ਕਬੂਲਦਿਆਂ ਕਿਹਾ ਕਿ ਇਹ ਬਹਿਸ ਵਿਧਾਨ ਸਭਾ ਵਿੱਚ ਨਹੀਂ ਬਲਕਿ ਕਿਸੇ ਸਾਂਝੀ ਆਮ ਜਗ੍ਹਾ 'ਤੇ ਹੋਣੀ ਚਾਹੀਦੀ ਹੈ। ਉਨ੍ਹਾਂ ਸ਼ਰਤ ਲਾਈ ਕਿ ਇਸ ਬਹਿਸ ਦੀ ਅਗਵਾਈ ਦੇਸ਼ ਦੀ ਮਾਣਯੋਗ ਸੁਪਰੀਮ ਕੋਰਟ ਦਾ ਜੱਜ ਜਾਂ ਅਜਿਹੀ ਸ਼ਖ਼ਸੀਅਤ ਜਿਸ 'ਤੇ ਚਾਰੋਂ ਧਿਰਾਂ ਸਹਿਮਤੀ ਪ੍ਰਗਟ ਕਰਨ, ਵੱਲੋਂ ਕਰਵਾਈ ਜਾਣੀ ਚਾਹੀਦੀ ਹੈ।

#### 'ਯੇ ਬਤਾ ਕਾਫ਼ਲਾ ਕਿਉਂ ਲੁਟਾ': ਜਾਖੜ

ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਭ ਤੋਂ ਪਹਿਲਾਂ ਮੁੱਖ ਮੰਤਰੀ ਦੀ ਚੁਣੌਤੀ ਸਵੀਕਾਰ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ ਹਰ ਮੁੱਦੇ 'ਤੇ ਬਹਿਸ ਕਰਨ ਲਈ ਹਰ ਸਮੇਂ ਤਿਆਰ ਹਨ। ਪਹਿਲਾਂ ਮੁੱਖ ਮੰਤਰੀ ਇਹ ਵੀ ਦੱਸਣ ਕਿ ਪੰਜਾਬ ਦੇ ਪਾਣੀਆਂ ਵਰਗੇ ਗੰਭੀਰ ਮਸਲੇ 'ਤੇ ਉਨ੍ਹਾਂ ਨੇ ਕਿਹੜੇ ਦਬਾਅ ਜਾਂ ਸਿਆਸੀ ਹਿੱਤਾਂ ਦੀ ਪੂਰਤੀ ਲਈ ਸੁਪਰੀਮ ਕੋਰਟ ਵਿੱਚ ਗੋਡੇ ਟੇਕੇ ਹਨ। ਉਨ੍ਹਾਂ ਮੁੱਖ ਮੰਤਰੀ ਵੱਲੋਂ ਛੇੜੀ ਗਏ ਬਹਿਸ 'ਤੇ ਇਕ ਸ਼ੇਅਰ ਵੀ ਪੇਸ਼ ਕੀਤਾ, 'ਤੂੰ ਇਧਰ ਉਧਰ ਕੀ ਬਾਤ ਨਾ ਕਰ, ਯੇ ਬਤਾ ਕਾਫ਼ਲਾ ਕਿਉਂ ਲੁਟਾ!'

#### ਹਰ ਮੁੱਦੇ 'ਤੇ ਕਰਾਂਗੇ ਸਿੱਧੀ ਗੱਲਬਾਤ: ਬਾਦਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਦੀ ਚੁਣੌਤੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਭਗਵੰਤ ਮਾਨ ਦੀ ਚੁਣੌਤੀ ਮਨਜ਼ੂਰ ਹੈ। ਉਨ੍ਹਾਂ ਕਿਹਾ ਕਿ ਪਹਿਲੀ ਨਵੰਬਰ ਤਾਂ ਦੂਰ ਹੈ ਉਹ ਤਾਂ 10 ਅਕਤੂਬਰ ਨੂੰ ਹੀ ਚੰਡੀਗੜ੍ਹ ਵਿੱਚ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਪੁੱਜ ਰਹੇ ਹਨ, ਹਿੰਮਤ ਹੈ ਤਾਂ ਮੁੱਖ ਮੰਤਰੀ ਬਾਹਰ ਆ ਕੇ ਮਿਲਣ। ਸਾਰੇ ਮੀਡੀਆ ਦੇ ਸਾਹਮਣੇ ਪੰਜਾਬ ਦੇ ਪਾਣੀਆਂ ਸਣੇ ਹਰ ਮੁੱਦੇ 'ਤੇ ਸਿੱਧੀ ਗੱਲਬਾਤ ਕਰਾਂਗੇ।

#### ਰਾਜਾ ਵੜਿੰਗ ਨੇ ਕੀਤੇ ਸੱਤ ਸੁਆਲ

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੋੜਵੇਂ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੱਤ ਸਵਾਲ ਕੀਤੇ ਹਨ ਅਤੇ ਕਿਹਾ ਕਿ ਜਦੋਂ ਇਨ੍ਹਾਂ ਸਵਾਲਾਂ ਦੇ ਜਵਾਬ ਮੁੱਖ ਮੰਤਰੀ ਜਨਤਕ ਕਰ ਦੇਣਗੇ ਤਾਂ ਉਹ ਖੁੱਲ੍ਹੀ ਬਹਿਸ ਦੀ ਚੁਣੌਤੀ ਪ੍ਰਵਾਨ ਕਰ ਲੈਣਗੇ। ਵੜਿੰਗ ਨੇ ਪੰਜਾਬ ਵਿੱਚ ਅਪਰਾਧਿਕ ਕੇਸਾਂ ਦੀ ਦਰ, ਨਸ਼ਿਆਂ ਵਿੱਚ ਵਾਧੇ, ਮੌਤਾਂ ਦੀ ਗਿਣਤੀ, ਵਧੇ ਕਰਜ਼ੇ, ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ, ਹੜ੍ਹ ਪੀੜਤਾਂ ਨੂੰ ਦਿੱਤੇ ਮੁਆਵਜ਼ੇ ਅਤੇ ਪ੍ਰਚਾਰ 'ਤੇ ਖ਼ਰਚ ਕੀਤੇ ਪੈਸੇ ਬਾਰੇ ਸਵਾਲ ਪੁੱਛੇ ਹਨ।

## ਭਾਜਪਾ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਮੁਜ਼ਾਹਰਾ



ਚੰਡੀਗੜ੍ਹ : ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਐੱਸਵਾਈਐੱਲ ਦੇ ਮੁੱਦੇ 'ਤੇ ਪੰਜਾਬ ਦੇ ਸਟੈਂਡ ਨੂੰ ਕਮਜ਼ੋਰ ਕਰਨ ਲਈ ਭਗਵੰਤ ਮਾਨ ਦੀ ਸਰਕਾਰ 'ਤੇ ਸ਼ਾਂਤੀ ਭੰਗ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਹਨ। ਜਾਖੜ ਨੇ ਇੱਥੇ ਕਿਹਾ ਕਿ ਇਸ ਸੰਵੇਦਨਸ਼ੀਲ ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਮੁੱਦੇ ਰਾਹੀਂ ਸਿਆਸੀ ਫਸਲ ਕੱਟਣ ਦੀਆਂ 'ਆਪ' ਦੀਆਂ ਕੋਸ਼ਿਸ਼ਾਂ ਪੰਜਾਬ ਲਈ ਚਿੰਤਾਜਨਕ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਸੱਤਾ ਵਿੱਚ ਬਣੇ ਰਹਿਣ ਦਾ ਨੈਤਿਕ ਆਧਾਰ ਗੁਆ ਚੁੱਕੇ ਹਨ। ਇਸ ਤੋਂ ਪਹਿਲਾਂ ਸੂਬਾ ਪ੍ਰਧਾਨ ਦੀ ਅਗਵਾਈ 'ਚ ਭਾਜਪਾ ਦੀ ਕੋਰ ਕਮੇਟੀ ਨੇ ਇੱਕ ਮਤਾ ਪਾਸ ਕਰਕੇ ਸੂਬਾ ਸਰਕਾਰ ਦੇ ਸੁਪਰੀਮ ਕੋਰਟ ਵਿੱਚ ਲਏ ਸਟੈਂਡ ਦੀ ਨਿਖੇਧੀ ਕੀਤੀ। ਇਸ ਮਗਰੋਂ ਕੋਰ ਕਮੇਟੀ ਮੈਂਬਰਾਂ ਨੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਕਾਲੀਆਂ ਝੰਡੀਆਂ ਨਾਲ ਪ੍ਰਦਰਸ਼ਨ ਕੀਤਾ। ਭਾਜਪਾ ਨੇਤਾ ਨੇ ਕਿਹਾ ਕਿ ਇਹ ਮਸਲਾ ਜਦੋਂ ਤੋਂ ਪੈਦਾ ਹੋਇਆ ਹੈ ਉਦੋਂ ਤੋਂ ਹੀ ਪੰਜਾਬ ਦਾ ਸਪੱਸ਼ਟ ਅਤੇ ਸਥਿਰ ਸਟੈਂਡ ਰਿਹਾ ਹੈ ਕਿ ਪੰਜਾਬ ਕੋਲ ਕਿਸੇ ਹੋਰ ਨੂੰ ਦੇਣ ਲਈ ਇੱਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ। ਅਜਿਹਾ ਸਟੈਂਡ ਕਾਂਗਰਸ ਤੇ ਅਕਾਲੀ ਸਰਕਾਰ ਸਮੇਂ ਵੀ ਰਿਹਾ ਪਰ 'ਆਪ' ਸਰਕਾਰ ਨੇ ਸੁਪਰੀਮ ਕੋਰਟ ਵਿਚ ਪੰਜਾਬ ਦਾ ਪੱਖ ਜਾਣਬੁੱਝ ਕੇ ਕਮਜ਼ੋਰ ਕੀਤਾ ਜਿਸ ਕਰਕੇ ਸੁਪਰੀਮ ਕੋਰਟ ਨੇ ਸਰਵੇਖਣ ਦਾ ਹੁਕਮ ਦੇ ਦਿੱਤਾ, ਜਿਹੜਾ ਕਿ ਕੇਂਦਰ ਵੱਲੋਂ ਕੀਤਾ ਜਾਣਾ ਹੈ। ਇਹ ਕੇਂਦਰ ਨੂੰ ਇਸ ਸਾਰੇ ਘਟਨਾਕ੍ਰਮ 'ਚ ਬਦਨਾਮ ਕਰਨ ਦੀ ਸਾਜ਼ਿਸ਼ ਹੈ।

## ਚੰਡੀਗੜ੍ਹ 'ਚ ਅਕਾਲੀ ਦਲ ਦਾ ਪ੍ਰਦਰਸ਼ਨ, ਪੁਲਿਸ ਨੇ ਖਦੇੜਨ ਲਈ ਕੀਤੀਆਂ ਪਾਣੀ ਦੀਆਂ ਬੁਛਾੜਾਂ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਵੱਲੋਂ ਚੰਡੀਗੜ੍ਹ ਵਿਖੇ ਪੰਜਾਬ ਸਰਕਾਰ ਖਿਲਾਫ਼ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ ਅਕਾਲੀ ਦਲ ਨੇ ਐੱਸ. ਵਾਈ. ਐੱਲ. ਦੇ ਮੁੱਦੇ 'ਤੇ ਕੀਤਾ ਅਤੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਦੀ ਵੀ ਕੋਸ਼ਿਸ਼ ਕੀਤੀ, ਜਿਸ ਦੀ ਅਗਵਾਈ ਸ਼ ?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਗਈ।

ਇਸ ਦੌਰਾਨ ਉਨ੍ਹਾਂ ਦੇ ਨਾਲ ਬਿਕਰਮ ਮਜੀਠੀਆ ਤੋਂ ਇਲਾਵਾ ਹੋਰ ਸੀਨੀਅਰ ਅਕਾਲੀ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਮੌਜੂਦ ਰਹੇ। ਇਸ ਦੌਰਾਨ ਸੁਖਬੀਰ ਬਾਦਲ ਨੇ ਮੀਡੀਆ ਨਾਲ ਵੀ ਗੱਲਬਾਤ ਕੀਤੀ ਤੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਬਹਿਸ ਦਾ ਚੈਲੰਜ ਦੇ ਕੇ ਖ਼ੁਦ ਭੱਜ ਗਏ ਹਨ ਅਤੇ ਐੱਸ. ਵਾਈ. ਐੱਲ. ਦੇ ਮੁੱਦੇ 'ਤੇ ਉਨ੍ਹਾਂ ਨੇ ਕੇਜਰੀਵਾਲ ਅੱਗੇ ਗੋਡੇ ਟੇਕ ਦਿੱਤੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੀ ਗੱਲ ਕਰਨ ਵਾਲਿਆਂ 'ਤੇ ਆਮ ਆਦਮੀ ਪਾਰਟੀ



ਤਸ਼ੱਦਦ ਕਰਦੀ ਹੈ। ਜ਼ਿਕਰਯੋਗ ਹੈ ਕਿ ਅਕਾਲੀ ਦਲ ਮੁੱਖ ਮੰਤਰੀ ਨਾਲ ਮੁੱਦਿਆਂ 'ਤੇ ਬਹਿਸ ਕਰਨ ਲਈ ਮੁੱਖ ਮੰਤਰੀ ਦੀ ਰਿਹਾਇਸ਼ ਕੋਲ ਪੁੱਜਿਆ ਸੀ। ਇੱਥੇ ਪੁਲਿਸ ਨੇ ਉਨ੍ਹਾਂ ਨੂੰ ਅੱਗੇ ਜਾਣ ਤੋਂ ਰੋਕਿਆ ਜਿਸ ਤੋਂ ਬਾਅਦ ਮਾਹੌਲ ਤਣਾਅਪੂਰਨ ਹੋ ਗਿਆ।

ਅਕਾਲੀ ਵਰਕਰਾਂ ਨੂੰ ਖਦੇੜਨ ਲਈ ਪੁਲਿਸ ਨੇ ਪਾਣੀ ਦੀਆਂ ਬੁਛਾੜਾਂ ਵੀ ਕੀਤੀਆਂ। ਇਸ ਤੋਂ ਬਾਅਦ ਪੁਲਿਸ ਨੇ ਸੁਖਬੀਰ ਬਾਦਲ ਸਣੇ ਕਈ ਅਕਾਲੀ ਆਗੂਆਂ ਨੂੰ ਹਿਰਾਸਤ 'ਚ ਲਿਆ ਤੇ ਸੁਖਬੀਰ ਬਾਦਲ ਨੇ ਦੋਸ਼ ਲਾਉਂਦੇ ਹੋਏ ਕਿਹਾ ਕਿ ਮੁੱਖ ਮੰਤਰੀ ਮਾਨ ਕਹਿੰਦੇ ਕੁੱਝ ਹਨ ਅਤੇ ਕਰਦੇ ਕੁੱਝ ਹਨ।

# ਸੁਖਬੀਰ ਗੁੜਗਾਓਂ ਵਾਲੇ ਓਬਰਾਏ ਹੋਟਲ ਦੀ ਫਰਦ ਲੈ ਕੇ ਆਈਂ : ਭਗਵੰਤ ਮਾਨ



THE TRIBUNE, THURSDAY, APRIL 8, 1982 (5)

Heartiest Welcome
to the dynamic Leader
Shrimati Indira Gandhi
Prime Minister of India
on Thursday,
the 8th April, 1982 at 9 AM
at KAPOORI (PATIALA)
to lay the foundation of SYL Canal

Prem Gupta
Chairman
Gurdeep Singh Dhillon
Gurcharan Singh
Jasbir Singh, Advocate
Muni Lal Mehtab
Vice Chairmen
Satwant Singh Mohi
Tek Chand Garg
Surinder Kumar
Amrik Singh Chhina
General Secretaries
Narinder Kumar Modi
Finance Secretary
Surjit Singh—F.C. Bansal
Publicity Secretaries

ਬਠਿੰਡਾ : ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਅੱਜ ਫਿਰ ਸੋਸ਼ਲ ਮੀਡੀਆ ਪੋਸਟ 'ਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਵੰਗਾਰਿਆ ਹੈ। ਉਨ੍ਹਾਂ 1 ਨਵੰਬਰ ਨੂੰ 'ਪੰਜਾਬ ਦਿਵਸ' ਮੌਕੇ ਪ੍ਰਸਤਾਵਿਤ ਬਹਿਸ ਪ੍ਰੋਗਰਾਮ ਨੂੰ ਆਧਾਰ ਬਣਾ ਕੇ ਆਪਣੇ ਸਿਆਸੀ ਵਿਰੋਧੀਆਂ 'ਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਲਿਖਿਆ, "ਮਾਣਯੋਗ ਸੁਨੀਲ ਜਾਖੜ ਜੀ, ਸੁਖਬੀਰ ਬਾਦਲ ਜੀ, ਬਾਜਵਾ ਜੀ, ਰਾਜਾ ਵੜਿੰਗ ਜੀ, ਕੋਈ ਥੋੜ੍ਹੀ ਬਹੁਤ ਸ਼ਰਮ ਨਾਮ ਦੀ ਚੀਜ਼ ਘਰੋਂ ਲੈ ਕੇ ਤੁਰਦੇ ਓ ਜਾਂ ਨਹੀਂ?.. ਚਾਂਦੀ ਦੀ ਕਹੀ ਨਾਲ ਟੱਕ ਲਾਉਣ ਵਾਲੀ ਫ਼ੋਟੋ 'ਚ ਕੈਪਟਨ ਨਾਲ ਬਲਰਾਮ ਜਾਖੜ ਜੀ ਵੀ ਖੜ੍ਹੇ ਨੇ, ਦੇਵੀ ਲਾਲ ਨੇ ਹਰਿਆਣਾ ਵਿਧਾਨ ਸਭਾ 'ਚ ਪ੍ਰਕਾਸ਼ ਸਿੰਘ ਬਾਦਲ ਦੀ ਐੱਸਵਾਈਐੱਲ ਦੇ ਸਰਵੇ ਕਰਾਉਣ ਦੀ ਇਜਾਜ਼ਤ ਦੇਣ ਦੀ ਤਾਰੀਫ਼ ਕੀਤੀ, ਸੁਖਬੀਰ ਗੁੜਗਾਓਂ ਵਾਲੇ ਓਬਰਾਏ ਹੋਟਲ ਦੀ ਫਰਦ ਲੈ ਕੇ ਆਈਂ, ਬਾਕੀ ਰਹੀ ਪਾਣੀ ਦੀ ਗੱਲ ਓਹ ਤੁਸੀਂ ਫ਼ਿਕਰ ਨਾ ਕਰੋ, ਛੋਟੇ ਹੁੰਦੇ ਖੇਤ ਮੇਰੀ ਡਿਊਟੀ ਖਾਲ 'ਤੇ ਗੇੜਾ ਮਾਰਨ ਦੀ ਲੱਗਦੀ ਸੀ ਕਿ ਖਾਲ 'ਚ ਕੋਈ ਖੌਡ ਨਾ ਪੈਜੇ, ਡਿਊਟੀ ਹੁਣ ਵੀ ਪ੍ਰਮਾਤਮਾ ਨੇ ਮੇਰੀ ਖਾਲ 'ਤੇ ਈ ਲਾਈ ਐ ਪਰ ਇਸ ਵਾਰ ਖ਼ਾਲ ਦਾ ਨਾਮ 'ਸਤਲੁਜ' ਐ, 1 ਨਵੰਬਰ ਨੂੰ ਆਪਣੇ ਪੁਰਖਿਆਂ ਦੇ ਕੁਰਸੀ ਵਾਸਤੇ ਕੀਤੇ ਹੋਏ ਕੁਰਸੀਨਾਮੇ ਜ਼ਰੂਰ ਨਾਲ ਲੈ ਕੇ ਆਇਓ ਤਾਂ ਕਿ ਮੇਰੇ ਵਤਨ ਪੰਜਾਬ ਦੇ ਲੋਕ ਵੀ ਜਾਣ ਲੈਣ ਕਿ ਕੁਰਬਾਨੀ ਦੇਣ ਦੀ ਗੱਲ ਕਹਿ ਕੇ ਉਨ੍ਹਾਂ ਨੂੰ ਦੀ ਕਿੰਨੀ ਵਾਰ ਕੁਰਬਾਨੀ ਲਈ ਗਈ।'

# ਐਸਵਾਈਐਲ ਦਾ ਮਾਮਲਾ ਵੱਡੇ ਦੁਖਾਂਤ ਨਾਲ ਜੁੜਿਆ ਇਸ ਦੇ ਇਤਿਹਾਸਕ ਪ੍ਰਸੰਗ ਨੂੰ ਸਮਝਣ ਦੀ ਲੋੜ: ਬਾਬਾ ਬਲਬੀਰ ਸਿੰਘ

ਸ੍ਰੀ ਅਨੰਦਪੁਰ ਸਾਹਿਬ : ਨਿਹੰਗ ਸਿੰਘਾਂ ਦੀ ਮੁੱਖ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਸੂਬਿਆਂ ਦੇ ਵਿਵਾਦਤ ਮਾਮਲਿਆਂ ਨੂੰ ਦਿਲ ਖੋਲ ਕੇ ਇਮਾਨਦਾਰੀ ਨਾਲ ਨਜਿੱਠਣ ਲਈ ਪਹਿਲ ਕਦਮੀ ਕਰਨੀ ਚਾਹੀਦੀ ਹੈ ਸਿਆਸੀ ਪਲੇਟਫਾਰਮ ਨਹੀਂ ਉਸਾਰਨੇ ਚਾਹੀਦੇ। ਇਤਿਹਾਸ ਤੋਂ ਸਬਕ ਨਾ ਸਿੱਖਣ ਵਾਲੇ ਇਤਿਹਾਸ ਦੁਹਰਾਏ ਜਾਣ ਦੀ ਸਜ਼ਾ ਝੱਲਦੇ ਹਨ। ਐਸਵਾਈਐਲ ਨਹਿਰ ਬਾਰੇ ਜੋ ਰੁੱਖ ਅਖਤਿਆਰ ਹੋ ਰਹੇ ਹਨ ਉਹ ਲਾਹੇਵੰਦ ਨਹੀਂ ਹਨ। ਉਨ੍ਹਾਂ ਕਿਹਾ ਕਿ ਹੁਣ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸਤਲੁਜ-ਯਮੁਨਾ ਲਿੰਕ (ਐਸਵਾਈਐਲ) ਨਹਿਰ ਦੀ ਪੰਜਾਬ ਵਿਚਲੀ ਜ਼ਮੀਨ ਦੇ ਹਿੱਸੇ ਦਾ ਸਰਵੇਖਣ ਕਰਨ ਲਈ ਕਿਹਾ ਹੈ। ਪਰ ਪੰਜਾਬ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਹੈ ਕਿ ਇਸ ਵੇਲੇ ਸੂਬੇ ਵਿਚ ਨਹਿਰ ਲਈ ਨਾ ਤਾਂ ਜ਼ਮੀਨ ਹੈ ਅਤੇ ਨਾ ਹੀ ਪਾਣੀ। ਇਸ ਸਬੰਧ ਵਿਚ ਪੰਜਾਬ ਦੀਆਂ ਸਿਆਸੀ ਪਾਰਟੀਆਂ ਵੀ ਇਕਮੱਤ ਹਨ ਕਿ ਪੰਜਾਬ ਕੋਲ ਕੋਈ ਵਾਧੂ ਪਾਣੀ ਨਹੀਂ। ਉਨ੍ਹਾਂ ਸਪੱਸ਼ਟ ਕਿਹਾ ਇਹ ਮਾਮਲਾ ਲੋਕਾਂ ਦੀਆਂ ਭਾਵਨਾਵਾਂ ਨਾਲ ਵੀ ਜੁੜਿਆ ਹੋਇਆ ਹੈ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕੋਈ ਵੀ ਨਿਰਮਾਣ ਕਾਰਜ ਸਿਆਸੀ ਤੇ ਇਤਿਹਾਸਕ ਸਥਿਤੀਆਂ ਨਾਲ ਜੁੜਿਆ ਹੁੰਦਾ ਹੈ। ਐਸਵਾਈਐਲ ਦੇ ਮਾਮਲੇ ਨੂੰ ਵੀ ਇਸੇ ਤਰ੍ਹਾਂ ਵਿਚਾਰਨ ਦੀ ਲੋੜ ਹੈ। 1966 ਵਿਚ ਪੰਜਾਬ ਦੀ ਵੰਡ, ਵਿਵਾਦਿਤ ਮਾਮਲਿਆਂ ਨੂੰ ਪੂਰੇ ਤਰ੍ਹਾਂ ਨਾ ਸੁਲਝਾਏ ਜਾਣਾ, ਚੰਡੀਗੜ੍ਹ ਪੰਜਾਬ ਨੂੰ ਨਾ ਮਿਲਣਾ, ਪੰਜਾਬੀ ਬੋਲਣ ਵਾਲੇ ਇਲਾਕਿਆਂ ਦਾ ਪੰਜਾਬ ਤੋਂ ਬਾਹਰ ਰਹਿ ਜਾਣਾ, ਐਸਵਾਈਐਲ ਬਣਾਉਣ ਦਾ ਐਲਾਨ ਆਦਿ ਆਪਣੇ ਸਮਿਆਂ ਦੀਆਂ ਸਿਆਸੀ ਹਾਲਾਤ ਨਾਲ ਜੁੜੇ ਹੋਏ ਮੁੱਦੇ ਹਨ। ਉਨ੍ਹਾਂ ਕਿਹਾ ਜਿਨ੍ਹਾਂ ਸਿਆਸੀ ਸਥਿਤੀਆਂ ਵਿਚ ਐਸਐਲਵਾਈ ਬਣਾਉਣ ਦਾ ਐਲਾਨ ਹੋਇਆ ਸੀ, ਉਹ ਹੁਣ ਬਦਲ ਚੁੱਕੀਆਂ ਹਨ। ਇਹ ਨਹਿਰ ਬਣਾਉਣ ਦੀ ਕੋਸ਼ਿਸ਼ ਨੇ ਪੰਜਾਬ ਨੂੰ 1980ਵਿਆਂ ਦੇ ਦੁਖਾਂਤ ਵਿਚ ਧੱਕਿਆ। ਉਨ੍ਹਾਂ ਕਿਹਾ ਅਜਿਹੀਆਂ ਸਥਿਤੀਆਂ ਪੈਦਾ ਨਹੀਂ ਹੋਣੀਆਂ ਚਾਹੀਦੀਆਂ ਜੋ ਅਤੀਤ ਵਿਚ ਹੋਏ ਜ਼ਖ਼ਮਾਂ ਨੂੰ ਮੁੜ ਹਰਿਆ ਕਰ ਦੇਣ। ਉਨ੍ਹਾਂ ਕਿਹਾ ਕੇਂਦਰ ਸਰਕਾਰ ਨੂੰ ਇਸ ਸਬੰਧ ਵਿਚ ਕਾਨੂੰਨੀ ਮਾਨਤਾਵਾਂ ਨਾਲੋਂ ਇਤਿਹਾਸਕ 'ਪ੍ਰਸੰਗ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕੇਂਦਰ ਸਰਕਾਰ ਚੰਗੀ ਤਰ੍ਹਾਂ ਜਾਣਦੀ ਹੈ ਕਿ ਇਹ ਮਸਲਾ 1980ਵਿਆਂ ਵਿਚ ਵੱਡੇ ਵਿਵਾਦ ਦਾ ਕਾਰਨ ਬਣਿਆ। ਸ਼੍ਰੋਮਣੀ ਅਕਾਲੀ ਦਲ ਅਤੇ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਪਾਣੀਆਂ ਲਈ ਮੋਰਚਾ ਲਗਾਇਆ ਜੋ ਬਾਅਦ ਵਿਚ ਧਰਮ ਯੁੱਧ ਵਿਚ ਤਬਦੀਲ ਹੋ ਗਿਆ। ਉਸ ਤੋਂ ਬਾਅਦ ਪੰਜਾਬ ਵੱਡੇ ਦੁਖਾਂਤਕ ਦੌਰ 'ਚੋਂ ਗੁਜ਼ਰਿਆ। ਇਸ ਤਰ੍ਹਾਂ ਨਹਿਰੀ ਪਾਣੀਆਂ ਦੀ ਵੰਡ ਦਾ ਮਸਲਾ ਵੱਡੇ ਇਤਿਹਾਸਕ ਦੁਖਾਂਤ ਨਾਲ ਜੁੜਿਆ ਹੋਇਆ ਹੈ।

# ਅਸਹਿਮਤੀ ਦਾ ਗਲਾ ਘੁੱਟਣਾ ਲੋਕਤੰਤਰ ਦਾ ਕਤਲ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਨਿਹੰਗ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਕਰੋੜੀ ਨੇ ਕਿਹਾ ਸਰਕਾਰ ਨੂੰ ਪੱਤਰਕਾਰਾਂ ਦੁਆਰਾ ਪੈਸੇ ਪ੍ਰਾਪਤ ਕਰਨ ਦੇ ਢੰਗ-ਤਰੀਕਿਆਂ ਬਾਰੇ ਪੜਤਾਲ ਕਰਨ ਦਾ ਪੂਰਾ ਅਧਿਕਾਰ ਹੈ ਅਤੇ ਇਸ ਸਬੰਧ ਵਿਚ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਪਰ ਬਿਨ੍ਹਾਂ ਕਿਸੇ ਦੋਸ਼ ਦੇ ਪੱਤਰਕਾਰਾਂ ਨੂੰ ਪ੍ਰੇਸ਼ਾਨ ਕਰਨਾ ਸਰਾਸਰ ਗ਼ਲਤ ਤੇ ਨਿੰਦਣਯੋਗ ਹੈ। ਸਰਕਾਰ ਦਾ ਪਿਛਲਾ ਰਿਕਾਰਡ ਦੱਸਦਾ ਹੈ ਕਿ ਸਮਾਜਿਕ ਕਾਰਕੁਨਾਂ, ਵਿਦਵਾਨਾਂ, ਲਿਖਾਰੀਆਂ ਤੇ ਕਲਾਕਾਰਾਂ ਨੂੰ ਲਗਾਤਾਰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਕੌਮਾਂਤਰੀ ਪੱਧਰ 'ਤੇ ਵਿਚਾਰਾਂ ਦੇ ਪ੍ਰਗਟਾਵੇ 'ਤੇ ਲਗਾਤਾਰ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ ਅਤੇ ਆਲਮੀ ਪ੍ਰੈਸ ਆਜ਼ਾਦੀ ਇੰਡੈਕਸ-2023 ਵਿਚ ਭਾਰਤ ਦਾ ਸਥਾਨ 180 ਦੇਸ਼ ਵਿੱਚੋਂ 161ਵਾਂ ਹੈ। ਦਿੱਲੀ ਪੁਲੀਸ ਵੱਲੋਂ ਨਿਊਜ਼ ਕਲਿਕ ਨਾਲ ਜੁੜੇ 50 ਤੋਂ ਵੱਧ ਪੱਤਰਕਾਰਾਂ ਤੇ ਕਰਮਚਾਰੀਆਂ ਦੇ ਘਰਾਂ 'ਤੇ ਮਾਰੇ ਛਾਪਿਆਂ ਤੋਂ ਇਹ ਸੁਨੇਹਾ ਸਪਸ਼ਟ ਹੁੰਦਾ ਹੈ ਕਿ ਸਰਕਾਰ ਕਿਸੇ ਤਰਾਂ ਦੀ ਆਲੋਚਨਾ ਬਰਦਾਸ਼ਤ



ਨਹੀਂ ਕਰਦੀ।

ਉਨ੍ਹਾਂ ਕਿਹਾ ਇਹ ਪਹਿਲੀ ਵਾਰ ਨਹੀਂ ਹੈ ਕਿ ਪੱਤਰਕਾਰਾਂ ਵਿਰੁੱਧ ਅਜਿਹੀ ਕਾਰਵਾਈ ਕੀਤੀ ਗਈ ਹੈ। ਸੱਤਾਧਾਰੀ ਪਾਰਟੀਆਂ ਹਮੇਸ਼ਾ ਆਪਣੇ ਨਾਲ ਅਸਹਿਮਤੀ ਰੱਖਣ ਵਾਲਿਆਂ ਨੂੰ ਦਬਾਉਣਾ ਚਾਹੁੰਦੀਆਂ ਹਨ। ਕਦੇ ਸਰਕਾਰ ਤਫ਼ਤੀਸ਼ ਕਰਨ ਵਾਲੀਆਂ ਏਜੰਸੀਆਂ ਤੇ ਪੁਲੀਸ ਦੀ ਵਰਤੋਂ ਕਰਦੀ ਹੈ ਅਤੇ ਕਦੇ ਉਸ ਦੇ ਹਮਾਇਤੀ ਕਾਰਪੋਰੇਟ ਅਦਾਰੇ ਨਿਊਜ਼ ਚੈਨਲਾਂ ਤੇ ਅਖ਼ਬਾਰਾਂ ਉਪਰ ਕਬਜ਼ੇ ਕਰ ਲੈਂਦੇ ਹਨ। ਇਸ ਸਭ ਕੁੱਝ ਦਾ ਮੰਤਵ ਇਹੀ ਹੁੰਦਾ ਹੈ ਕਿ ਸੱਤਾ ਚੁੱਪ ਲੋਚਦੀ ਹੈ ਅਤੇ ਆਪਣੇ ਹੀ ਬੋਲਾਂ ਦੀ ਗੂੰਜ ਸੁਣਨਾ ਤੇ ਸੁਣਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਹਮੇਸ਼ਾਂ ਸਰਕਾਰਾਂ ਪੱਤਰਕਾਰਾਂ, ਵਿਦਵਾਨਾਂ, ਲੇਖਕਾਂ, ਚਿੰਤਕਾਂ ਤੇ ਸਮਾਜਿਕ ਕਾਰਕੁਨਾਂ ਨੂੰ ਚੁੱਪ ਕਰਾਉਣ ਦੀ ਜਿੱਤ ਦਾ ਜਸ਼ਨ ਮਨਾਉਂਦੀਆਂ ਹੋਈਆਂ ਉਸ ਨੂੰ ਕਾਨੂੰਨ ਦੀ ਜਿੱਤ ਵਜੋਂ ਪੇਸ਼ ਕਰਦੀਆਂ ਹਨ। ਉਨ੍ਹਾਂ ਕਿਹਾ ਅਸਹਿਮਤੀ ਜਮਹੂਰੀਅਤ ਦੀ ਰੂਹ ਹੈ। ਜਿੱਥੇ ਲੋਕਤੰਤਰ ਦਾ ਗਲਾ ਘੁੱਟਿਆ ਜਾਂਦਾ ਹੈ, ਉੱਥੇ ਜਮਹੂਰੀਅਤ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਕਿਹਾ ਅਜਿਹਾ ਰੁਝਾਨ 1975, 77 ਵਿਚ ਐਮਰਜੈਂਸੀ ਦੌਰਾਨ ਸਿਖ਼ਰ 'ਤੇ ਪਹੁੰਚਿਆ ਸੀ ਪਰ ਪਿਛਲੇ ਕੁੱਝ ਵਰ੍ਹਿਆਂ ਦੌਰਾਨ ਇਹ ਫਿਰ ਵੱਡੀ ਪੱਧਰ 'ਤੇ ਉਭਰਿਆ ਹੈ ਜਿਸ ਦੇ ਪਾਸਾਰ ਬਹੁ-ਪਰਤੀ ਹਨ। ਉਨ੍ਹਾਂ ਕਿਹਾ ਕਿ ਮੀਡੀਆ ਨੇ ਲੋਕਤੰਤਰ ਦੀ ਸਿਰਜਣਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਪਰ ਜਦੋਂ ਜਦੋਂ ਸਰਕਾਰਾਂ ਲੋਕਤੰਤਰੀ ਰਾਹ ਛੱਡ ਕੇ ਗੈਰ-ਜਮਹੂਰੀ ਪੰਧਾਂ ਵੱਲ ਵੱਧਦੀਆਂ ਹਨ, ਉਦੋਂ ਹੀ ਵਿਚਾਰਾਂ ਦੇ ਪ੍ਰਗਟਾਵੇ ਦੇ ਅਧਿਕਾਰਾਂ 'ਤੇ ਹਮਲਾ ਹੁੰਦਾ ਹੈ। ਉਨ੍ਹਾਂ ਕਿਹਾ ਇਹ ਰੁਝਾਨ ਅਤਿਅੰਤ ਖ਼ਤਰਨਾਕ ਹੈ ਅਤੇ ਦੇਸ਼ ਦੀਆਂ ਜਮਹੂਰੀ ਤਾਕਤਾਂ ਨੂੰ ਇਕਮੁੱਠ ਹੋ ਕੇ ਇਸ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ।

# ਰਾਜਪਾਲ ਨੂੰ ਮੰਗ ਪੱਤਰ ਦੇਣ ਜਾਂਦੇ ਕਾਂਗਰਸੀਆਂ 'ਤੇ ਪਾਣੀ ਦੀਆਂ ਬੁਛਾੜਾਂ

## *ਰਾਜਾ ਵੜਿੰਗ ਅਤੇ ਪ੍ਰਤਾਪ ਸਿੰਘ ਬਾਜਵਾ ਸਣੇ ਦਰਜਨਾਂ ਪਾਰਟੀ ਆਗੂਆਂ ਨੂੰ ਹਿਰਾਸਤ ਵਿੱਚ ਲਿਆ*

ਚੰਡੀਗੜ੍ਹ : ਇੱਥੇ ਅੱਜ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸੀ ਵਰਕਰਾਂ ਨੇ ਸੈਕਟਰ-15 ਸਥਿਤ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਦਫ਼ਤਰ 'ਚ ਇਕੱਠੇ ਹੋ ਕੇ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀ ਐੱਸਵਾਈਐੱਲ ਦੀ ਉਸਾਰੀ ਵਿਰੁੱਧ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮੰਗ ਪੱਤਰ ਸੌਂਪਣ ਲਈ ਅੱਗੇ ਵਧਣ ਲੱਗੇ ਤਾਂ ਚੰਡੀਗੜ੍ਹ ਪੁਲੀਸ ਨੇ ਬੈਰੀਕੇਡ ਲਗਾ ਕੇ ਰੋਕ ਦਿੱਤਾ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਤੇ ਪੁਲੀਸ ਵਿਚਾਲੇ ਮਾਮੂਲੀ ਖਿੱਚ-ਧੂਹ ਹੋਈ ਤੇ ਪ੍ਰਦਰਸ਼ਨਕਾਰੀ ਬੈਰੀਕੇਡਾਂ ਦੇ ਉਪਰ ਚੜ੍ਹ ਗਏ। ਪੁਲੀਸ ਨੇ ਕਾਂਗਰਸੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਪਾਣੀ ਦੀਆਂ ਬੁਛਾੜਾਂ ਦੀ ਵਰਤੋਂ ਕੀਤੀ। ਪੁਲੀਸ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਸਣੇ ਦਰਜਨਾਂ ਪਾਰਟੀ ਆਗੂਆਂ ਨੂੰ ਹਿਰਾਸਤ ਵਿੱਚ ਲੈ ਕੇ ਥਾਣਾ ਸੈਕਟਰ-17 ਵਿੱਚ ਲਿਆਂਦਾ ਜਨਿ੍ਹਾਂ ਨੂੰ ਦੋ ਘੰਟਿਆਂ ਮਗਰੋਂ ਛੱਡਿਆ ਗਿਆ।




ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕੇਂਦਰ 'ਚ ਕਾਬਜ਼ ਭਾਜਪਾ ਸਰਕਾਰ ਨੇ ਹਮੇਸ਼ਾ ਹੀ ਪੰਜਾਬ ਦੇ ਹਿੱਤਾਂ ਦੇ ਖ਼ਿਲਾਫ਼ ਕੰਮ ਕੀਤਾ ਹੈ। ਚਾਹੇ ਉਹ ਤਿੰਨ ਖੇਤੀ ਕਾਨੂੰਨ ਹੋਣ, ਆਰਡੀਐੱਫ ਫੰਡ ਦੇ ਜਾਰੀ ਹੋਣ 'ਤੇ ਰੋਕ ਹੋਵੇ, ਹੜ੍ਹ ਪੀੜਤਾਂ ਦੇ ਮੁਆਵਜ਼ੇ ਦਾ ਮੁੱਦਾ ਹੋਵੇ ਤੇ ਹੁਣ ਐੱਸਵਾਈਐੱਲ ਨਹਿਰ ਦੀ ਉਸਾਰੀ ਦਾ ਮੁੱਦਾ ਵੀ ਪੰਜਾਬ ਦੇ ਖ਼ਿਲਾਫ਼ ਹੈ। ਸ੍ਰੀ ਵੜਿੰਗ ਨੇ ਕਿਹਾ ਕਿ ਰਾਜਪਾਲ ਨੂੰ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਸੂਬੇ 'ਚ ਪਾਣੀਆਂ ਦੀ ਅਸਲ ਸਥਿਤੀ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਪੰਜਾਬ ਤਾਂ ਖੁਦ ਟਿਊਬਵੈੱਲਾਂ ਦਾ 80 ਫ਼ੀਸਦ ਪਾਣੀ ਵਰਤਦਾ ਹੈ, ਜਦੋਂ ਕਿ ਸਾਡਾ 70 ਫ਼ੀਸਦ ਪਾਣੀ ਪਹਿਲਾਂ ਹੀ ਗੁਆਂਢੀ ਸੂਬਿਆਂ ਨੂੰ ਦਿੱਤਾ ਜਾਂਦਾ ਹੈ। ਅਜਿਹੇ ਹਾਲਾਤ 'ਚ ਪੰਜਾਬ ਤੋਂ ਹੋਰ ਪਾਣੀ ਦੀ ਮੰਗ ਕਰਨਾ ਸਰਾਸਰ ਬੇਇਨਸਾਫ਼ੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਕਿਹਾ ਕਿ ਅਸੀਂ ਪਾਣੀ ਦੀ ਇੱਕ ਬੂੰਦ ਵੀ ਕਿਸੇ ਸੂਬੇ ਨਾਲ ਸਾਂਝੀ ਨਹੀਂ ਕਰਾਂਗੇ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮੌਜੂਦਾ 'ਆਪ' ਸਰਕਾਰ 'ਚ ਕਈ ਖਾਮੀਆਂ ਹਨ, ਜਨਿ੍ਹਾਂ 'ਚ ਪੰਜਾਬ ਲਈ ਸਭ ਤੋਂ ਜ਼ਿਆਦਾ ਨੁਕਸਾਨ 'ਆਪ' ਦੀ ਸੱਤਾ ਸੰਭਾਲਣ ਲਈ ਬਿਲਕੁਲ ਵੀ ਤਜਰਬੇਕਾਰ ਨਾ ਹੋਣਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਲਏ ਜਾਣ ਵਾਲੇ ਫੈਸਲੇ ਪੰਜਾਬ ਵਿਰੋਧੀ ਸਾਬਤ ਹੋਣਗੇ।

# ਯੂਐਸਏ 'ਚ ਤਿੰਨ ਭੈਣਾਂ ਦੇ ਭਰਾ ਦਾ ਗੋਲੀ ਮਾਰ ਕੇ ਕਤਲ

ਸਮਾਣਾ- ਸਮਾਣਾ ਦੇ ਪਿੰਡ ਤਲਵੰਡੀ ਕੋਠੇ ਦੇ ਨੌਜਵਾਨ ਕਰਨਵੀਰ ਸਿੰਘ ਦੀ ਅਮਰੀਕਾ ਵਿੱਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਰਿਸ਼ਤੇਦਾਰਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪਤਨੀ ਅਤੇ ਬੱਚੇ ਨੂੰ ਅਮਰੀਕਾ ਭੇਜਿਆ ਜਾਵੇ ਤਾਂ ਜੋ ਅੰਤਿਮ ਸੰਸਕਾਰ ਕੀਤਾ ਜਾਵੇ। ਜਾਣਕਾਰੀ ਅਨੁਸਾਰ ਕਰਨਵੀਰ ਸਿੰਘ 2 ਸਾਲ ਪਹਿਲਾਂ ਅਮਰੀਕਾ ਗਿਆ ਸੀ। ਉਸ ਦੀ ਪਤਨੀ ਅਤੇ ਰਿਸ਼ਤੇਦਾਰਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਸ ਦੇ ਬੱਚੇ ਅਤੇ ਪਤਨੀ ਨੂੰ ਅਮਰੀਕਾ ਭੇਜਿਆ ਜਾਵੇ ਤਾਂ ਜੋ ਉਸ ਦਾ ਅੰਤਿਮ ਸੰਸਕਾਰ ਕੀਤਾ ਜਾ ਸਕੇ। ਕਰਨਵੀਰ ਸਿੰਘ ਦੇ ਮਾਤਾ-ਪਿਤਾ ਦਾ ਪਹਿਲਾਂ ਹੀ ਦਿਹਾਂਤ ਹੋ ਚੁੱਕਾ ਹੈ ਰਿਸ਼ਤੇਦਾਰਾਂ ਅਤੇ ਭੈਣਾਂ ਨੇ 50 ਲੱਖ ਰੁਪਏ ਖਰਚ ਕੇ ਜਮੀਨ ਨੂੰ ਅਮਰੀਕਾ ਭੇਜਿਆ ਹੈ। ਉਥੇ ਜਾ ਕੇ ਕੰਮ ਸ਼ੁਰੂ ਕਰ ਦਿੱਤਾ। ਦੋ ਦਿਨ ਪਹਿਲਾਂ ਕਰਨਵੀਰ ਨੇ ਪਤਨੀ ਨਵਨੀਤ ਕੌਰ ਨਾਲ ਵੀ ਇਸ ਬਾਰੇ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਹੁਣ ਮੇਰਾ ਕੰਮ ਠੀਕ ਹੈ, ਉਹ ਪੈਸੇ ਵੀ ਭੇਜ ਰਿਹਾ ਸੀ ਪਰ ਕੱਲ੍ਹ ਤੋਂ ਉਸ ਦਾ ਫੋਨ ਨਹੀਂ ਆਇਆ। ਪਤਨੀ ਨੇ ਕਰਨਵੀਰ ਦੇ ਦੋਸਤਾਂ ਨੇ ਫੋਨ ਕਰਕੇ ਪੁਛਿਆ ਤਾਂ ਉਨ੍ਹਾਂ ਦੱਸਿਆ ਕਿ ਕਰਨਵੀਰ ਨੂੰ ਕੁਝ ਸੱਟ ਲੱਗੀ ਹੈ, ਉਹ ਹਸਪਤਾਲ ਵਿਚ ਦਾਖਲ ਹੈ ਪਰ ਕੁਝ ਘੰਟਿਆਂ ਬਾਅਦ ਫਿਰ ਫੋਨ ਆਇਆ ਕਿ ਕਰਨਵੀਰ ਸਿੰਘ ਨੂੰ ਗੋਲੀ ਲੱਗੀ ਅਤੇ ਉਸ ਦੀ ਮੌਤ ਹੋ ਗਈ। ਪਤਨੀ



ਨੇ ਇਹ ਵੀ ਦੱਸਿਆ ਕਿ ਉਹ ਕੈਲੀਫੋਰਨੀਆ ਸ਼ਹਿਰ ਵਿਚ ਇਕ ਸਟੋਰ ਵਿਚ ਕੰਮ ਕਰਦਾ ਸੀ, ਜਿੱਥੇ ਚੋਰੀ ਕਰਨ ਲਈ ਚੋਰ ਆ ਗਏ। ਜਦੋਂ ਕਰਨਵੀਰ ਨੇ ਉਨ੍ਹਾਂ ਨੂੰ ਰੋਕਿਆ ਤਾਂ ਉਨ੍ਹਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ। ਕਰਨਵੀਰ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਇਸ ਗੱਲ ਦੀ ਸੂਚਨਾ ਮਿਲਦੇ ਹੀ ਪੂਰੇ ਪਰਿਵਾਰ 'ਚ ਸੋਗ ਦਾ ਮਾਹੌਲ ਹੈ। ਪਤਨੀ ਨੇ ਸਰਕਾਰ ਅੱਗੇ ਅਪੀਲ ਕੀਤੀ ਹੈ ਕਿ ਉਸ ਨੂੰ ਅਤੇ ਬੇਟੇ ਨੂੰ ਪਤੀ ਕੋਲ ਭੇਜਿਆ ਜਾਵੇ ਤਾਂ ਜੋ ਉਹ ਕਰਨਵੀਰ ਦਾ ਸਸਕਾਰ ਕੀਤਾ ਜਾ ਸਕੇ।

# ਸਿੱਖ ਕੌਮ ਦੇ ਮਹਾਨ ਯੋਧੇ: ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ

## 'ਜਦੋਂ ਦੁਸਮਣ ਨੇ ਸਿੰਘਾਂ ਦੀ ਬਹਾਦਰੀ ਤੇ ਸਿਦਕ ਦਾ ਲੋਹਾ ਮੰਨਿਆ'

ਦਿੱਲੀ ਪੁਲਿਸ ਦੇ ਕਮਿਸ਼ਨਰ 'ਵੇਦ ਮਾਰਵਾਹ' ਦੇ ਮੂਹੋਂ ਨਿਕਲੇ ਇਹ ਸ਼ਬਦ ਹਜ਼ਾਰਾਂ ਸਾਲਾਂ ਦੇ ਮਨੁੱਖੀ ਇਤਿਹਾਸ ਵਿੱਚ ਆਪਣੀ ਬਾਲੜੀ ਉਮਰ ਵਾਲੀ ਸਿੱਖ ਕੌਮ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੇ ਗਗਨ 'ਤੇ ਹਜ਼ਾਰਾਂ ਨਹੀਂ, ਲੱਖਾਂ ਖਾਲਸਾ ਜੀ ਦੇ ਇਹੋ ਜਿਹੇ ਚਮਕਦੇ ਸਿਤਾਰੇ ਹਨ, ਜੋ ਬੇਇਨਸਾਫੀ ਅਤੇ ਜੁਲਮ ਦੀ ਕਾਲੀ ਬੋਲੀ ਰਾਤ ਵਿੱਚ ਹੱਕ-ਸੱਚ-ਇਨਸਾਫ਼ ਦੇ ਹਰ ਪਾਂਧੀ ਨੂੰ ਰੌਸਨੀ ਭਰਪੂਰ, ਜਾਗਦੀਆਂ ਜ਼ਮੀਰਾਂ ਵਾਲਿਆਂ ਦੀ ਡਗਰ 'ਤੇ ਤੁਰਨ ਵਿੱਚ ਅਗਵਾਈ ਤੇ ਹੌਸਲਾ ਬਖ਼ਸ਼ਦੇ ਹਨ। ਗੁਰੂ ਕਲਗੀਧਰ ਦੇ ਵਰੋਸਾਏ ਖਾਲਸਾ ਪੰਥ ਦੇ ਦੋ ਲਾਡਲੇ ਸਪੁੱਤਰਾਂ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਆਪਣੀ ਅਦੁੱਤੀ ਬਹਾਦਰੀ ਤੇ ਲਾਸਾਨੀ ਸਹਾਦਤ ਨਾਲ ਖਾਲਸਾਈ ਗਗਨ ਨੂੰ ਤਾਂ ਲਟ ਲਟ ਰੌਸਨ ਕੀਤਾ ਹੀ ਹੈ ਪਰ ਨਾਲ ਹੀ ਉਹ ਅਜੋਕੇ ਖਾਲਸਤਾਨੀ ਸੰਗਰਾਮ ਦੇ ਮੁੱਖ ਕੇਂਦਰ ਬਿੰਦੂ ਵੀ ਹੋ ਨਿੱਬੜੇ ਹਨ। ਲੱਖਾਂ ਫੌਜਾਂ ਦੀ ਕਮਾਂਡ ਕਰਨ ਵਾਲਾ ਅਕਾਲ ਤਖਤ ਸਾਹਿਬ 'ਤੇ ਹਮਲਾਵਰ 'ਜਨਰਲ ਵੈਦਿਆ' ਤਾਂ ਇਤਿਹਾਸ ਦੇ ਘੱਟੇ ਵਿੱਚ ਗੁਆਚ ਗਿਆ ਹੈ ਪਰ ਭਾਈ ਜਿੰਦਾ ਤੇ ਭਾਈ ਸੁੱਖਾ ਖਾਲਸਤਾਨੀ ਫੌਜਾਂ ਦੇ ਸਦੀਵੀ ਜਰਨੈਲ ਸਥਾਪਤ ਹੋ ਗਏ ਹਨ, ਜਿਨ੍ਹਾਂ ਦੀ ਬਹਾਦਰੀ ਤੇ ਨਿਰਭੈਤਾ ਦਾ ਲੋਹਾ ਦੁਸਮਣ ਨੇ ਵੀ ਮੰਨਿਆ ਹੈ। ਜੰਗ ਦੇ ਮੈਦਾਨ ਵਿਚ ਬੱਬਰ ਸ਼ੇਰ ਦੀ ਗਰਜ ਰੱਖਣ ਵਾਲੇ ਇਨ੍ਹਾਂ ਸੂਰਮਿਆਂ ਨੇ ਫਾਂਸੀ ਦੇ ਰੱਸੇ ਨੂੰ ਗਲ 'ਚ ਪਾਉਣ ਤੱਕ ਦਾ ਸਫਰ ਸੰਤਤਾਈ ਦੀ ਉੱਚ ਆਤਮਿਕ ਅਵਸਥਾ ਵਿੱਚ ਵਿਚਰਦਿਆਂ ਤਹਿ ਕੀਤਾ। ਇਹਨਾਂ ਦੋ ਜਾਗਦੀਆਂ ਰੂਹਾਂ ਵਾਲਿਆਂ ਨੂੰ ਮੌਤ ਲਾੜੀ ਵਿਆਹੁਣ ਦੇ ਖਿਆਲ ਨੇ ਅਨੰਦਮਈ ਅਵਸਥਾ ਵਿੱਚ ਪਹੁੰਚਾ ਦਿੱਤਾ। ਦਗ-ਦਗ ਭਖਦੇ ਚਿਹਰਿਆਂ ਦੇ ਤੇਜੱਸਵੀ ਜਲਾਲ ਸਾਹਮਣੇ ਮੌਤ ਨੂੰ ਵੀ ਦੰਦਲ ਪੈ ਗਈ ਹੋਵੇਗੀ। ਪਰ ਨਿਰਮਾਣਤਾ ਦੇ ਪੁੰਜ ਵੀਰਿਆਂ ਨੇ ਜਲਾਦ ਨੂੰ ਵੀ ਗਲ ਨਾਲ ਲਾ ਕੇ ਵਧਾਈ ਦਿੱਤੀ ਕਿਉਂਕਿ ਮੌਤ ਨਾਲ ਅਨੰਦ (ਵਿਆਹ) ਪੜ੍ਹਾਉਣ ਦੀ ਰਸਮ ਤਾਂ ਉਹ ਹੀ ਅਦਾ ਕਰ ਰਿਹਾ ਸੀ। ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਗਜਾਉਂਦਿਆਂ ਫਾਂਸੀ ਦੇ ਰੱਸਿਆਂ 'ਤੇ ਝੂਟਾ ਲੈ ਰਹੇ ਭਾਈ ਸੁੱਖਾ-ਜਿੰਦਾ ਨੂੰ ਮਾਨੋ ਦਸਮੇਸ਼ ਪਿਤਾ ਆਪ ਲੋਰੀਆਂ ਦੇ ਰਹੇ ਸਨ।

ਜਦੋਂ ਅਸੀਂ 18ਵੀਂ ਸਦੀ ਦੇ ਸਿੰਘਾਂ ਦੀ ਬਹਾਦਰੀ ਤੇ ਆਚਰਨ ਦਾ ਹਵਾਲਾ ਦਿੰਦੇ ਹਾਂ ਤਾਂ ਅਹਿਮਦ ਸਾਹ ਅਬਦਾਲੀ ਦੇ ਨਾਲ ਆਏ ਜਰਨੈਲ-ਇਤਿਹਾਸਕਾਰ ਕਾਜੀ ਨੂਰ ਮੁਹੰਮਦ ਦਾ ਜਿਕਰ ਕੀਤਾ ਜਾਂਦਾ ਹੈ। ਕਾਜੀ ਨੂਰ ਮੁਹੰਮਦ ਦਾ ਕਹਿਣਾ ਹੈ 'ਇਨ੍ਹਾਂ ਸਿੱਖਾਂ ਨੂੰ ਕੁੱਤੇ ਨਾ ਆਖੋ (ਕਿਉਂਕਿ ਉਹ ਪਹਿਲਾਂ ਆਪ ਹੀ ਸਿੱਖਾਂ ਲਈ ਕੁੱਤਾ, ਫਾਰਸੀ ਵਿੱਚ ਸੱਗ ਸਬਦ ਵਰਤ ਚੁੱਕਾ ਸੀ) ਇਹ ਤਾਂ ਅਸਲੀ ਸ਼ੇਰ ਹਨ। ਜਿਹੜਾ ਜੰਗ ਦੇ ਮੈਦਾਨ ਵਿੱਚ ਸ਼ੇਰ ਦੀ ਭਬਕਾਰ ਨਾਲ ਜੂਝਦਾ ਹੈ, ਉਸ ਨੂੰ ਕੁੱਤਾ ਕਿਵੇਂ ਆਖਿਆ ਜਾ ਸਕਦਾ ਹੈ? ਉਹ ਤਲਵਾਰ ਦੇ ਯੋਧਿਓ! ਜੇ ਤੁਸੀਂ ਜੰਗ ਦੇ ਦਾਓ ਪੇਚ ਸਿੱਖਣੇ ਹਨ, ਤਲਵਾਰ ਵਾਹੁਣੀ ਸਿੱਖਣੀ ਹੈ ਤਾਂ ਇਨ੍ਹਾਂ ਤੋਂ ਸਿੱਖੋ। ਇਹ ਨਾਇਕਾਂ ਵਾਂਗ ਦੁਸਮਣ ਦਾ ਟਾਕਰਾ ਕਰਦੇ ਹਨ ਅਤੇ ਫੇਰ ਬੜੀ ਸਫਾਈ ਨਾਲ ਸੁਰੱਖਿਅਤ ਨਿਕਲ ਵੀ ਜਾਂਦੇ ਹਨ।' ਦੁਸਮਣ ਵੱਲੋਂ ਕੀਤੀ ਗਈ ਸਿਫਤ ਹੀ ਅਸਲ ਆਚਰਨ ਦੀ, ਭਰੋਸੇਯੋਗ ਜਾਮਨੀ ਹੁੰਦੀ ਹੈ।

20 ਵੀਂ ਸਦੀ ਦੇ ਅੰਤ ਵਿੱਚ ਖਾਲਸਤਾਨੀ ਸੰਘਰਸ਼ ਲਈ ਸ਼ਹੀਦ ਡੇਢ ਲੱਖ ਤੋਂ ਜ਼ਿਆਦਾ ਸਿੰਘਾਂ-ਸਿੰਘਣੀਆਂ ਦੀ ਸੂਰਬੀਰਤਾ, ਸਿਦਕ ਅਤੇ ਮੌਤ ਦੇ ਬੇਖ਼ੌਫ ਹੋਣ ਦੇ ਕਰੈਕਟਰ ਦਾ ਰੋਲ-ਮਾਡਲ ਭਾਈ ਜਿੰਦਾ ਤੇ ਭਾਈ ਸੁੱਖਾ ਕਹੇ ਜਾ ਸਕਦੇ ਹਨ।

**ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਸੰਖੇਪ ਜੀਵਨੀ:**

ਭਾਈ ਹਰਜਿੰਦਰ ਸਿੰਘ ਜਿੰਦਾ ਦੀ ਮਾਤਾ ਜੀ ਗੁਰਨਾਮ ਕੌਰ ਅਤੇ ਪਿਤਾ ਗੁਲਜਾਰ ਸਿੰਘ ਜੀ ਚੜ੍ਹਦੀ-ਕਲਾ ਵਾਲੇ ਕਿਰਤੀ ਸਿੱਖ ਹਨ। ਭਾਈ ਸਾਹਿਬ ਦੇ ਦੋ ਵੱਡੇ ਭਰਾ ਨਿਰਭੈਲ ਸਿੰਘ ਅਤੇ ਭੁਪਿੰਦਰ ਸਿੰਘ ਤੇ ਇਕ ਭੈਣ ਬੀਬੀ ਬਲਵਿੰਦਰ ਕੌਰ ਹੈ। ਭਾਈ ਸਾਹਿਬ ਦਾ ਜਨਮ 4 ਅਪ੍ਰੈਲ 1962 ਵਿੱਚ ਹੋਇਆ ਸੀ। ਭਾਈ ਹਰਜਿੰਦਰ ਸਿੰਘ ਨੇ ਮੁੱਢਲੀ ਵਿਦਿਆ ਆਪਣੇ ਪਿੰਡ ਗਦਲੀ (ਜਿਲ੍ਹਾ ਅੰਮ੍ਰਿਤਸਰ) ਤੋਂ ਪ੍ਰਾਪਤ ਕੀਤੀ। ਗਹਿਰੀ ਮੰਡੀ ਤੋਂ ਦਸਵੀਂ ਪਾਸ ਕਰਕੇ ਤੇ ਬਾਰਵੀਂ ਜੰਡਿਆਲਾ ਗੁਰੂ ਤੋਂ ਪਾਸ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ 'ਚ ਉੱਚ-ਵਿੱਦਿਆ ਪ੍ਰਾਪਤ ਕਰਨ ਲਈ ਦਾਖਲਾ ਲੈ ਲਿਆ। ਅਜੇ ਬੀ. ਏ. (ਭਾਗ ਦੂਜਾ) ਵਿੱਚ ਪੜ੍ਹਦੇ ਸਨ ਕਿ 1984 ਦਾ ਘੱਲੂਘਾਰਾ ਵਾਪਰ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਹੀਦੀ ਪੁਰਬ ਸਮੇਂ ਸ੍ਰੀ ਦਰਬਾਰ ਸਾਹਿਬ ਇਕੱਤਰ ਹੋਈਆਂ ਸਿੱਖ-ਸੰਗਤਾਂ ਨੂੰ ਭਾਰਤੀ ਫੌਜ ਵੱਲੋਂ ਗੋਲੀਆਂ, ਬੰਬਾਂ, ਤੋਪਾਂ ਤੇ ਟੈਕਾਂ ਨਾਲ ਭੁੰਨ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਢਹਿ ਢੇਰੀ ਕਰ ਦਿੱਤਾ ਗਿਆ, ਚਾਲੀ ਹੋਰ ਗੁਰਧਾਮ ਫੌਜੀ ਛਾਉਣੀਆਂ ਵਿੱਚ ਤਬਦੀਲ ਕਰ ਦਿੱਤੇ ਗਏ ਤੇ ਪਿੰਡਾਂ ਵਿੱਚ ਸਿੱਖ ਜਵਾਨਾਂ ਨੂੰ ਚੁਣ-ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ ਗਿਆ। ਇਹਨਾਂ ਘਟਨਾਵਾਂ ਕਰਕੇ ਹਰ ਸਿੱਖ ਵਾਂਗ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਖ਼ੂਨ ਨੇ ਵੀ ਉਬਾਲਾ ਖਾਧਾ, ਸਿੱਖੀ ਅਣਖ ਜਾਗੀ ਤੇ ਪੜ੍ਹਾਈ ਵਿੱਚੇ ਛੱਡ ਕੇ ਸਿੱਖ-ਸੰਘਰਸ਼ ਵਿੱਚ ਕੁੱਦ ਪਏ। ਜਦੋਂ ਫੌਜਾਂ ਨੇ ਸ੍ਰੀ ਦਰਬਾਰ ਸਾਹਿਬ ਆਪਣੇ ਕਬਜ਼ੇ ਵਿੱਚ ਕੀਤਾ ਹੋਇਆ ਸੀ ਉਦੋਂ ਭਾਈ ਹਰਜਿੰਦਰ ਸਿੰਘ ਜਿੰਦਾ ਆਪਣੇ ਪਿੰਡ ਤੇ ਨੇੜੇ-ਨੇੜੇ ਦੀਆਂ ਸਿੱਖ ਸੰਗਤਾਂ ਨਾਲ ਸ੍ਰੀ ਦਰਬਾਰ ਸਾਹਿਬ ਆਜ਼ਾਦ ਕਰਵਾਉਣ ਲਈ ਕੀਤੇ ਮਾਰਚ ਵਿੱਚ ਸ਼ਾਮਲ ਸੀ। ਪਰ ਫੌਜੀ ਨਾਕਿਆਂ ਦੇ ਤਸੱਦਦ ਸਾਹਮਣੇ ਕੋਈ ਪੇਸ਼ ਨਾ ਗਈ ਤੇ ਕਚੀਚੀਆਂ ਖਾਂਦੇ ਦੁੱਖੀ-ਹਿਰਦਿਆਂ ਨਾਲ ਕੁੱਟ-ਮਾਰ ਖਾ ਕੇ ਘਰਾਂ ਨੂੰ ਪਰਤ ਆਏ। ਭਾਈ ਹਰਜਿੰਦਰ ਸਿੰਘ ਜਿੰਦਾ ਆਪਣੇ ਨਾਨਕੇ ਪਿੰਡ ਚੱਕ ਬਾਈ ਐਚ. ਸ੍ਰੀ ਗੰਗਾਨਗਰ ਚਲਾ ਗਿਆ। ਆਪ ਦੇ ਮਾਮੇ ਦੇ ਪੁੱਤਰ ਬਲਜਿੰਦਰ ਸਿੰਘ ਰਾਜੂ ਅਤੇ ਉਸ ਦੇ ਮਿੱਤਰ ਭਾਈ ਸੁਖਦੇਵ ਸਿੰਘ ਸੁੱਖਾ 16 ਐਫ. ਨਾਲ ਮਿਲ ਕੇ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਹਰਮਿੰਦਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਕੀਤੀ ਬੇਅਦਬੀ ਅਤੇ ਸਿੱਖ ਕੌਮ ਦੀ ਹੋਈ ਬੇਪਤੀ ਦਾ ਬਦਲਾ ਲੈਣ ਲਈ ਪ੍ਰਣ ਕੀਤਾ। ਭਾਈ ਰਾਜੂ ਪੁਲਿਸ ਦੇ ਕਾਬੂ ਆ ਗਏ ਤੇ ਉਸ ਉੱਤੇ ਕੀਤੇ ਤਸੱਦਦ ਦੀ ਖ਼ਬਰ ਸੁਣ ਕੇ ਭਾਈ ਜਿੰਦਾ ਤੇ ਭਾਈ ਸੁੱਖੇ ਦਾ ਮਨ ਹੋਰ ਵੀ ਉਬਾਲੇ ਖਾਣ ਲੱਗਾ ਇਸ ਤੋਂ ਬਾਅਦ ਭਾਈ ਜਿੰਦਾ ਜੀ ਨੇ ਜੋ ਕਾਰਨਾਮੇ ਕੀਤੇ ਉਹ ਇਸ ਪ੍ਰਕਾਰ ਹਨ:



31 ਜੁਲਾਈ 1985 ਨੂੰ ਦਿੱਲੀ ਕਤਲੇਆਮ ਦੇ ਮੁਖ ਹਤਿਆਰੇ ਕਾਂਗਰਸੀ ਨੇਤਾ ਲਲਿਤ ਮਾਕਨ ਨੂੰ ਜਾ ਸੋਧ ਲਾਇਆ ਏਸ ਕਾਰਵਾਈ 'ਚ ਗੁਰੂ ਦੇ ਦੋਵੇਂ ਲਾਡਲੇ ਭਾਈ ਜਿੰਦਾ ਜੀ ਅਤੇ ਭਾਈ ਸੁੱਖ ਜੀ ਦੇ ਨਾਲ ਹੀ ਭਾਈ ਰਣਜੀਤ ਸਿੰਘ ਗਿੱਲ ਵੀ ਸਨ ਭਾਈ ਰਣਜੀਤ ਸਿੰਘ ਗਿੱਲ ਜੀ ਨੂੰ 14 ਮਈ 1987 ਨੂੰ ਅਮਰੀਕਾ ਜਰਸੀ ਵਿਖੇ ਇੰਟਰਪੋਲ ਦੀ ਮਦਦ ਨਾਲ ਗ੍ਰਿਫਤਾਰ ਕਰ ਲਿਆ ਗਿਆ ਅਤੇ 6 ਫਰਵਰੀ 1988 ਨੂੰ ਯੂ ਏਨ ਓ 'ਚ ਸੁਣਵਾਈ 'ਤੇ ਸੰਨ 2000 ਨੂੰ ਭਾਰਤ ਦੇ ਹਵਾਲੇ ਕਰ ਦਿੱਤਾ ਗਇਆ ਜਿੱਥੇ ਭਾਈ ਰਣਜੀਤ ਸਿੰਘ ਗਿੱਲ ਨੂੰ ਸਜ਼ਾ ਸੁਣਾ ਦਿੱਤੀ ਗਈ।

1984 ਦੇ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਸਿੱਖਾਂ ਦਾ ਕਤਲੇਆਮ ਕਰਵਾਉਣ 'ਚ ਅਹਿਮ ਰੋਲ ਅਦਾ ਕਰਨ ਵਾਲਾ ਇੱਕ ਹੋਰ ਕਾਂਗਰਸੀ ਨੇਤਾ ਅਰਜੁਨ ਦਾਸ ਸੀ, ਜਿਸ ਨੂੰ ਨਾਨਾਵਤੀ ਕਮਿਸ਼ਨ ਨੇ ਵੀ ਦੋਸ਼ੀ ਕਰਾਰ ਦਿੱਤਾ ਸੀ। 5 ਸਤੰਬਰ 1985 ਨੂੰ ਗੁਰੂ ਦੇ ਲਾਡਲਿਆਂ ਨੇ ਅਰਜੁਨ ਦਾਸ ਨੂੰ ਗੱਡੀ ਚੜ੍ਹਾ ਦਿੱਤਾ ਇਹ ਰਾਜੀਵ ਗਾਂਧੀ ਦਾ ਖਾਸ ਚਮਚਾ ਸੀ।


10 ਅਗਸਤ 1986 ਨੂੰ ਸਭ ਤੋਂ ਵੱਡਾ ਕਾਰਨਾਮਾ ਤਦ ਕੀਤਾ ਗਿਆ ਜਦ ਸੂਰਮਿਆਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੇ ਮੋਹਰੀ ਰਹੇ 'ਜਨਰਲ ਵੈਧ' ਨੂੰ ਉਸ ਦੇ ਕੀਤੇ ਦੀ ਸਜ਼ਾ ਵਜੋਂ ਸੋਧ ਲਾ ਦਿੱਤਾ ਗਿਆ ਇਹ ਭਾਰਤ ਸਰਕਾਰ ਦੇ ਮੂੰਹ 'ਤੇ ਹੁਣ ਤੱਕ ਦਾ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਸਭ ਤੋਂ ਵੱਡਾ ਕਰਾਰਾ ਤਮਾਚਾ ਸੀ।

ਸਿੱਖ ਸੰਘਰਸ਼ ਨੂੰ ਮੁਕਾਮ ਤੱਕ ਲੈ ਜਾਨ ਲਈ ਸਿੰਘਾਂ ਨੂੰ ਹਥਿਆਰਾਂ ਦੀ ਸਖ਼ਤ ਲੋੜ ਸੀ, ਜਿਸ ਵਾਸਤੇ ਭਾਰਤ ਦੇ ਇਤਿਹਾਸ ਵਿੱਚ 13 ਫਰਵਰੀ 1987 ਨੂੰ ਖਾਲਿਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਨੇ ਜਨਰਲ ਲਾਭ ਸਿੰਘ ਜੀ ਦੀ ਅਗਵਾਈ ਹੇਠ ਪੰਜਾਬ 'ਚ ਇੱਕ ਬੈਂਕ ਵਿੱਚੋਂ 5.70 ਕਰੋੜ ਰੁਪਏ ਲੈ ਕੇ ਨਿਕਲਣ 'ਚ ਕਾਮਯਾਬ ਹੋ ਗਏ, ਕਿਹਾ ਜਾਂਦਾ ਹੈ ਕਿ ਇਹ ਕਾਰਨਾਮਾ 'ਲਿਮ੍ਕਾ ਬੁੱਕ ਆਫ ਰਿਕਾਰਡ' 'ਚ ਦਰਜ ਹੈ।

ਇਹ ਕਾਰਵਾਈ ਸੁਣ ਕੇ ਵੱਡੇ ਵੱਡੇ ਅਧਿਕਾਰੀਆਂ ਦੇ ਪਸੀਨੇ ਨਿਕਲ ਗਏ ਸੀ, ਜਿਸ ਢੰਗ ਨਾਲ ਸਿੰਘ ਸਫਾਈ ਨਾਲ ਬਾਹਰ ਨਿਕਲੇ ਸੀ ਉਸ ਬਾਰੇ ਪੂਰਾ ਸੱਚ ਭਾਰਤ ਸਰਕਾਰ ਦੇ ਅਧਿਕਾਰੀ ਦੇ ਮੂਹੋਂ ਆਪ ਸੁਣੋ:


'ਵੇਦ ਮਰਵਾਹਾ' ਦਿੱਲੀ ਪੁਲਿਸ ਦਾ ਮੁਖੀ (ਕਮਿਸਨਰ) ਹੁਣ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਹੈ। ਇਸ ਦੀ ਕਮਾਂਡ ਥੱਲੇ ਦਿੱਲੀ ਪੁਲਿਸ ਨੇ ਦੋ ਵਾਰ (1985 ਤੇ ਫਿਰ 1987 ਵਿਚ) ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਗ੍ਰਿਫਤਾਰ ਕੀਤਾ ਸੀ। 'ਵੇਦ ਮਰਵਾਹੇ' ਨੇ ਰਿਟਾਇਰਮੈਂਟ ਤੋਂ ਬਾਅਦ ਇੱਕ ਕਿਤਾਬ ਲਿਖੀ ਜਿਸ ਦਾ ਸਿਰਲੇਖ ਹੈ 'ਅਨਸਿਵਲ ਵਾਰਜ ਪਥੋਲੌਜੀ ਆਫ ਟੈਰਰਿਜਮ ਇਨ ਇੰਡੀਆ।'

**ਇਸ ਕਿਤਾਬ ਦੇ ਸਫਾ 16 'ਤੇ ਉਸ ਨੇ ਇੱਕ ਸਿਰਲੇਖ ਦਿੱਤਾ ਹੈ:** 'ਜਿੰਦਾ ਕੋਈ ਸਧਾਰਣ ਮਨੁੱਖ ਨਹੀਂ ਸੀ।' ਇਸ ਦੀ ਲਿਖਤ ਵਿਚਲਾ ਵੇਰਵਾ ਕਾਜੀ ਨੂਰ ਮੁਹੰਮਦ ਦੀ 18 ਵੀਂ ਸਦੀ ਦੇ ਸਿੰਘਾਂ ਬਾਰੇ 'ਗਵਾਹੀ' ਵਾਂਗ ਹੀ ਹੈ। ਭਾਰਤੀ ਰਾਸਟ੍ਰ ਭਗਤੀ ਤੇ ਫਿਰਕੂਪੁਣੇ ਨਾਲ ਭਰਿਆ ਪੰਜਾਬੀ ਹਿੰਦੂ ਮੂਲ ਦਾ 'ਵੇਦ ਮਰਵਾਹਾ' ਲਿਖਦਾ ਹੈ: 'ਹਰਜਿੰਦਰ ਸਿੰਘ ਜਿੰਦਾ, ਜਿਸ ਨੂੰ ਜਨਰਲ ਵੈਦਿਆ ਦੇ ਕਤਲ ਕੇਸ ਵਿਚ ਸਜਾ ਹੋਈ ਅਤੇ ਬਾਅਦ ਵਿਚ ਫਾਂਸੀ 'ਤੇ ਲਟਕਾਇਆ ਗਿਆ ਕੋਈ ਸਧਾਰਨ ਮਨੁੱਖ ਨਹੀਂ ਸੀ। ਇਹ ਸਿਰਫ਼ ਇੱਕ ਬੇਤਰਸ ਹਤਿਆਰਾ ਨਹੀਂ ਸੀ। ਉਸ ਦੀ ਸਖ਼ਸੀਅਤ ਦਾ ਇੱਕ ਬੜਾ ਅਨੋਖਾ ਪੱਖ ਵੀ ਸੀ। ਉਹ ਜਦੋਂ ਸਖ਼ਤ ਜਖਮੀ ਸੀ ਅਤੇ




**"ਫਾਂਸੀ ਦਾ ਰੱਸਾ ਸਾਨੂੰ ਯਾਰੜੇ ਦੀ ਗਲਵੱਕੜੀ ਵਾਂਗ ਹੀ ਪਿਆਰਾ ਹੈ"**

**- ਭਾਈ ਹਰਜਿੰਦਰ ਸਿੰਘ ਜਿੰਦਾ**
**ਭਾਈ ਸੁਖਦੇਵ ਸਿੰਘ ਸੁੱਖਾ**



ਜੀਵਨ-ਮੌਤ ਦੀ ਲੜਾਈ ਲੜ ਰਿਹਾ ਸੀ, ਉਦੋਂ ਵੀ ਉਹ ਬੜਾ ਮਖੌਲੀਆ ਅਤੇ ਦਿਲ ਨੂੰ ਲੁਭਾਉਣ ਵਾਲਾ ਅੰਦਾਜ ਰੱਖਦਾ ਸੀ। ਜਦੋਂ ਮੈਂ ਉਸ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਪਹਿਲੀ ਵਾਰ ਮਿਲਿਆ ਤਾਂ ਮੈਂ ਮਹਿਸੂਸ ਕੀਤਾ ਕਿ ਉਹ ਕੋਈ ਮਨੋਰੋਗੀ ਨਹੀਂ ਸੀ ਬਲਕਿ ਉਸ ਦੀ ਮਾਨਸਿਕਤਾ ਵਿੱਚ ਐਸੇ ਅਸਾਧਾਰਨ ਤੱਤ ਸਨ, ਜਿਹੜੇ ਉਸ ਨੂੰ ਇੱਕ ਵੱਖਰੀ ਦਿੱਖ ਵਾਲਾ ਇਨਸਾਨ ਸਥਾਪਤ ਕਰਦੇ ਸਨ।'

**'ਵੇਦ ਮਰਵਾਹਾ' ਅੱਗੋਂ ਛੋਟਾ ਸਿਰਲੇਖ ਦਿੰਦੇ ਹਨ:** 'ਪਹਿਲੀ ਗ੍ਰਿਫਤਾਰੀ' ਲਿਖਤ ਅਨੁਸਾਰ-'ਜਿੰਦਾ ਪਹਿਲੀ ਵਾਰ ਅਚਾਨਕ ਹੀ 1985 ਵਿਚ ਪੁਲਿਸ ਦੇ ਹੱਥ ਲੱਗ ਗਿਆ। ਉਦੋਂ ਦਿੱਲੀ ਵਿੱਚ ਲਗਾਤਾਰ ਬੈਂਕ ਲੁੱਟੇ ਜਾ ਰਹੇ ਸਨ ਪਰ ਪੁਲਿਸ ਨੂੰ ਕੋਈ ਸੂਹ ਨਹੀਂ ਸੀ ਮਿਲ ਰਹੀ। ਮੈਨੂੰ ਰੋਜ਼ਾਨਾ ਭਾਰਤ ਦੇ ਗ੍ਰਹਿ ਮੰਤਰੀ ਤੋਂ ਝਾੜਾਂ ਪੈ ਰਹੀਆਂ ਸਨ ਅਤੇ ਮੀਡੀਏ ਵਿੱਚ ਵੀ ਦਿੱਲੀ ਪੁਲਿਸ ਦੀ ਦੁਰਗਤੀ ਬਣ ਰਹੀ ਸੀ। ਉਦੋਂ ਤੱਕ ਸਾਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇਨ੍ਹਾਂ ਬੈਂਕ ਡਕੈਤੀਆਂ ਨਾਲ ਪੰਜਾਬ ਦੇ ਦਹਿਸਤਗਰਦਾਂ ਦਾ ਵੀ ਕੋਈ ਸਬੰਧ ਹੋ ਸਕਦਾ ਹੈ। ਜਿੰਦੇ ਦੀ ਗ੍ਰਿਫਤਾਰੀ ਇੱਕ ਛੋਟੇ ਦਰਜੇ ਦੀ ਜਾਣਕਾਰੀ ਦੇ ਆਧਾਰ 'ਤੇ ਹੋਈ, ਜਿਸ ਦਾ ਸੰਬੰਧ ਕਿਸੇ ਕਾਰ ਦੀ ਚੋਰੀ ਨਾਲ ਸੀ। ਕ੍ਰਾਈਮ ਬਰਾਂਚ ਦੇ ਐਡੀਸ਼ਨਲ ਕਮਿਸਨਰ ਆਰ. ਕੇ. ਸਰਮਾ ਨੇ ਮੈਨੂੰ ਇੱਕ ਐਤਵਾਰ ਦੀ ਸਵੇਰ ਫੋਨ ਕਰ ਕੇ ਜਿੰਦੇ ਦੀ ਗ੍ਰਿਫਤਾਰੀ ਦੀ 'ਵੱਡੀ ਪ੍ਰਾਪਤੀ' ਸੰਬੰਧੀ ਦੱਸਿਆ। ਉਦੋਂ ਪਹਿਲੀ ਵਾਰ ਦਿੱਲੀ ਪੁਲਿਸ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਇੱਕ ਅਚਾਨਕ ਇੱਕ ਮਾਰਕਾਖੋਜ ਕੰਮ ਕੀਤਾ ਹੈ।'

'ਮਰਵਾਹੇ' ਦੀ ਲਿਖਤ ਦਾ ਅਗਲਾ ਸਿਰਲੇਖ ਹੈ- 'ਪੁੱਛ ਗਿੱਛ' (ਇੰਟੈਰੋਗੇਸਨ) ਮਰਵਾਹੇ ਅਨੁਸਾਰ -'ਮੈਂ ਆਪਣੇ ਘਰੋਂ ਫੌਰਨ ਕ੍ਰਾਈਮ ਬਰਾਂਚ ਇੰਟੈਰੋਗੇਸਨ ਸੈਂਟਰ ਪਹੁੰਚਿਆ ਅਤੇ ਇਸ ਸਾਧਾਰਨ ਜਿਹੀ ਦਿੱਖ ਵਾਲੇ ਵਿਅਕਤੀ ਦੀ ਇੱਕ ਘੰਟੇ ਤੋਂ ਜ਼ਿਆਦਾ ਸਮਾਂ ਪੁੱਛਗਿੱਛ (ਇਸ ਨੂੰ ਤਸੱਦਦ ਪੜ੍ਹਿਆ ਜਾਵੇ) ਕੀਤੀ। ਮੈਂ ਉਸ ਵੱਲੋਂ ਕਹਾਣੀ ਬਿਆਨ ਕਰਨ ਦੇ ਢੰਗ ਤੋਂ ਬੜਾ ਅਚੰਭਿਤ ਹੋਇਆ ਅਤੇ ਉਸ ਵੱਲੋਂ ਦੱਸੀਆਂ ਗਈਆਂ ਗੱਲਾਂ ਤੋਂ ਵੀ। ਉਸ ਦੀ ਖੱਲੜੀ ਵਿੱਚ ਡਰ ਨਾਂ ਦੀ ਕੋਈ ਚੀਜ ਨਹੀਂ ਸੀ ਅਤੇ ਨਾ ਹੀ ਉਸ ਨੂੰ ਆਪਣੇ ਕੀਤੇ ਤੋਂ ਪਛਤਾਵਾ ਸੀ। ਉਹ ਤਾਂ ਬਾਲੀਵੁਡ ਦੀਆਂ ਫਿਲਮਾਂ ਦੇ ਅੰਦਾਜ਼ ਵਿੱਚ ਪੁਲਿਸ ਨੂੰ ਥਾਂ-ਥਾਂ ਝਕਾਨੀ ਦੇ ਕੇ ਨਿਕਲਣ ਦੇ ਕਾਰਨਾਮਿਆਂ ਨੂੰ ਬੜੇ ਚਸਕੇ ਲੈ ਕੇ ਸੁਣਾ ਰਿਹਾ ਸੀ। ਮੇਰੇ ਸਾਹਮਣੇ ਅੰਮ੍ਰਿਤਸਰ ਸ਼ਹਿਰ ਦਾ ਇੱਕ ਨੌਜਵਾਨ ਸਿੱਖ ਖੜ੍ਹਾ ਸੀ ਜਿਸ ਨੇ ਸਮੁੱਚੀ ਦਿੱਲੀ ਪੁਲਿਸ ਨੂੰ ਵਖਤ ਪਾਇਆ ਹੋਇਆ ਸੀ, ਇਸ ਤੱਥ ਦੀ ਵੀ ਉਸ ਨੂੰ ਬੜੀ ਖੁਸੀ ਸੀ। ਉਸ ਨੇ ਆਪਣੇ ਖਾਲਸਤਾਨੀ ਸੰਘਰਸ਼ ਵਿਚਲੇ ਰੋਲ ਨੂੰ ਘਟਾ ਕੇ ਦੱਸਿਆ ਪਰ ਦਿੱਲੀ (ਜਿਸ ਨੂੰ ਉਹ ਰਾਜਧਾਨੀ ਕਹਿਣ ਦੀ ਜਿਦ ਕਰਦਾ ਸੀ) ਵਿਚਲੀ ਬੈਂਕ ਡਕੈਤੀਆਂ ਸੰਬੰਧੀ ਉਸ ਨੇ ਬੜੇ ਮਾਣ ਨਾਲ ਖੁੱਲ੍ਹ ਕੇ ਦੱਸਿਆ। ਉਸ ਦਾ ਦਿੱਲੀ ਨੂੰ ਵਾਰ ਵਾਰ 'ਰਾਜਧਾਨੀ' ਕਹਿਣ ਤੋਂ ਵੀ ਇਹ ਹੀ ਭਾਵ ਸੀ, ਉਹ ਦਿੱਲੀ ਪੁਲਿਸ ਦਾ ਪੂਰਾ ਮਜਾਕ ਉਡਾ ਰਿਹਾ ਸੀ। ਉਦੋਂ ਭਾਵੇਂ ਸਾਨੂੰ ਉਸ ਦੀਆਂ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਪਰ ਉਹ ਗੱਲ ਕਰਨ ਲੱਗਿਆ 'ਉਹ' (ਭਾਰਤ ਸਰਕਾਰ) ਤੇ ਅਸੀਂ (ਖਾਲਸਤਾਨੀ) ਸਬਦਾਵਲੀ ਦੀ ਵਰਤੋਂ ਕਰ ਰਿਹਾ ਸੀ। ਮੈਨੂੰ ਉਦੋਂ ਮਹਿਸੂਸ ਹੋਇਆ ਕਿ ਉਹ ਮੇਰੇ ਨਾਲ, ਇੱਕ 'ਪੁਲਿਸ ਮੁਖੀ' ਦੇ ਤੌਰ 'ਤੇ ਬਰਾਬਰ ਦੀ ਧਿਰ ਬਣ ਕੇ ਗੱਲ ਕਰ ਰਿਹਾ ਸੀ (ਨਾ ਕਿ ਮੁਜਰਮ ਦੇ ਤੌਰ 'ਤੇ)। ਉਸ ਨੂੰ ਫੇਰ ਅਸੀਂ ਗੁਜਰਾਤ ਪੁਲਿਸ ਦੇ ਹਵਾਲੇ ਕਰ ਦਿੱਤਾ, ਜਿੱਥੇਂ ਕਿ ਉਹ ਅਦਾਲਤ ਵਿਚ ਪੇਸ਼ੀ ਲਈ ਲਿਜਾਂਦੇ ਸਮੇਂ, ਪੁਲਿਸ ਹਿਰਾਸਤ ਵਿੱਚੋਂ ਫਰਾਰ ਹੋ ਗਿਆ। ਉਸ ਤੋਂ ਬਾਅਦ ਉਸ ਨੇ ਬੜੇ ਦਲੇਰਾਨਾ ਕੰਮ ਕੀਤੇ, ਜਿਨ੍ਹਾਂ ਵਿੱਚ 'ਲਲਿਤ ਮਾਕਨ' ਐਮ. ਪੀ. ਤੇ 'ਅਰਜਨ ਦਾਸ' ਆਦਿ ਸੰਜੇ ਗਾਂਧੀ ਦੇ ਨੇੜਲੇ ਸਾਥੀਆਂ ਦਾ ਮਾਰੇ ਜਾਣਾ ਵੀ ਸ਼ਾਮਲ ਸੀ। ਦਿੱਲੀ ਤੇ ਪੰਜਾਬ ਵਿੱਚ ਜਿੰਦੇ ਦੇ ਨਾਂ ਦੀ ਬੜੀ ਦਹਿਸ਼ਤ ਫੈਲ ਗਈ।'

'ਵੇਦ ਮਰਵਾਹਾ' ਫੇਰ, ਇੱਕ ਸਬ-ਹੈਡਿੰਗ 'ਦੂਸਰੀ ਮੁਲਾਕਾਤ' ਦਾ ਦਿੰਦਾ ਹੈ, ਜਿਸ ਅਨੁਸਾਰ ਅਗਸਤ 1987 ਵਿੱਚ ਸਿਵਲ ਲਾਈਨਜ ਏਰੀਏ ਵਿੱਚ ਹੋਏ ਇੱਕ ਪੁਲਿਸ ਮੁਕਾਬਲੇ ਵਿੱਚ ਜਿੰਦਾ ਸਖ਼ਤ ਜ਼ਖ਼ਮੀ ਹਾਲਤ ਵਿੱਚ ਦਿੱਲੀ ਪੁਲਿਸ ਨੇ ਦਬੋਚ ਲਿਆ। ..ਮੈਂ ਆਪਣੇ ਵਾਇਰਲੈਂਸ ਸੈੱਟ 'ਤੇ ਜਿੰਦੇ ਦੀ ਗ੍ਰਿਫਤਾਰੀ ਬਾਰੇ ਸੁਣਿਆ ਅਤੇ ਕੁਝ ਮਿੰਟਾਂ ਵਿੱਚ ਹੀ ਪੁਲਿਸ ਸਟੇਸ਼ਨ ਪਹੁੰਚ ਗਿਆ। ਜਿੰਦੇ ਨੂੰ ਇੱਕ ਸਟਰੈਚਰ 'ਤੇ ਪਾ ਕੇ ਐਂਬੂਲੈਂਸ ਵੱਲ ਲਿਜਾਇਆ ਜਾ ਰਿਹਾ ਸੀ ਜਦੋਂਕਿ ਉਸ ਨੇ ਮੈਨੂੰ ਵੇਖ ਲਿਆ। ਉਸ ਨੇ ਮੁਸਕਰਾ ਕੇ ਮੇਰਾ ਸਵਾਗਤ ਕੀਤਾ। ਉਹ ਬੜੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਸੀ ਪਰ ਫਿਰ ਵੀ ਉਸ ਨੇ ਮੈਨੂੰ ਮਜਾਕੀਆ ਲਹਿਜੇ ਵਿੱਚ ਕਿਹਾ -'ਮੁਬਾਰਕ ਹੋ, ਅਬ ਆਪ ਕੋ ਬਹੁਤ ਬੜੀ ਤਰੱਕੀ ਮਿਲੇਗੀ ਦਿੱਲੀ ਪੁਲਿਸ ਨੇ ਮੁਝੇ ਪਕੜ ਲੀਆ ਹੈ।' ਮੇਰੇ ਸਾਹਮਣੇ ਉਹ ਬੰਦਾ ਸੀ, ਜਿਹੜਾ ਮੌਤ ਦੇ ਮੂੰਹ ਵਿੱਚ ਜਾ ਰਿਹਾ ਸੀ ਪਰ ਉਹ ਇਨ੍ਹਾਂ ਪਲਾਂ ਵਿੱਚ ਵੀ ਬੇਪ੍ਰਵਾਹ ਹੋ ਕੇ ਮਜਾਕ ਕਰ ਰਿਹਾ ਸੀ। ਮੈਂ ਦੇਖ ਰਿਹਾ ਸੀ ਕਿ ਉਸ ਨੂੰ ਆਪਣੇ ਕਾਰਜ ਲਈ ਮਹਾਨ ਕੁਰਬਾਨੀ ਕਰਨ ਦੀ ਤਸੱਲੀ ਵੀ ਸੀ ਤੇ ਪੁਲਿਸ ਨੂੰ ਨੀਵਾਂ ਦਿਖਾਉਣ ਦਾ ਚਾਅ ਵੀ ਉਸ ਦਾ ਫੌਜੀ ਹਸਪਤਾਲ ਵਿੱਚ ਇਲਾਜ ਚੱਲਿਆ ਤੇ ਉਹ ਇੱਕ ਅਪਰੇਸ਼ਨ ਤੋਂ ਬਾਅਦ ਕਰਾਮਾਤੀ ਤੌਰ 'ਤੇ ਠੀਕ ਹੋ ਗਿਆ। ਮੈਂ ਉਸ ਨੂੰ ਡੀ. ਜੀ. ਪੀ. ਕ੍ਰਾਈਮ ਦੇ ਨਾਲ ਹਸਪਤਾਲ ਵਿੱਚ ਦੇਖਣ ਗਿਆ। ਪਰ ਇਸ ਵਾਰ ਮੈਂ ਪੁੱਛਗਿੱਛ ਲਈ ਨਹੀਂ ਗਿਆ ਪਰ ਉਸ ਇਨਸਾਨ ਨੂੰ ਮਿਲਣ ਗਿਆ, ਜਿਸ ਨੇ ਮੇਰੇ ਮਨ 'ਚ ਵੀ ਸਤਿਕਾਰ ਦੀ ਥਾਂ ਬਣਾ ਲਈ ਸੀ। ਮੈਂ ਇਹ ਇਕਬਾਲ ਕਰਨਾ ਚਾਹੁੰਦਾ ਹਾਂ ਕਿ ਉਦੋਂ ਮੇਰੀਆਂ ਜਿੰਦੇ ਪ੍ਰਤੀ ਭਾਵਨਾਵਾਂ ਇੱਕ ਪ੍ਰੋਫੈਸਨਲ ਪੁਲਿਸ ਅਫਸਰ ਵਾਲੀਆਂ ਨਹੀਂ ਸਨ ਬਲਕਿ ਪ੍ਰਸੰਸਾ ਤੇ ਨਿੱਘ ਵਾਲੀਆਂ ਸਨ..।'

ਖਾਲਸਤਾਨੀ ਸੰਘਰਸ਼ ਦੇ ਇਸ ਸਿਪਾਹ ਸਿਲਾਰ ਨੂੰ 'ਦੁਸਮਣ' ਵੱਲੋਂ ਦਿੱਤੀ ਗਈ, ਇਸ ਸਰਧਾਂਜਲੀ ਚੋਂ ਭਵਿੱਖ ਦੀਆਂ ਪੀੜੀਆਂ ਨੂੰ ਖਾਲਸਤਾਨੀ ਸੰਘਰਸ਼ ਦੇ ਯੋਧਿਆਂ ਦੀ ਅਸਲੀ ਤਸਵੀਰ ਨਜ਼ਰ ਆ ਰਹੀ ਹੋਵੇਗੀ।

**ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀ ਸੰਖੇਪ ਜੀਵਨੀ**



ਭਾਈ ਸੁਖਦੇਵ ਸਿੰਘ ਦਾ ਜਨਮ ਰਾਜਿਸਥਾਨ ਜਿਲ੍ਹੇ ਗੰਗਾਨਗਰ ਦੀ ਤਹਿਸੀਲ ਕਰਨਪੁਰ ਦੇ ਚੱਕ ਨੰਬਰ 11 ਵਿੱਚ ਹੋਇਆ। ਆਪ ਜੀ ਦੇ ਪਿਤਾ ਮਹਿੰਗਾ ਸਿੰਘ ਗੁਰਸਿੱਖ ਹਨ ਤੇ ਖੇਤੀ ਦਾ ਕੰਮ ਕਰਦੇ ਹਨ। ਮਾਤਾ ਸੁਰਜੀਤ ਕੌਰ ਪੂਰਨ ਗੁਰਸਿਖ, ਰਹਿਤ ਦੇ ਧਾਰਨੀ ਤੇ ਨਿਤਨੇਮੀ ਹਨ। ਭਾਈ ਸੁਖਦੇਵ ਸਿੰਘ ਨੂੰ ਸਿੱਖੀ ਸਿਦਕ ਦੀ ਦਾਤ ਵਿਰਸੇ ਵਿੱਚ ਮਿਲੀ ਹੋਈ ਸੀ। ਸਕੂਲ ਦੀ ਪੜ੍ਹਾਈ ਦੇ ਨਾਲ ਹੀ ਧਾਰਮਿਕ ਵਿਦਿਆ ਤੇ ਗੁਰਬਾਣੀ ਦਾ ਅਭਿਆਸ ਉਸ ਦਾ ਨਿਤ ਕਰਮ ਬਣ ਗਿਆ। ਮੁੱਢਲੀ ਵਿਦਿਆ ਪਿੰਡ ਮਾਣਕਪੁਰ ਚੱਕ ਨੰਬਰ 13 ਤੋਂ ਪ੍ਰਾਪਤ ਕੀਤੀ ਤੇ ਕਾਨਪੁਰ ਤੋਂ ਦਸਵੀਂ ਪਾਸ ਕਰਕੇ ਗਿਆਨ ਜੋਤੀ ਕਾਲਜ ਤੋਂ ਬੀ. ਏ. ਪਾਸ ਕੀਤੀ। ਐਮ. ਏ ਅੰਗਰੇਜੀ ਵਿੱਚ ਪੜ੍ਹਦੇ ਸਨ, ਜਦੋਂ 1984 ਦਾ ਸਿੱਖੀ ਦਮਨ ਕਰਨ ਵਾਲਾ ਘੱਲੂਘਾਰਾ ਵਾਪਰ ਗਿਆ। ਭਾਈ ਸੁੱਖਾ ਜੀ ਘਰੋਂ ਬੇਘਰ ਹੋ ਕੇ ਸਿੱਖੀ ਦੀ ਪੱਤ ਬਚਾਉਣ ਦੀਆ ਵਿਉਂਤਾਂ ਵਿੱਚ ਲਗ ਗਿਆ। ਆਪਣੇ ਮਿੱਤਰ ਬਲਜਿੰਦਰ ਸਿੰਘ ਰਾਜੂ ਦੇ ਭੂਆ ਦੇ ਪੁੱਤਰ ਹਰਜਿੰਦਰ ਸਿੰਘ ਜਿੰਦਾ ਨੂੰ ਆਪਣੇ ਕਾਰਜ ਦੇ ਨਿਸ਼ਾਨੇ ਉੱਤੇ ਪੁੱਜਣ ਲਈ ਆਪ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ। ਗੁਰੂ ਮਹਾਰਾਜ ਦੇ ਬਖ਼ਸ਼ੇ ਹੋਏ ਲਾਡਲੇ ਸਪੁੱਤਰਾਂ ਨੂੰ ਪੰਥ ਦੇ ਲੇਖੇ ਲਾ ਸੁਰਖ਼ਰੂ ਹੋ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਭਾਈ ਲਾਭ ਸਿੰਘ ਪੰਜਵੜ, ਭਾਈ ਜਰਨੈਲ ਸਿੰਘ ਹਲਵਾਰਾ ਤੇ ਮਥਰਾ ਸਿੰਘ ਚੌੜੇ ਮਧਰੇ ਤੇ ਭਾਈ ਚਰਨਜੀਤ ਸਿੰਘ ਚੰਨੀ ਲੁਧਿਆਣਾ (ਪੰਜਾਬ) ਵਿੱਚ ਸਰਗਰਮ ਸਨ। ਉਨ੍ਹਾਂ ਵਿੱਚ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਪੰਜਾਬ ਤੋਂ ਬਾਹਰ ਦਿੱਲੀ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ ਹੋਇਆ ਸੀ ਕਿਉਂਕਿ ਨਵੰਬਰ 1984 ਵਿੱਚ ਸਿੱਖਾਂ ਦੀ ਸਭ ਤੋਂ ਵੱਧ ਕਤਲੇਆਮ ਤੇ ਬੇਪਤੀ ਦਿੱਲੀ ਵਿੱਚ ਹੋਈ ਸੀ।

ਦਿੱਲੀ ਵਿੱਚ ਇਨਾਂ ਦਾ ਨਾਮ ਸੁਣ ਕੇ ਅਤੇ ਸਰਕਾਰ ਵੱਲੋਂ ਟੀ. ਵੀ. ਉੱਤੇ ਇਨ੍ਹਾਂ ਦੀਆਂ ਤਸਵੀਰਾਂ ਦਿਖਾਉਣ ਕਰਕੇ ਦਿੱਲੀ ਦੇ ਫ਼ਿਰਕੂ ਕਾਤਲ ਘਰਾਂ ਤੋਂ ਬਾਹਰ ਨਹੀਂ ਨਿਕਲਦੇ ਸਨ। ਇਕ ਵਾਰੀ ਭਾਈ ਹਰਜਿੰਦਰ ਸਿੰਘ ਜਿੰਦਾ ਦਿੱਲੀ ਪੁਲਿਸ ਦੇ ਕਾਬੂ ਆ ਗਏ ਤੇ ਅਹਿਮਦਾਬਾਦ ਜੇਲ ਵਿੱਚ ਭੇਜ ਦਿੱਤੇ ਗਏ ਉੱਥੋਂ ਕਿਸੇ ਢੰਗ ਨਾਲ ਨਿਕਲਣ ਵਿੱਚ ਸਫਲ ਹੋ ਗਏ ਫਿਰ ਇਹਨਾਂ ਨੇ ਹਿੰਦੁਸਤਾਨੀ ਫੌਜਾਂ ਦੇ ਉਸ ਵੇਲੇ ਦੇ ਕਮਾਂਡਰ ਇਨ-ਚੀਫ ਜਨਰਲ ਵੈਦਿਆ ਨੂੰ ਸੋਧਣ ਦਾ ਪ੍ਰੋਗਰਾਮ ਬਣਾਇਆ, ਜਿਸ ਦੀ ਕਮਾਨ ਹੇਠ ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਜੀ ਤੇ ਹੋਰ ਗੁਰਦੁਆਰਿਆਂ ਦੀ ਬੇਹੁਰਮਤੀ (ਬੇਇੱਜ਼ਤੀ) ਹੋਈ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕੀਤਾ ਗਿਆ ਸੀ। ਜਨਰਲ ਵੈਦਿਆ ਫੌਜ ਵਿੱਚੋਂ ਰਿਟਾਇਰ ਹੋ ਕੇ ਪੂਨੇ ਵਿੱਚ ਰਹਿ ਰਿਹਾ ਸੀ। ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਪੂਨੇ ਪਹੁੰਚ ਗਏ ਤੇ ਜਨਰਲ ਵੈਦਿਆ ਦੀ ਭਾਲ ਪਿੱਛੋਂ ਮੌਕਾ ਮਿਲਦਿਆਂ ਹੀ ਉਸ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਪਾਪੀ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇ ਕੇ ਆਪਣੇ ਮਿਥੇ ਨਿਸ਼ਾਨੇ ਦੀ ਪੂਰਤੀ ਕੀਤੀ।' 17 ਸਿਤੰਬਰ 1987 ਨੂੰ ਭਾਈ ਸੁੱਖਾ ਜੀ ਦਾ ਪੂਨੇ ਇੱਕ ਟਰੱਕ ਨਾਲ ਐਕਸੀਡੈਂਟ ਹੋ ਗਇਆ ਉਸ ਸਮੇਂ ਭਾਈ ਸੁੱਖਾ ਜੀ ਉਸ ਮੋਟਰ ਸਾਇਕਲ 'ਤੇ ਹੀ ਸਵਾਰ ਸਨ ਜੋ ਉਨ੍ਹਾਂ ਨੇ ਵੈਦਯ ਨੂੰ ਸੋਧ ਲਾਉਣ ਸਮੇਂ ਇਸਤੇਮਾਲ ਕੀਤਾ ਸੀ। ਭਾਈ ਜਿੰਦਾ ਜੀ ਦੇ 1987 ਦੇ ਦਿੱਲੀ ਮੁਕਾਬਲੇ 'ਚ ਪੈਰ 'ਚ ਗੋਲੀ ਲਗੀ ਸੀ ਅਤੇ ਮਾਰਚ ਦੇ ਮਹੀਨੇ ਭਾਈ ਜਿੰਦਾ ਜੀ ਨੂੰ ਗੁਰਦੁਆਰਾ ਮਜਨੂੰ ਦਾ ਟੀਲਾ (ਦਿੱਲੀ) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਦੋਵਾਂ ਸਿੰਘਾਂ ਤੇ ਜਨਰਲ ਵੈਧਯ ਦੀ ਹਤਿਆ ਦਾ ਦੋਸ਼ ਲਾਇਆ ਗਇਆ ਜਿਸ ਦੀ ਸਜ਼ਾ ਮੌਤ ਤੋਂ ਘੱਟ ਨਹੀਂ ਸੀ। 21 ਅਕਤੂਬਰ 1989 ਨੂੰ 2. 05 ਵਜੇ ਦੋਵੇਂ ਸਿੰਘਾਂ ਨੂੰ ਜੱਜ ਨੇ ਫਾਂਸੀ ਦੇਣ ਦੇ ਹੁਕਮ ਸੁਣਾ ਦਿੱਤੇ, ਜਿਸ ਦਾ ਸੁਆਗਤ ਦੋਵੇਂ ਸਿੰਘਾਂ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।' ਦੇ ਜੈਕਾਰਿਆਂ ਅਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਕੀਤਾ।

ਭਾਈ ਜਿੰਦਾ ਅਤੇ ਭਾਈ ਸੁੱਖਾ ਜੀ ਨੇ ਆਪਣੀ ਸਜ਼ਾ ਦੇ ਵਿਰੁਧ ਅਗਾਂਹ (ਹਾਈਕੋਰਟ 'ਚ) ਕੋਈ ਅਪੀਲ ਦਰਜ ਨਹੀਂ ਕੀਤੀ ਪਰ ਬਹੁਤ ਸਿੱਖ ਜਥੇਬੰਦੀਆਂ ਨੇ ਦੋਵੇਂ ਸਿੰਘਾਂ ਦੇ ਹੱਕ ਚ ਅਰਜ਼ੀਆਂ ਪਾਈਆਂ ਪਰ 9 ਅਕਤੂਬਰ 1992 ਨੂੰ ਕੋਰਟ ਨੇ ਉਨ੍ਹਾਂ ਅਰਜ਼ੀਆਂ ਨੂੰ ਨਾਂ ਮਨਜ਼ੂਰ ਕਰਦਿਆਂ ਰੱਦ ਕਰ ਦਿੱਤਾ।

ਯਾਰਵੜਾ ਦੀ ਜੇਲ 'ਚ ਭਾਈ ਜਿੰਦਾ ਜੀ ਅਤੇ ਭਾਈ ਸੁੱਖ ਜੀ ਨੂੰ 9 ਅਕਤੂਬਰ 1992 (ਸਵੇਰੇ 4 ਵਜੇ) ਫਾਂਸੀ 'ਤੇ ਚੜ੍ਹਾ ਦਿੱਤਾ ਗਿਆ ਇਸ ਤੋਂ ਪਹਿਲਾਂ ਉਨ੍ਹਾਂ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਲਗਾਏ। ਦੋਵੇਂ ਸਿੰਘਾਂ ਨੂੰ 30 ਮਿੰਟਾਂ ਤੱਕ ਹਵਾ 'ਚ ਲਟਕਦਿਆਂ ਰੱਖਿਆ ਗਿਆ, ਉਸ ਤੋਂ ਬਾਅਦ ਹੀ ਥੱਲੇ ਉਤਾਰਿਆ ਗਿਆ। ਉਸ ਦਿਨ ਪੂਰੇ ਉੱਤਰ ਭਾਰਤ ਨੂੰ ਹਾਈ ਅਲਰਟ ਕੀਤਾ ਹੋਇਆ ਸੀ।

ਭਾਈ ਜਿੰਦਾ ਜੀ ਅਤੇ ਭਾਈ ਸੁਖਾ ਜੀ ਦੇ ਅੰਤਿਮ ਸੰਸਕਾਰ ਮੁਲਾ ਦਰਿਆ ਦੇ ਕੰਢੇ 'ਤੇ 4 ਉਪ ਪੁਲਿਸ ਆਯੁਕਤ, 10 ਜੂਨਿਯਰ ਆਯੁਕਤ, 14 ਨਿਰੀਕ੍ਸ਼ਕ, 145 ਜੂਨਿਯਰ ਨਿਰੀਕ੍ਸ਼ਕ, 1275 ਹੋਰ ਅਧਿਕਾਰੀਆਂ ਦੀ ਤਾਇਨਾਤੀ ਹੇਠ ਸਵੇਰੇ 6.30 ਵਜੇ ਕੀਤੇ ਗਏ।

ਉਸ ਦਿਨ ਪੰਜਾਬ ਸਮੇਤ ਭਾਰਤ ਦੇ ਬਾਕੀ ਰਾਜਾਂ 'ਚ ਵੀ ਭਾਰੀ ਵਿਰੋਧ ਕੀਤੇ ਗਏ। ਸਿੱਖ ਸੰਗਤਾਂ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਵਿਖੇ ਇਕੱਠੀਆਂ ਹੋਈਆ ਜਿੱਥੋਂ ਭਾਰਤੀ ਫੋਰਸਾਂ ਨੇ 300 ਦੇ ਲਗਭਗ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਭਾਈ ਜਿੰਦਾ ਤੇ ਭਾਈ ਸੁੱਖਾ ਜੀ ਨੇ ਰਾਸਟਰਪਤੀ ਨੂੰ ਲਿਖੇ ਆਪਣੇ ਪੱਤ੍ਰ ਵਿੱਚ ਖਾਲਸਤਾਨੀ ਸੰਘਰਸ਼ ਦੀ ਤਰਜਮਾਨੀ ਕਰਦਿਆਂ ਬੜੇ ਫ਼ਖ਼ਰ ਨਾਲ ਲਿਖਿਆ ਸੀ: 'ਜਦੋਂ ਕੌਮਾਂ ਜਾਗਦੀਆਂ ਹਨ ਤਾਂ ਇਤਿਹਾਸ ਨੂੰ ਕੰਬਣੀ ਛਿੜ ਜਾਂਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਨੇ ਸਮੁੱਚੀ ਕੌਮ ਨੂੰ ਉਸ ਦੇ ਫ਼ਰਜ਼ ਦੀ ਯਾਦ ਕਰਵਾਈ ਹੈ ਤੇ ਹੁਣ ਕੌਮ ਨੇ ਤੁਹਾਡੀ ਗੁਲਾਮੀ ਦਾ ਜੂਲਾ ਪਰ੍ਹਾਂ ਵਗਾਹ ਕੇ ਖਾਲਿਸਤਾਨ ਦੀ ਮੰਜ਼ਲ ਵੱਲ ਚੜ੍ਹਾਈ ਕੀਤੀ ਹੋਈ ਹੈ।'

ਖਾਲਸਾ ਜੀ ! ਆਪਣੇ ਕੌਮੀ ਫ਼ਰਜ਼ਾਂ ਦੀ ਪਛਾਣ ਕਰੀਏ। ਇਹੀ ਇਨ੍ਹਾਂ ਦੋ ਮਰਜੀਵੜਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ: 'ਜਿਸ ਸਾਨ ਸੇ ਕੋਈ ਮੁਕਤਲ ਮੇਂ ਗਿਆ, ਵੋਹ ਸਾਨ ਸਲਾਮਤ ਰਹਤੀ ਹੈ। ਇਸ ਜਾਨ ਕੀ ਤੋ ਕੋਈ ਬਾਤ ਨਹੀਂ, ਯੇ ਜਾਨ ਤੋ ਆਨੀ-ਜਾਨੀ ਹੈ।'



# ਸਿੱਖੀ ਸਰੂਪ ’ਚ ਸਰਦਾਰ ਇੰਡੀਅਨ ਹਾਕੀ ਟੀਮ ’ਚ ਗੋਲਡ ਮੈਡਲ ਜਿੱਤਣ ਵਾਲੀ ਟੀਮ ਨੇ ਜਪਾਨ ਨੂੰ 5-1 ਨਾਲ ਹਰਾਇਆ










ਅੰਮ੍ਰਿਤਸਰ ਤੋਂ ਖਾਲਸਾ ਅਕੈਡਮੀ ਮਹਿਤਾ ਦਾ ਵਿਦਿਆਰਥੀ ਜਰਮਨਪ੍ਰੀਤ ਸਿੰਘ ਹੈ ਜਿਸ ਨੇ ਆਪਣੀ ਮੁੱਢਲੀ 10 ਤੱਕ ਦੀ ਪੜ੍ਹਾਈ ਜਥੇਬੰਦੀ ਦੇ ਅਦਾਰੇ ਤੋਂ ਪ੍ਰਾਪਤ ਕੀਤੀ। ਭਾਰਤ ਦੀ ਟੀਮ ਵਿਚ ਰਹਿੰਦਿਆਂ ਹੋਇਆ ਵੀ ਸਾਬਤ ਸੂਰਤ ਸਿੱਖੀ ਸਰੂਪ ਵਿੱਚ ਹੈ।

ਏਸ਼ੀਆਈ ਖੇਡਾਂ ਇੰਡੀਆ ਹਾਕੀ ਟੀਮ ਨੇ ਜਪਾਨ ਨੂੰ 5-1 ਨਾਲ ਹਰਾ ਕੇ ਸੋਨੇ ਦਾ ਤਗਮਾ ਜਿੱਤਿਆ ਅਤੇ ਪੈਰਿਸ ਓਲੰਪਿਕ ਲਈ ਟੀਮ ’ਚ ਵਿੱਚ ਸ਼ਾਮਿਲ ਹੋਏ। ਜਪਾਨ ਨੂੰ 6-1 ਨਾਲ ਹਰਾ ਕੇ ਏਸ਼ੀਅਨ ਖੇਡਾਂ ਵਿੱਚ ਗੋਲਡ ਮੈਡਲ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦਾ ਖੁੱਲ੍ਹੀ ਦਾੜ੍ਹੀ ਵਾਲਾ ਪੂਰਾ ਸਰਦਾਰ ਜਰਮਨਪ੍ਰੀਤ ਸਿੰਘ ਇੱਕ ਭਾਰਤੀ ਫੀਲਡ ਹਾਕੀ ਖਿਡਾਰੀ ਹੈ ਜੋ ਇੱਕ ਡਿਫੈਂਡਰ ਵਜੋਂ ਖੇਡਦਾ ਹੈ।

ਉਸਨੇ ਬ੍ਰੇਡਾ ਵਿੱਚ 2018 ਪੁਰਸ਼ ਹਾਕੀ ਚੈਂਪੀਅਨਜ਼ ਟਰਾਫੀ ਵਿੱਚ ਆਪਣੀ ਅੰਤਰਰਾਸ਼ਟਰੀ ਸ਼ੁਰੂਆਤ ਕੀਤੀ ਜਿੱਥੇ ਭਾਰਤ ਨੇ ਚਾਂਦੀ ਦਾ ਤਗਮਾ ਜਿੱਤਿਆ। ਆਖਰਕਾਰ ਉਸਨੇ ਹਾਂਗਜ਼ੂ ਵਿੱਚ 2022 ਦੀਆਂ ਏਸ਼ੀਆਈ ਖੇਡਾਂ ਵਿੱਚ ਸੋਨ ਤਗਮਾ ਜਿੱਤਿਆ। ਉਸ ਨੂੰ ਅਗਲੇ ਸਾਲ ਫਰਾਂਸ ਓਲੰਪਿਕ ਵਿਚ ਜਾਣ ਲਈ ਚੁਣਿਆ ਗਿਆ ਹੈ।

## ਏਸ਼ਿਆਈ ਖੇਡਾਂ ਵਿੱਚ ਸੋਨ ਤ.ਗਮਾ ਜਿੱਤਣ ਵਾਲੇ ਭਾਰਤੀ ਪੁਰਸ਼ ਹਾਕੀ ਟੀਮ ਦਾ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ’ਤੇ ਨਿੱਘਾ ਸਵਾਗਤ





ਭਾਰਤੀ ਪੁਰਸ਼ ਹਾਕੀ ਟੀਮ ਦੇ ਗੋਲਕੀਪਰ ਪੀਆਰ ਸ਼੍ਰੀਜੇਸ਼ ਏਸ਼ਿਆਈ ਖੇਡਾਂ ਵਿੱਚ ਸੋਨ ਤ.ਗਮਾ ਜਿੱਤਣ ਤੋਂ ਬਾਅਦ ਆਈਜੀਆਈ ਹਵਾਈ ਅੱਡੇ ’ਤੇ ਪੁੱਜੇ।



ਭਾਰਤੀ ਪੁਰਸ਼ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਏਸ਼ੀਆਈ ਖੇਡਾਂ ਵਿੱਚ ਸੋਨ ਤਮਗਾ ਜਿੱਤਣ ਤੋਂ ਬਾਅਦ ਆਈਜੀਆਈ ਹਵਾਈ ਅੱਡੇ ’ਤੇ ਪੁੱਜੇ।




ਚੀਨ ’ਚ ਹੋਈਆਂ ਏਸ਼ੀਆਈ ਖੇਡਾਂ ’ਚ ਕਾਂਸੀ ਦਾ ਤਗਮਾ ਜਿੱਤਣ ਤੋਂ ਬਾਅਦ ਸੋਮਵਾਰ ਨੂੰ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਪਹੁੰਚਣ ’ਤੇ ਭਾਰਤੀ ਮਹਿਲਾ ਹਾਕੀ ਟੀਮ ਦੀ ਖਿਡਾਰਨ ਦਾ ਨਿੱਘਾ ਸਵਾਗਤ ਕੀਤਾ ਗਿਆ।

## ਅਗਲੀਆਂ ਏਸ਼ੀਆਈ ਖੇਡਾਂ ’ਚ ਹੋਰ ਬਿਹਤਰ ਪ੍ਰਦਰਸ਼ਨ ਕਰਾਂਗੇ: ਮੋਦੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਖਿਡਾਰੀਆਂ ਨੂੰ ਉੱਚੀਆਂ ਮੰਜ਼ਿਲਾਂ ਸਰ ਕਰਨ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿੱਚ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਅਤੇ ਭਰੋਸਾ ਜਤਾਇਆ ਕਿ ਅਗਲੀਆਂ ਏਸ਼ਿਆਈ ਖੇਡਾਂ ਵਿੱਚ ਦੇਸ਼ ਹਾਂਗਜ਼ੂ ਖੇਡਾਂ ਤੋਂ ਵੀ ਬਿਹਤਰ ਪ੍ਰਦਰਸ਼ਨ ਕਰੇਗਾ। ਭਾਰਤੀ ਖਿਡਾਰੀਆਂ ਨੇ ਮਹਾਦੀਪੀ ਖੇਡਾਂ ਦੇ ਇਤਿਹਾਸ ਵਿੱਚ ਆਪਣਾ ਹੁਣ ਤੱਕ ਦਾ ਸਰਬੋਤਮ ਪ੍ਰਦਰਸ਼ਨ ਕਰਦਿਆਂ 28 ਸੋਨ ਸਮੇਤ 107 ਤਗਮੇ ਜਿੱਤੇ ਹਨ। ਮੋਦੀ ਨੇ ਮਹਿਲਾ ਖਿਡਾਰਨਾਂ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ 660 ਮੈਂਬਰੀ ਦਲ ਵੱਲੋਂ ਹਾਸਲ ਕੀਤੇ ਗਏ ਅੱਧੇ ਤਗਮੇ ਜਿੱਤੇ। ਅੱਜ ਇੱਥੇ ਏਸ਼ਿਆਈ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਦਲ ਦਾ ਸਨਮਾਨ ਕਰਦਿਆਂ ਮੋਦੀ ਨੇ ਕਿਹਾ, “ਸਰਕਾਰ ਖਿਡਾਰੀਆਂ ਨੂੰ ਬਿਹਤਰੀਨ ਸਹੂਲਤਾਂ ਦੇਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਤੁਸੀਂ 100 ਮੈਡਲਾਂ ਦਾ ਅੰਕੜਾ ਪਾਰ ਕਰ ਲਿਆ ਹੈ। ਅਗਲੀ ਵਾਰ ਅਸੀਂ ਇਹ ਰਿਕਾਰਡ ਵੀ ਤੋੜਾਂਗੇ। ਪੈਰਿਸ (ਓਲੰਪਿਕ) ਲਈ ਸਖ਼ਤ



ਮਿਹਨਤ ਕਰੋ।” ਅਗਲੀਆਂ ਏਸ਼ਿਆਈ ਖੇਡਾਂ 2026 ਵਿੱਚ ਜਾਪਾਨ ਵਿੱਚ ਹੋਣਗੀਆਂ। ਮੋਦੀ ਨੇ ਕਿਹਾ, “ਖਿਡਾਰੀਆਂ ਨੇ ਆਪਣਾ ਸਰਬੋਤਮ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ। ਭਾਰਤ ਵਿੱਚ ਕਦੇ ਵੀ ਹੁਨਰ ਦੀ ਕਮੀ ਨਹੀਂ ਸੀ। ਜਿੱਤਣ ਦੀ ਤਾਂਘ ਹਮੇਸ਼ਾ ਰਹਿੰਦੀ ਸੀ। ਉਹ ਪਹਿਲਾਂ ਵੀ ਚੰਗਾ ਪ੍ਰਦਰਸ਼ਨ ਕਰਦੇ ਸਨ ਪਰ ਉਨ੍ਹਾਂ ਦੇ ਰਾਹ ਵਿੱਚ ਕਈ ਰੁਕਾਵਟਾਂ ਸਨ। 2014 ਤੋਂ ਬਾਅਦ ਭਾਰਤੀ ਖਿਡਾਰੀਆਂ ਨੂੰ ਵਿਦੇਸ਼ਾਂ ਵਿੱਚ ਬਿਹਤਰੀਨ ਸਿਖਲਾਈ, ਸਹੂਲਤਾਂ ਅਤੇ ਮੁਕਾਬਲੇ ਮਿਲ ਰਹੇ ਹਨ।” ਪ੍ਰਧਾਨ ਮੰਤਰੀ ਨੇ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੇ ਹਰ ਐਥਲੀਟ ਨੂੰ ‘ਗੋਟ’ (ਗਰੇਟੈਸਟ ਆਫ ਆਲ ਟਾਈਮ) ਕਿਹਾ। ਉਨ੍ਹਾਂ ਮੈਡਲ ਜੇਤੂਆਂ ਨੂੰ ਸਕੂਲਾਂ ਵਿੱਚ ਨਸ਼ਿਆਂ ਅਤੇ ਡੋਪਿੰਗ ਬਾਰੇ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ।









ਭਾਰਤੀ ਮਹਿਲਾ ਹਾਕੀ ਟੀਮ ਨੇ ਸੋਮਵਾਰ ਨੂੰ ਨਵੀਂ ਦਿੱਲੀ ’ਚ ਚੀਨ ’ਚ ਹੋਈਆਂ ਏਸ਼ੀਆਈ ਖੇਡਾਂ ’ਚ ਕਾਂਸੀ ਦਾ ਤਗਮਾ ਜਿੱਤਣ ਤੋਂ ਬਾਅਦ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਪਹੁੰਚਣ ’ਤੇ ਗਰੁੱਪ ਫੋਟੋ ਲਈ ਪੋਜ਼ ਦਿੱਤਾ।


# ਦੋਆਬਾ ਸਕੂਲ ਮਾਹਿਲਪੁਰ ਵਿੱਚ ਵੱਜੇ ਖ਼ੁਸ਼ੀ ਦੇ ਢੋਲ ਦੋਆਬਾ ਸਕੂਲ ਦਾ ਮਾਣ, ਮਾਹਿਲਪੁਰ ਦੀ ਸ਼ਾਨ : ਹਰਮਿਲਨ ਕੌਰ ਬੈਂਸ



ਹੁਸ਼ਿਆਰਪੁਰ (ਦਲਜੀਤ ਅਜਨੋਹਾ) : ਦੋਆਬਾ ਪਬਲਿਕ ਸਕੂਲ ਮਾਹਿਲਪੁਰ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਜਦੋਂ ਇਸ ਸਕੂਲ ਦੀ ਵਿਦਿਆਰਥਣ ਹਰਮਿਲਨ ਬੈਂਸ ਨੇ ਹਾਂਗਜ਼ੂ ਵਿਖੇ ਚੱਲ ਰਹੀਆਂ ਏਸ਼ੀਆਈ ਖੇਡਾਂ ਵਿੱਚ ਔਰਤਾਂ ਦੇ 800 ✡ ਐਥਲੈਟਿਕਸ ਵਰਗ ਵਿੱਚ ਭਾਰਤ ਲਈ ਚਾਂਦੀ ਦਾ ਤਗਮਾ ਜਿੱਤ ਕੇ ਪੂਰੇ ਦੇਸ਼ ਦਾ ਮਾਣ ਵਧਾਇਆ। ਦੋਆਬਾ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਗਿੱਲ ਜੀ ਨੇ ਅੰਤਰਰਾਸ਼ਟਰੀ ਐਥਲੀਟ ਅਮਨਦੀਪ ਬੈਂਸ ਅਤੇ ਅਰਜੁਨਾ ਅਵਾਰਡ ਜੇਤੂ ਮਾਧੁਰੀ ਏ. ਸਿੰਘ ਦੀ ਬੇਟੀ ਦੀ ਮਾਣਮੱਤੀ ਪ੍ਰਾਪਤੀ ਤੇ ਦਾਦੀ ਗੁਰਮੀਤ ਕੌਰ ਜੀ ਸਮੇਤ ਸਮੂਹ ਪਰਿਵਾਰ, ਇਲਾਕਾ ਵਾਸੀਆ ਨੂੰ ਵਧਾਈ ਦਿੱਤੀ ਤੇ ਮਾਣ ਮਹਿਸੂਸ ਕਰਦਿਆ ਦੱਸਿਆ ਕਿ ਦੋਆਬਾ ਸਕੂਲ ਦੀ ਹੋਣਹਾਰ ਵਿਦਿਆਰਥਣ ਨੇ ਸਕੂਲ ਦਾ ਸਿਰ ਸ਼ਾਨ ਨਾਲ ਉੱਚਾ ਕਰ ਦਿੱਤਾ। ਡੀਨ ਹਰਪ੍ਰੀਤ ਕੌਰ ਜੀ ਨੇ ਇਸ ਮੌਕੇ ਤੇ ਸਕੂਲ ਵਿੱਚ ਲੱਡੂ ਵੰਡੇ ਤੇ ਕਿਹਾ ਕਿ ਧੀਆਂ ਕਿਸੇ ਨਾਲੋਂ ਘੱਟ ਨਹੀਂ, ਜੇਕਰ ਉਨ੍ਹਾਂ ਦੇ ਸਹੀ ਰਾਹ ਦਸੇਰੇ ਬਣ ਕੇ ਸਹੀ ਮਾਰਗ ਦਰਸਾਇਆ ਜਾਵੇ ਤਾਂ ਉਹ ਹਰਮਿਲਨ ਵਾਂਗ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਦੀਆਂ ਹਨ। ਪ੍ਰਿੰ. ਅਰੁਣ ਗੁਪਤਾ ਜੀ ਨੇ ਖ਼ੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਦੋਆਬਾ ਪਬਲਿਕ ਸਕੂਲ ਮਾਹਿਲਪੁਰ ਦੀ ਵਿਦਿਆਰਥਣ ਦਾ ਇਸ ਮੁਕਾਮ ਤੱਕ ਪੁੱਜਣਾ ਬਾਕੀ ਵਿਦਿਆਰਥੀਆ ਲਈ ਵੀ ਪ੍ਰੇਰਣਾ ਸ੍ਰੋਤ ਹੈ। ਇਸ ਮੌਕੇ ਤੇ ਮੈਡਮ ਸੁਖਵਿੰਦਰ ਕੌਰ ਗਿੱਲ, ਪੂਜਾ ਰਾਣੀ, ਸ਼ੈਲੀ ਸ਼ਰਮਾ, ਅਜੈ ਕੁਮਾਰੀ, ਦੀਪਿਕਾ, ਪੂਨਮ, ਵਿਨੈ ਕੁਮਾਰ, ਜਸਦੀਪ ਸਿੰਘ ,ਕਮਲਦੀਪ ਸਿੰਘ ਤੇ ਰਜਨੀ ਸਮੇਤ ਸਮੂਹ ਸਟਾਫ ਨੇ ਵਧਾਈ ਦਿੱਤੀ।

# ਹਾਂਗਜ਼ੂ ਵਿੱਚ ਏਸ਼ਿਆਈ ਖੇਡਾਂ ਸਮਾਪਤ ਹੋਈਆਂ

ਹਾਂਗਜ਼ੂ : ਜਾਪਾਨ ਦੇ ਆਇਚੀ-ਨਾਗੋਆ 'ਚ ਮਿਲਣ ਦੇ ਵਾਅਦੇ ਨਾਲ ਹਾਂਗਜ਼ੂ ਏਸ਼ਿਆਈ ਖੇਡਾਂ ਅੱਜ ਸਮਾਪਤ ਹੋ ਗਈਆਂ ਹਨ। ਅਥਲੀਟਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਅਤੇ ਚੀਨ ਦੀ ਸੱਭਿਆਚਾਰਕ ਵਿਰਾਸਤ ਦਰਸਾਉਂਦੇ ਰੰਗਾਰੰਗ ਅਤੇ ਤਕਨੀਕੀ ਤੌਰ 'ਤੇ ਸ਼ਾਨਦਾਰ ਪ੍ਰੋਗਰਾਮ ਨਾਲ ਇਨ੍ਹਾਂ ਖੇਡਾਂ ਦੀ ਸਮਾਪਤ ਹੋਈ। ਓਲੰਪਿਕ ਕੌਂਸਲ ਆਫ ਏਸ਼ੀਆ (ਓਸੀਏ) ਦੇ ਕਾਰਜਕਾਰੀ ਮੁਖੀ ਰਣਧੀਰ ਸਿੰਘ ਨੇ ਸਮਾਪਤੀ ਦਾ ਐਲਾਨ ਕੀਤਾ। ਤਗਮਾ ਸੂਚੀ ਵਿੱਚ ਇਸ ਵਾਰ ਫਿਰ ਚੀਨ ਦਾ ਦਬਦਬਾ ਰਿਹਾ। ਚੀਨ ਨੇ 201 ਸੋਨ, 111 ਚਾਂਦੀ ਅਤੇ 71 ਕਾਂਸੀ ਦੇ ਤਗਮੇ ਜਿੱਤੇ। ਇਸੇ ਤਰ੍ਹਾਂ ਜਾਪਾਨ 52 ਸੋਨ, 67 ਚਾਂਦੀ ਅਤੇ 69 ਕਾਂਸੇ ਦੇ ਤਗਮਿਆਂ ਨਾਲ ਦੂਜੇ ਅਤੇ ਦੱਖਣੀ ਕੋਰੀਆ 42 ਸੋਨ, 59 ਚਾਂਦੀ ਤੇ 89 ਕਾਂਸੇ ਦੇ ਤਗਮਿਆਂ ਨਾਲ ਤੀਜੇ ਸਥਾਨ 'ਤੇ ਰਿਹਾ। ਭਾਰਤ ਨੇ 107 ਤਗਮਿਆਂ (28 ਸੋਨੇ, 38 ਚਾਂਦੀ, 41 ਕਾਂਸੇ) ਦੇ ਰਿਕਾਰਡ ਨਾਲ ਚੌਥਾ ਸਥਾਨ ਹਾਸਲ ਕੀਤਾ।




### ਮੂਸੇਵਾਲਾ ਕਤਲ ਕਾਂਡ 'ਚ ਹੁਣ ਤਕ ਦਾ ਸਭ ਤੋਂ ਵੱਡਾ ਖ਼ੁਲਾਸਾ

# ਲਾਰੈਂਸ ਨੇ ਮੂਸੇਵਾਲਾ ਨੂੰ ਕਬੱਡੀ ਕੱਪ 'ਚ ਜਾਣ ਤੋਂ ਕੀਤਾ ਸੀ ਮਨਾ

ਮਾਨਸਾ : ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ 'ਚ ਪੁਲਸ ਰਿਮਾਂਡ 'ਤੇ ਚੱਲ ਰਹੇ ਗੈਂਗਸਟਰ ਸਚਿਨ ਬਿਸ਼ਨੋਈ ਨੇ ਪੁੱਛਗਿੱਛ ਦੌਰਾਨ ਹੁਣ ਤਕ ਦਾ ਸਭ ਤੋਂ ਵੱਡਾ ਖ਼ੁਲਾਸਾ ਕੀਤਾ ਹੈ। ਸਿੱਧੂ ਮੂਸੇਵਾਲਾ ਅਤੇ ਲਾਰੈਂਸ ਬਿਸ਼ਨੋਈ ਵਿਚਾਲੇ ਵਿਵਾਦ ਕਬੱਡੀ ਕੱਪ ਨੂੰ ਲੈ ਕੇ ਸ਼ੁਰੂ ਹੋਇਆ ਸੀ, ਇਹ ਕਬੱਡੀ ਕੱਪ ਬੰਬੀਹਾ ਗੈਂਗ ਦੇ ਲੱਕੀ ਪਟਿਆਲ ਵਲੋਂ ਕਰਵਾਇਆ ਜਾ ਰਿਹਾ ਸੀ। ਸੂਤਰਾਂ ਮੁਤਾਬਕ ਸਚਿਨ ਬਿਸ਼ਨੋਈ ਨੇ ਦੱਸਿਆ ਕਿ ਅਗਸਤ 2021 'ਚ ਉਹ ਅਤੇ ਲਾਰੈਂਸ ਬਿਸ਼ਨੋਈ ਅਜਮੇਰ ਜੇਲ੍ਹ 'ਚ ਬੰਦ ਸੀ, ਇੱਥੇ ਉਸ ਨੂੰ ਪਤਾ ਲੱਗਾ ਕਿ ਸਿੱਧੂ ਮੂਸੇਵਾਲਾ ਦਾ ਕਤਲ ਹੋਵੇਗਾ। ਗੈਂਗਸਟਰ ਸਚਿਨ ਬਿਸ਼ਨੋਈ ਨੇ ਦੱਸਿਆ ਕਿ ਲਾਰੈਂਸ ਬਿਸ਼ਨੋਈ ਨੇ ਸਿੱਧੂ ਮੂਸੇਵਾਲਾ ਨੂੰ ਕਬੱਡੀ ਕੱਪ ਭਾਗੋ ਮਾਜਰਾ ਵਿਚ ਹੋਣਾ ਸੀ, 'ਚ ਜਾਣ ਤੋਂ ਮਨ੍ਹਾ ਕੀਤਾ ਸੀ। ਦਰਅਸਲ ਇਹ ਕਬੱਡੀ ਕੱਪ ਬੰਬੀਹਾ ਗੈਂਗ ਦੇ ਲੱਕੀ ਪਟਿਆਲ ਵੱਲੋਂ ਕਰਵਾਇਆ ਜਾ ਰਿਹਾ ਸੀ, ਉਹ ਸਾਡਾ ਦੁਸ਼ਮਣ ਹੈ ਪਰ ਲਾਰੈਂਸ ਦੇ ਕਹਿਣ ਦੇ ਬਾਵਜੂਦ ਸਿੱਧੂ ਮੂਸੇਵਾਲਾ ਉੱਥੇ ਚਲਾ ਗਿਆ।





**ਲਾਰੈਂਸ 'ਤੇ ਮੂਸੇਵਾਲਾ ਵਿਚਾਲੇ ਫੋਨ 'ਤੇ ਹੋਈ ਸੀ ਬਹਿਸ :** ਉਕਤ ਨੇ ਦੱਸਿਆ ਕਿ ਇਸ ਤੋਂ ਬਾਅਦ ਲਾਰੈਂਸ ਨੇ ਸਿੱਧੂ ਮੂਸੇਵਾਲਾ ਨੂੰ ਫੋਨ ਕੀਤਾ ਅਤੇ ਪੁੱਛਿਆ ਕਿ ਤੂੰ ਰੋਕਣ ਦੇ ਬਾਵਜੂਦ ਕਬੱਡੀ ਕੱਪ ਵਿਚ ਕਿਉਂ ਗਿਆ। ਲਾਰੈਂਸ ਬਿਸ਼ਨੋਈ ਨੇ ਸਿੱਧੂ ਮੂਸੇਵਾਲਾ ਨੂੰ ਗਾਲ੍ਹਾਂ ਕੱਢੀਆਂ ਸਨ। ਸਿੱਧੂ ਮੂਸੇਵਾਲਾ ਨੇ ਵੀ ਜਵਾਬ ਵਿਚ ਇਹੋ ਕੁਝ ਕੀਤਾ। ਇਸ ਤੋਂ ਬਾਅਦ ਲਾਰੈਂਸ ਬਿਸ਼ਨੋਈ ਨੇ ਗੋਲਡੀ ਬਰਾੜ ਨੂੰ ਇਸ ਬਾਰੀ ਕਿਹਾ ਜਦੋਂ ਗੋਲਡੀ ਬਰਾੜ ਨੇ ਸਿੱਧੂ ਮੂਸੇਵਾਲਾ ਨੂੰ ਫ਼ੋਨ 'ਤੇ ਪੁੱਛਿਆ ਕਿ ਉਹ ਇਨਕਾਰ ਕਰਨ ਦੇ ਬਾਵਜੂਦ ਕਬੱਡੀ ਕੱਪ 'ਚ ਕਿਉਂ ਗਿਆ ਤਾਂ ਮੂਸੇਵਾਲਾ ਨੇ ਕਿਹਾ ਕਿ ਜੇਕਰ ਤੁਸੀਂ ਕੋਈ ਹੋਰ ਗੱਲ ਕਰਨੀ ਚਾਹੁੰਦੇ ਹੋ ਤਾਂ ਕਰੋ ਅਤੇ ਆਪਣੇ ਬਾਪ ਨੂੰ ਬੋਲ ਦਿਓ ਜੋ ਕਰਨਾ ਹੈ ਕਰ ਲਵੋ। ਮੈਂ ਆਪਣੀ ਮਰਜ਼ੀ ਦਾ ਮਾਲਕ ਹੈ। ਸਚਿਨ ਬਿਸ਼ਨੋਈ ਦਾ ਕਹਿਣਾ ਹੈ ਕਿ ਉਸੇ ਸਮੇਂ ਤੋਂ ਮੂਸੇਵਾਲਾ ਦੇ ਕਤਲ ਦੀ ਪਲਾਨਿੰਗ ਸ਼ੁਰੂ ਹੋ ਗਈ ਸੀ।

# ਜਲੰਧਰ 'ਚ ਤੂਫਾਨ ਤੇ ਮੀਂਹ ਕਾਰਨ ਹੋਇਆ ਨੁਕਸਾਨ




ਜਲੰਧਰ 'ਚ ਤੂਫਾਨ ਤੇ ਮੀਂਹ ਕਾਰਨ ਫਾਇਰ ਬ੍ਰਿਗੇਡ ਤੇ ਫਲੈਟ 'ਤੇ ਦਰੱਖਤ ਡਿੱਗੇ। ਪਾਣੀ ਭਰਨ ਅਤੇ ਤਾਰਾਂ ਟੁੱਟਣ ਕਾਰਨ ਬਿਜਲੀ ਸਪਲਾਈ ਠੱਪ ਹੋ ਗਈ। ਜਲੰਧਰ ਸ਼ਹਿਰ 'ਚ ਦੇਰ ਰਾਤ ਤੇਜ਼ ਹਵਾਵਾਂ ਅਤੇ ਪਾਣੀ ਦੀ ਬਾਰਸ਼ ਕਾਰਨ ਕਈ ਥਾਵਾਂ 'ਤੇ ਪਾਣੀ ਭਰ ਗਿਆ। ਦੋ ਥਾਵਾਂ 'ਤੇ ਦਰੱਖਤ ਡਿੱਗਣ ਕਾਰਨ ਇੱਕ ਘਰ ਅਤੇ ਕੁਝ ਵਾਹਨਾਂ ਨੂੰ ਵੀ ਨੁਕਸਾਨ ਪੁੱਜਾ। ਹੁਸ਼ਿਆਰਪੁਰ ਨੂੰ ਜਾਂਦੀ ਸੜਕ 'ਤੇ ਲੰਮਾ ਪਿੰਡ ਚੌਕ ਤੋਂ ਅੱਗੇ ਸੀਵਰੇਜ ਲਾਈਨ ਵਿਛਾਉਣ ਲਈ ਪੁੱਟੇ ਗਏ ਨਾਲੇ ਦੀ ਮਿੱਟੀ ਸੜਕ 'ਤੇ ਆ ਗਈ। ਉੱਥੇ ਚਿੱਕੜ ਫੈਲਿਆ ਹੋਇਆ ਹੈ।

# ਈਡੀ ਵੱਲੋਂ 'ਆਪ' ਵਿਧਾਇਕ ਅਮਾਨਤਉੱਲ੍ਹਾ ਦੇ ਟਿਕਾਣਿਆਂ 'ਤੇ ਛਾਪੇ








ਨਵੀਂ ਦਿੱਲੀ : ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਸਬੰਧੀ ਅੱਜ ਦਿੱਲੀ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਅਮਾਨਤਉੱਲ੍ਹਾ ਖਾਨ ਦੇ ਟਿਕਾਣਿਆਂ 'ਤੇ ਛਾਪੇ ਮਾਰੇ। ਖਾਨ (49) ਦਿੱਲੀ ਵਿਧਾਨ ਸਭਾ ਵਿੱਚ ਓਖਲਾ ਹਲਕੇ ਦੀ ਨੁਮਾਇੰਦਗੀ ਕਰਦੇ ਹਨ। ਜਾਣਕਾਰੀ ਮੁਤਾਬਕ ਈਡੀ ਵੱਲੋਂ ਮਨੀ ਲਾਂਡਰਿੰਗ ਰੋਕੂ ਐਕਟ (ਪੀਐੱਮਐੱਲਏ) ਦੀਆਂ ਧਾਰਾਵਾਂ ਤਹਿਤ ਛਾਪੇ ਮਾਰੇ ਜਾ ਰਹੇ ਹਨ ਅਤੇ ਕਰੀਬ ਤਿੰਨ ਟਿਕਾਣਿਆਂ ਦੀ ਤਲਾਸ਼ੀ ਲਈ ਜਾ ਰਹੀ ਹੈ। ਸੰਘੀ ਜਾਂਚ ਏਜੰਸੀ ਨੇ ਦਿੱਲੀ ਵਕਫ ਬੋਰਡ ਵਿੱਚ ਗੈਰ-ਕਾਨੂੰਨੀ ਨਿਯੁਕਤੀਆਂ ਨਾਲ ਸਬੰਧਤ ਇੱਕ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਖਾਨ ਖ਼ਿਲਾਫ਼ ਸੀਬੀਆਈ ਤੇ ਦਿੱਲੀ ਦੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ (ਏਸੀਬੀ) ਦੀਆਂ ਐੱਫਆਈਆਰਜ਼ ਦਾ ਨੋਟਿਸ ਲਿਆ ਹੈ। ਖਾਨ ਨੂੰ ਦਿੱਲੀ ਏਸੀਬੀ ਨੇ ਸਤੰਬਰ 2022 ਵਿੱਚ ਗ੍ਰਿਫਤਾਰ ਕੀਤਾ ਸੀ। ਏਸੀਬੀ ਦਾ ਮਾਮਲਾ "ਦਿੱਲੀ ਵਕਫ਼ ਬੋਰਡ ਦੇ ਕੰਮਕਾਜ ਵਿੱਚ ਵਿੱਤੀ ਅਤੇ ਹੋਰ ਬੇਨਿਯਮੀਆਂ ਨਾਲ ਸਬੰਧਤ ਹੈ।" ਏਸੀਬੀ ਦੀ ਐੱਫਆਈਆਰ ਵਿੱਚ ਦੋਸ਼ ਲਾਇਆ ਗਿਆ ਹੈ ਕਿ ਖਾਨ ਨੇ ਦਿੱਲੀ ਵਕਫ਼ ਬੋਰਡ ਦੇ ਚੇਅਰਮੈਨ ਵਜੋਂ ਸੇਵਾ ਕਰਦਿਆਂ ਸਾਰੇ ਨਿਯਮਾਂ ਅਤੇ ਸਰਕਾਰੀ ਨਿਰਦੇਸ਼ਾਂ ਦੀ ਉਲੰਘਣਾ ਕਰਦੇ ਹੋਏ ਗੈਰ-ਕਾਨੂੰਨੀ ਰੂਪ 'ਚ 32 ਲੋਕਾਂ ਦੀ ਭਰਤੀ ਕੀਤੀ ਸੀ। ਉਨ੍ਹਾਂ 'ਤੇ ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਦਾ ਵੀ ਦੋਸ਼ ਲਾਇਆ ਗਿਆ ਹੈ।

# ਸਿੱਖ ਕੌਮ ਦਾ ਮਾਣ-ਪੰਥ ਰਤਨ ਭਾਈ ਗੁਰਮੇਜ ਸਿੰਘ



ਸ੍ਰੀ ਅਕਾਲ ਤਖਤ ਸਾਹਿਬ ਵਿਖੇ ਭਾਈ ਗੁਰਮੇਜ ਸਿੰਘ ਨੂੰ ਸ਼੍ਰੋਮਣੀ ਕਮੇਟੀ ਵਲੋਂ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼।

**ਸਰਬਜੀਤ ਸਿੰਘ ਜਰਮਨੀ**

ਭਾਈ ਗੁਰਮੇਜ ਸਿੰਘ ਸਿੱਖ ਰਤਨ, ਸ਼੍ਰੋਮਣੀ ਹਜ਼ੂਰੀ ਰਾਗੀ, ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ ਸਾਹਿਬ) ਸਮੁੱਚੀ ਸਿੱਖ ਕੌਮ ਦਾ ਮਾਣ ਹਨ। ਭਾਈ ਸਾਹਿਬ ਸਿੱਖ ਪੰਥ 'ਚ ਉਹ ਮਿਸਾਲ ਹਨ ਜਿਨ੍ਹਾਂ ਨੂੰ ਕੁਦਰਤ ਵਲੋਂ ਮਿਲੇ ਸਰੀਰ 'ਚੋਂ ਇਕ ਭਿਆਨਕ ਬਿਮਾਰੀ ਲੱਗਣ ਨਾਲ ਬਚਪਨ 'ਚ ਹੀ ਅੱਖਾਂ ਦੀ ਰੌਸ਼ਨੀ ਚਲੀ ਗਈ ਸੀ ਪਰ ਨਾਲ ਹੀ ਕੁਦਰਤ ਨੇ ਅਜਿਹੀ ਅੰਦਰੂਨੀ, ਰੂਹਾਨੀਅਤ ਦੀ ਰੌਸ਼ਨੀ ਨਾਲ ਨਿਵਾਜਿਆ ਕਿ ਭਾਈ ਸਾਹਿਬ ਆਪਣੇ ਨਾਲ-ਨਾਲ ਲੱਖਾਂ ਨੇਤਰਹੀਣ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਨੂੰ ਦੁਨਿਆਵੀ ਦੇ ਨਾਲ-ਨਾਲ ਰੂਹਾਨੀ ਸੋਝੀ ਦੇਣ ਲਈ ਸਹਾਇਕ ਸਿੱਧ ਹੋਏ। ਭਾਈ ਸਾਹਿਬ ਦਾ ਜਨਮ 10 ਸਤੰਬਰ, 1940 ਨੂੰ ਮਾਤਾ ਰਾਜ ਕੌਰ ਅਤੇ ਪਿਤਾ ਸਰਦਾਰ ਪਰਸਾ ਸਿੰਘ ਦੇ ਗ੍ਰਹਿ ਪਿੰਡ ਬਜੀਦਪੁਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਵਿਖੇ ਹੋਇਆ। ਭਾਈ ਸਾਹਿਬ ਮੁਢਲੀ ਸਿੱਖਿਆ ਪਿੰਡ ਬਜੀਦਪੁਰ ਸਰਕਾਰੀ ਸਕੂਲ ਤੋਂ ਲੈ ਰਹੇ ਸਨ ਕਿ ਅਚਾਨਕ ਅੱਠ ਸਾਲ ਦੀ ਉਮਰ 'ਚ 1948 ਨੂੰ ਭਿਆਨਕ ਬਿਮਾਰੀ ਚੇਚਕ ਨਾਲ ਉਨ੍ਹਾਂ ਦੇ ਨੇਤਰਾਂ ਦੀ ਜੋਤ ਚਲੀ ਗਈ। ਲਗਭਗ ਦੋ ਸਾਲ ਬਾਅਦ 1950 ਨੂੰ ਭਾਈ ਸਾਹਿਬ ਦਾ ਮੇਲ ਸੰਤ ਬਾਬਾ ਦਲ ਸਿੰਘ ਪਿੰਡ ਲਸਾੜਾ (ਜ਼ਿਲ੍ਹਾ ਜਲੰਧਰ) ਵਾਲਿਆਂ ਨਾਲ ਹੋ ਗਿਆ, ਜਿਨ੍ਹਾਂ ਨੇ ਭਾਈ ਸਾਹਿਬ ਨੂੰ ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਅੰਮ੍ਰਿਤਸਰ 'ਚ ਦਾਖ਼ਲ ਕਰਵਾਉਣ ਲਈ ਭਾਈ ਸਾਹਿਬ ਦੇ ਮਾਤਾ-ਪਿਤਾ ਨੂੰ ਸਲਾਹ ਦਿੱਤੀ। ਭਾਈ ਸਾਹਿਬ ਹੁਰਾਂ ਨੇ ਗੁਰੂ ਰਾਮਦਾਸ ਨਗਰ, ਅੰਮ੍ਰਿਤਸਰ ਯਤੀਮਖ਼ਾਨੇ 'ਚ ਰਹਿੰਦਿਆਂ ਉਸਤਾਦ ਹਰਨਾਮ ਸਿੰਘ ਜੋਗੀ ਹੁਰਾਂ ਤੋਂ ਕੀਰਤਨ ਦੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ। ਭਾਈ ਸਾਹਿਬ ਨੇ ਬਰੇਲ ਲਿਪੀ ਬਹੁਤ ਨੇਕ ਸੁਭਾਅ ਦੇ ਮਾਲਕ ਗਿਆਨੀ ਬ੍ਰਿਜ ਲਾਲ ਸਿੰਘ ਹੁਰਾਂ ਤੋਂ ਸਿੱਖਣੀ ਸ਼ੁਰੂ ਕੀਤੀ। ਲਗਭਗ 8 ਸਾਲ ਤੱਕ ਯਤੀਮਖ਼ਾਨੇ 'ਚ ਰਹਿ ਕੇ ਵਿੱਦਿਆ ਪੂਰੀ ਕਰ ਕੇ ਅਤੇ ਕੀਰਤਨ ਸਿੱਖਣ ਉਪਰੰਤ ਭਾਈ ਸਾਹਿਬ ਨੇ ਸਭ ਤੋਂ ਪਹਿਲਾਂ ਕੀਰਤਨ ਦੀ ਸੇਵਾ ਗੁਰਦੁਆਰਾ ਨਾਨਕਸਰ ਸਾਹਿਬ, ਵੇਰਕਾ ਵਿਖੇ। 1958 ਤੋਂ 1960 ਤੱਕ ਨਿਭਾਈ। ਇਸ ਉਪਰੰਤ 1960 ਤੋਂ ਲੈ ਕੇ 1971 ਤੱਕ ਤਕਰੀਬਨ 11 ਸਾਲ ਤੱਕ ਗੁਰਦੁਆਰਾ ਸਾਹਿਬ 7 ਚੰਦਰ ਰੋਡ, ਦੇਹਰਾਦੂਨ ਵਿਖੇ ਕੀਰਤਨ ਦੀ ਸੇਵਾ ਬਹੁਤ ਸਹਿਜਤਾ ਨਾਲ ਨਿਭਾਈ।

4 ਅਪ੍ਰੈਲ 2013 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਵਲੋਂ ਵਿਸ਼ੇਸ਼ ਪ੍ਰੋਗਰਾਮ ਉਲੀਕ ਕੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਭਾਈ ਗੁਰਮੇਜ ਸਿੰਘ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਬਰੇਲ ਲਿਪੀਅੰਤਰਨ ਪ੍ਰਾਪਤ ਕੀਤਾ ਜੋ ਕਿ ਭਾਈ ਸਾਹਿਬ ਹੁਰਾਂ ਨੇ 18 ਪੋਥੀਆਂ 'ਚ 12 ਸਾਲ ਦੀ ਬਹੁਤ ਸਖ਼ਤ ਮਿਹਨਤ ਕਰਕੇ ਤਿਆਰ ਕੀਤਾ ਸੀ। ਇਨ੍ਹਾਂ ਪੋਥੀਆਂ ਨੂੰ ਬਾਅਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਕਮਰਾ ਨੰਬਰ 13 'ਚ ਪੱਕੇ ਤੌਰ 'ਤੇ ਸਥਾਪਤ ਕੀਤਾ ਗਿਆ। ਇਸ ਸੁਭਾਗੇ ਕਾਰਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਹੁਤ ਸਾਰੀਆਂ ਪੰਥਕ ਜਥੇਬੰਦੀਆਂ, ਸਿੱਖ ਸੇਵਾ ਸੁਸਾਇਟੀਆਂ ਵਲੋਂ ਭਾਈ ਸਾਹਿਬ ਤੇ ਉਨ੍ਹਾਂ ਦੀ ਸੁਪਤਨੀ ਨੂੰ ਸਾਂਝੇ ਰੂਪ 'ਚ ਸਨਮਾਨਿਤ ਕੀਤਾ ਗਿਆ ਸੀ।

ਇਨ੍ਹਾਂ ਅਠਾਰਾਂ ਪੋਥੀਆਂ ਨੂੰ ਤਿਆਰ ਕਰਨ ਲਈ ਜਿਸ ਕਾਗਜ਼ ਦੀ ਵਰਤੋਂ ਕੀਤੀ ਗਈ ਹੈ, ਉਹ ਖ਼ਾਸ ਤੌਰ 'ਤੇ ਅਮਰੀਕਾ ਤੋਂ ਮੰਗਵਾਇਆ ਗਿਆ। ਇਨ੍ਹਾਂ ਅਠਾਰਾਂ ਪੋਥੀਆਂ ਨੂੰ ਤਿਆਰ ਕਰਨ 'ਚ ਭਾਈ ਸਾਹਿਬ ਨੇ ਆਪਣੇ ਬੱਚਿਆਂ ਕੋਲੋਂ ਸੈਂਚੀਆਂ ਤੋਂ ਪਾਠ ਸੁਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਰੇਲ ਲਿਪੀਅੰਤਰਨ ਦੀ ਸੇਵਾ ਨਿਭਾਈ। ਇਹ ਸਾਰੀਆਂ ਪੋਥੀਆਂ ਨੂੰ ਤਿਆਰ ਕਰਨ ਉਪਰੰਤ ਭਾਈ ਸਾਹਿਬ ਨੇ ਭਾਈ ਜਗਜੀਤ ਸਿੰਘ ਨਿਊਜ਼ੀਲੈਂਡ ਵਾਸੀ ਦੇ ਸਹਿਯੋਗ ਨਾਲ ਮੁੰਬਈ ਵਿਖੇ ਇਕ ਮਹੀਨਾ ਪਰੂਫ਼ ਰੀਡਿੰਗ ਕਰਵਾਈ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਠ ਸਰੂਪਾਂ ਦੀ ਛਪਵਾਈ ਬੰਬਈ ਵਿਖੇ ਹੇਨਰ ਕੇਨਰ ਇੰਸਟੀਚਿਊਟ ਬਰੇਲ ਪ੍ਰਿੰਟਿੰਗ ਪ੍ਰੈੱਸ ਤੋਂ ਕਰਵਾ ਕੇ ਆਪਣੇ ਪਰਿਵਾਰ ਦੇ ਸਹਿਯੋਗ ਨਾਲ ਇਹ ਪੋਥੀਆਂ ਹੁਣ ਤੱਕ ਉਹ ਬਹੁਤ ਸਾਰੀਆਂ ਸੰਸਥਾਵਾਂ ਨੂੰ ਭੇਟ ਕਰ ਚੁੱਕੇ ਹਨ।

ਭਾਈ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਨੇਤਰਹੀਣ ਸ਼ਰਧਾਲੂਆਂ ਨੂੰ ਧਾਰਮਿਕ ਸਾਹਿਤ ਅਤੇ ਧਾਰਮਿਕ ਵਿੱਦਿਆ ਮੁਹੱਈਆ ਕਰਵਾਉਣ ਲਈ ਕਈ ਅਹਿਮ ਫ਼ੈਸਲੇ ਲਏ ਹਨ, ਜਿਨ੍ਹਾਂ 'ਚ ਆਲਮਗੀਰ ਸਥਿਤ ਗੁਰਦੁਆਰਾ ਮੰਜੀ ਸਾਹਿਬ ਵਿਖੇ ਬਰੇਲ ਲਿਪੀ ਵਾਲੀ ਪ੍ਰੈੱਸ ਸਥਾਪਤ ਕੀਤੀ ਜਾਣ ਦਾ ਅਹਿਮ ਫ਼ੈਸਲਾ ਲਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਸ. ਅਵਤਾਰ ਸਿੰਘ ਮੱਕੜ ਹੁਰਾਂ ਨੇ ਭਾਈ ਸਾਹਿਬ ਨੂੰ ਭਰੋਸਾ ਦਿੱਤਾ ਸੀ ਕਿ ਲੁਧਿਆਣੇ ਵਿਖੇ ਨੇਤਰਹੀਣਾਂ ਲਈ ਇਕ ਬਰੇਲ ਲਿਪੀ ਵਾਲੀ ਪ੍ਰੈੱਸ ਲਗਵਾਈ ਜਾਵੇਗੀ, ਪਰ ਅਜੇ ਤੱਕ ਇਹ ਕਾਰਜ ਨੇਪਰੇ ਚੜ੍ਹਨਾ ਬਾਕੀ ਹੈ। ਭਾਈ ਸਾਹਿਬ ਵਲੋਂ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਵਿਖੇ ਬਰੇਲ ਪ੍ਰਿੰਟਿੰਗ ਪ੍ਰੈੱਸ ਲਗਵਾਈ ਗਈ, ਜਿਸ ਦਾ ਨਾਂਅ ਪੰਜਾਬੀ ਦੇ ਉੱਘੇ ਸਾਹਿਤਕਾਰ ਭਾਈ ਵੀਰ ਸਿੰਘ ਦੇ ਨਾਂਅ 'ਤੇ ਰੱਖਿਆ ਗਿਆ। ਇਸ ਤੋਂ ਇਲਾਵਾ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਵਿਖੇ ਇਕ ਛੋਟੀ ਬਰੇਲ ਲਿਪੀ ਵਾਲੀ ਪ੍ਰੈੱਸ ਆਪਣੇ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਨਾਲ ਸਥਾਪਤ ਕੀਤੀ। ਭਾਈ ਗੁਰਮੇਜ ਸਿੰਘ ਹੁਰਾਂ ਨੂੰ ਸਿੱਖ ਪੰਥ ਲਈ ਕੀਤੇ ਗਏ ਨੇਕ ਕਾਰਜਾਂ ਲਈ ਬਹੁਤ ਸਾਰੇ ਮਾਣ-ਸਨਮਾਨ ਪ੍ਰਾਪਤ ਹੋਏ ਹਨ ਜਿਨ੍ਹਾਂ 'ਚੋਂ ਕੁਝ ਕੁ ਇਸ ਪ੍ਰਕਾਰ ਹੈ। ਜਿਵੇਂ:

1. ਸੰਨ 1988 'ਚ ਚੀਫ਼ ਖ਼ਾਲਸਾ ਦੀਵਾਨ ਵਲੋਂ ਸ਼੍ਰੋਮਣੀ ਰਾਗੀ ਭਾਈ ਸੰਤਾ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।
2. ਸੰਨ 1992 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਰਾਗੀ ਐਵਾਰਡ ਦਿੱਤਾ ਗਿਆ।
3. ਸੰਨ 1997 'ਚ ਭਾਸ਼ਾ ਵਿਭਾਗ ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਰਾਗੀ ਐਵਾਰਡ ਦਿੱਤਾ ਗਿਆ।
4. ਸੰਨ 1998 'ਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਈ ਸਾਹਿਬ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ।
5. ਸੰਨ 1999 'ਚ ਬਾਬਾ ਸੁੱਚਾ ਸਿੰਘ, ਜਵੱਦੀ ਟਕਸਾਲ, ਲੁਧਿਆਣਾ ਵਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ।
6. 11 ਅਕਤੂਬਰ, 2011 ਨੂੰ ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਪੁਤਲੀਘਰ, ਅੰਮ੍ਰਿਤਸਰ ਸਾਹਿਬ ਵਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ।
7. 4 ਦਸੰਬਰ, 2011 ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਵਲੋਂ 'ਸਾਹਿਤਕਾਰ ਸਦਨ ਸਨਮਾਨ' ਦਿੱਤਾ ਗਿਆ।
8. 'ਭਗਤ ਪੂਰਨ ਸਿੰਘ ਮਾਨਵ ਸੇਵਾ ਐਵਾਰਡ', ਭਗਤ ਪੂਰਨ ਸਿੰਘ ਪਿੰਗਲਵਾੜਾ, ਅੰਮ੍ਰਿਤਸਰ ਵਲੋਂ ਦਿੱਤਾ ਗਿਆ।
9. 17 ਫ਼ਰਵਰੀ, 2013 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਸਾਹਿਬ ਵਲੋਂ 'ਸਿੱਖ ਰਤਨ ਐਵਾਰਡ' ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ।

ਭਾਈ ਸਾਹਿਬ ਦਾ ਵਿਆਹ 1965 ਈ. ਨੂੰ ਬੀਬੀ ਬਲਬੀਰ ਕੌਰ ਨਾਲ ਹੋਇਆ। ਭਾਈ ਸਾਹਿਬ ਦੇ ਘਰ ਦੋ ਸਪੁੱਤਰ ਤੇ ਦੋ ਸਪੁੱਤਰੀਆਂ ਨੇ ਜਨਮ ਲਿਆ। ਅੱਜ-ਕੱਲ੍ਹ ਭਾਈ ਸਾਹਿਬ ਦੀ ਵੱਡੀ ਸਪੁੱਤਰੀ ਬੀਬੀ ਸਤਨਾਮ ਕੌਰ ਆਪਣੇ ਪਰਿਵਾਰ ਨਾਲ ਨਿਊਜ਼ੀਲੈਂਡ ਵਿਖੇ ਰਹਿ ਰਹੀ ਹੈ। ਭਾਈ ਸਾਹਿਬ ਦੀ ਛੋਟੀ ਸਪੁੱਤਰੀ ਬੀਬੀ ਜਗਜੀਤ ਕੌਰ ਪਿੰਡ ਲਾਚੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਆਪਣੇ ਸਹੁਰੇ ਪਰਿਵਾਰ 'ਚ ਬਹੁਤ ਸੋਹਣਾ ਤੇ ਸੁਖੀ ਜੀਵਨ ਬਤੀਤ ਕਰ ਰਹੀ ਹੈ। ਭਾਈ ਸਾਹਿਬ ਦੇ ਵੱਡੇ ਸਪੁੱਤਰ ਭਾਈ ਗੁਰਪ੍ਰੀਤ ਸਿੰਘ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਤਬਲੇ ਦੀ ਸੇਵਾ ਨਿਭਾ ਰਹੇ ਹਨ ਅਤੇ ਛੋਟੇ ਸਪੁੱਤਰ ਭਾਈ ਹਰਪ੍ਰੀਤ ਸਿੰਘ ਸਿੱਖ ਕੌਮ ਦੇ ਪ੍ਰਸਿੱਧ ਕੀਰਤਨੀਏ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਹੁਰਾਂ ਨਾਲ ਬਤੌਰ ਤਬਲਾ ਵਾਦਕ ਸੇਵਾ ਨਿਭਾ ਰਹੇ ਹਨ।

ਭਾਈ ਗੁਰਮੇਜ ਸਿੰਘ ਹੁਰਾਂ ਨੇ 1971 ਤੋਂ ਲੈ ਕੇ 2001 ਤੱਕ 30 ਸਾਲ ਲਗਾਤਾਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਉਂਦਿਆਂ ਲਗਭਗ 30 ਤੋਂ 35 ਕੀਰਤਨੀ ਜਥੇ ਤਿਆਰ ਕੀਤੇ, ਜਿਨ੍ਹਾਂ 'ਚ ਭਾਈ ਨਿਰਮਲ ਸਿੰਘ ਖ਼ਾਲਸਾ, ਭਾਈ ਸਰਬਜੀਤ ਸਿੰਘ ਲਾਡੀ, ਭਾਈ ਜਗਤਾਰ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਕਿਰਪਾਲ ਸਿੰਘ, ਭਾਈ ਸ਼ੌਕੀਨ ਸਿੰਘ ਆਦਿ ਮਹਾਨ ਕੀਰਤਨੀਏ ਸਿੰਘ ਸ਼ਾਮਿਲ ਹਨ। ਭਾਈ ਸਾਹਿਬ ਨੇ ਭਾਰਤ ਤੋਂ ਇਲਾਵਾ ਪਾਕਿਸਤਾਨ, ਕੈਨੇਡਾ, ਅਮਰੀਕਾ, ਇੰਗਲੈਂਡ, ਦੁਬਈ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਮੁਲਕਾਂ 'ਚ ਵੀ ਕੀਰਤਨ ਦੀ ਸੇਵਾ ਨਿਭਾਈ।

ਆਪ 58 ਸਾਲ ਦੀ ਉਮਰ 'ਚ ਸੇਵਾ-ਮੁਕਤ ਹੋਣ ਤੱਕ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾਉਂਦੇ ਰਹੇ। ਸਿੱਖ ਕੌਮ ਲਈ ਜੋ ਨੇਕ ਕਾਰਜ ਆਪ ਨੇ ਕੀਤੇ, ਉਹ ਸ਼ਾਇਦ ਕਿਸੇ ਹੋਰ ਗੁਰਮੁੱਖ ਪਿਆਰੇ ਦੇ ਹਿੱਸੇ ਨਹੀਂ ਆਏ।

# ਪੰਜਾਬ ਤੇ ਬੰਗਾਲ ਦੀ ਸੰਗੀਤ ਪਰੰਪਰਾ ਦਾ ਮਧੁਰ ਸਾਜ਼ 'ਇਸਰਾਜ'

**ਪ੍ਰੋ. ਜਗਪਿੰਦਰਪਾਲ ਸਿੰਘ**

ਤੰਤੀ ਸਾਜ਼ਾਂ ਦੀ ਲੜੀ 'ਚ 'ਇਸਰਾਜ' ਸਾਜ਼ ਵੀ ਬਹੁਤ ਮਧੁਰ ਅਤੇ ਪਿਆਰਾ ਸਾਜ਼ ਹੈ। ਦਿਲਰੁਬਾ ਵਾਂਗ ਇਸਰਾਜ ਵੀ ਸਿਤਾਰ ਅਤੇ ਸਾਰੰਗੀ ਦਾ ਮਿਸ਼ਰਣ ਹੀ ਹੈ। ਪ੍ਰਾਚੀਨ ਗ੍ਰੰਥਾਂ ਵਿਚ ਇਸ ਸੰਬੰਧੀ ਉਲੇਖ ਨਹੀਂ ਮਿਲਦਾ ਪ੍ਰੰਤੂ ਇਹ ਨਿਰੋਲ ਭਾਰਤੀ ਸਾਜ਼ ਹੀ ਹੈ। ਇਸ ਸਾਜ਼ ਸੰਬੰਧੀ ਵਿਦਵਾਨਾਂ ਦੇ ਵੱਖੋ-ਵੱਖਰੇ ਵਿਚਾਰ ਹਨ। ਕੁਝ ਵਿਦਵਾਨ ਉਸਤਾਦ ਬਸੀਤ ਖਾਂ ਦੇ ਸ਼ਾਗਿਰਦ ਕਨਈ ਲਾਲ ਦੇਗਾਂਦੀ ਨੂੰ ਇਸ ਦਾ ਅਵਿਸ਼ਕਾਰਕ ਮੰਨਦੇ ਹਨ। ਇਕ ਮੱਤ ਅਨੁਸਾਰ ਬਿਹਾਰ ਦੇ ਗਯਾ ਦੇ ਇਕ ਸੰਗੀਤਕਾਰ ਈਸ਼ਵਰੀ ਰਾਜ ਵਲੋਂ ਇਸ ਸਾਜ਼ ਨੂੰ ਬਣਾਇਆ ਹੋਇਆ ਮੰਨਦੇ ਹਨ। ਇਸ ਦੀ ਬਨਾਵਟ ਅਨੁਸਾਰ ਤਾਊਸ ਦੇ ਮੋਰ ਵਾਲੇ ਹਿੱਸੇ ਨੂੰ ਹਟਾ ਕੇ ਛੋਟੀ ਗੋਲਾਈ ਵਾਲਾ ਤੂੰਬਾ ਲਗਾਉਣ ਨਾਲ 'ਇਸਰਾਜ' ਬਣਿਆ, ਅਜਿਹਾ ਵੀ ਮੰਨਿਆ ਜਾਂਦਾ ਹੈ। ਗੁਰਬਾਣੀ ਸੰਗੀਤ ਦੇ ਇਤਿਹਾਸ 'ਚ ਇਸ ਸਾਜ਼ ਦਾ ਪ੍ਰਚਲਨ ਗੁਰੂ ਅਰਜਨ ਦੇਵ ਜੀ ਦੁਆਰਾ ਕੀਤਾ ਮੰਨਿਆ ਗਿਆ ਹੈ। ਪਿਛਲੇ ਲੰਮੇ ਸਮੇਂ ਤੋਂ 'ਇਸਰਾਜ' ਦੀ ਵਰਤੋਂ ਨਾਮਧਾਰੀ ਸੰਗੀਤ ਪਰੰਪਰਾ 'ਚ ਹੋ ਰਹੀ ਹੈ। ਇਸੇ ਪਰੰਪਰਾ 'ਚ 'ਇਸਰਾਜ' ਦੇ ਤੂੰਬੇ ਉੱਤੇ ਸਾਊਂਡ ਬਾਕਸ ਲਗਾ ਕੇ ਇਸ ਦੀ ਮੱਧਮ ਆਵਾਜ਼ ਨੂੰ ਸ਼ਹਿਨਾਈ ਵਰਗੀ ਬਣਾ ਕੇ ਵਜਾਇਆ ਜਾਂਦਾ ਹੈ, ਇਸ ਲਈ 'ਇਸਰਾਜ' ਦਾ ਆਧੁਨਿਕ ਰੂਪ 'ਤਾਰਸ਼ਹਿਨਾਈ' ਦੇ ਨਾਂਅ ਨਾਲ ਪ੍ਰਚਾਰ 'ਚ ਹੈ। ਕਿਰਪਾਲ ਸਿੰਘ ਪਨੇਸਰ ਅਤੇ ਭਾਈ ਪਵਿੱਤਰ ਸਿੰਘ ਨਾਮਧਾਰੀ ਸੰਪਰਦਾ ਦੇ ਪ੍ਰਸਿੱਧ 'ਤਾਰਸ਼ਹਿਨਾਈ' ਵਾਦਕ ਹਨ। ਪੰਜਾਬ ਦੀ ਸੰਗੀਤ ਪਰੰਪਰਾ 'ਚ 'ਇਸਰਾਜ' ਦਾ ਮਹੱਤਵਪੂਰਨ ਸਥਾਨ ਹੈ। ਇਸ ਤੋਂ ਇਲਾਵਾ ਬੰਗਾਲ 'ਚ ਰਬਿੰਦਰਾ ਸੰਗੀਤ 'ਚ ਵੀ 'ਇਸਰਾਜ' ਦਾ ਖ਼ਾਸ ਸਥਾਨ ਹੈ। ਰਬਿੰਦਰਨਾਥ ਟੈਗੋਰ ਨੇ ਵਿਸ਼ਵ ਭਾਰਤੀ ਯੂਨੀਵਰਸਿਟੀ 'ਚ ਸੰਗੀਤ ਦੇ ਸਾਰੇ ਵਿਦਿਆਰਥੀਆਂ ਲਈ 'ਇਸਰਾਜ' ਸਿੱਖਣਾ ਲਾਜ਼ਮੀ ਕੀਤਾ ਸੀ। ਇਸ ਲਈ 'ਇਸਰਾਜ' ਨੂੰ ਪਰੰਪਰਾਗਤ ਰਬਿੰਦਰ ਸੰਗੀਤ ਲਈ ਮੁੱਖ ਸਹਾਇਕ ਸਾਜ਼ ਮੰਨਿਆ ਜਾਂਦਾ ਹੈ। ਬੁਧਦੇਵ ਦਾਸ ਗੁਪਤਾ, ਸ਼ਿਵ ਦਿਆਲ ਬਸ਼ਿਸ਼ਟ ਅਤੇ ਅਜੋਕੇ ਸਮੇਂ ਦੇ ਅਰਸ਼ਦ ਖਾਂ ਪ੍ਰਸਿੱਧ 'ਇਸਰਾਜ' ਵਾਦਕ ਹਨ। ਪੰਜਾਬ ਤੇ ਬੰਗਾਲ 'ਚ 'ਇਸਰਾਜ' ਦੀ ਬਣਤਰ 'ਚ ਭਿੰਨਤਾ ਹੈ। ਪੰਜਾਬ ਨਾਲੋਂ ਬੰਗਾਲ ਦੀ 'ਇਸਰਾਜ' ਦਾ ਆਕਾਰ ਵੱਡਾ ਅਤੇ ਇਸ ਦੇ ਡਾਂਡ ਦੇ ਉੱਪਰੀ ਹਿੱਸੇ ਉੱਤੇ ਰੁਦ੍ਰ ਵੀਣਾ ਦੀ ਤਰ੍ਹਾਂ ਛੋਟੇ ਆਕਾਰ ਦਾ ਤੂੰਬਾ ਹੁੰਦਾ ਹੈ, ਜਦੋਂ ਕਿ ਗੁਰਬਾਣੀ ਸੰਗੀਤ 'ਚ 'ਇਸਰਾਜ' ਦਾ ਡਾਂਡ ਦਿਲਰੁਬਾ ਵਰਗਾ ਹੀ ਹੁੰਦਾ ਹੈ। 'ਇਸਰਾਜ' ਦੇ 19 ਪਿੱਤਲ ਦੇ ਪਰਦੇ ਹੁੰਦੇ ਹਨ। ਇਸ ਤੋਂ ਇਲਾਵਾ 15 ਤਰਬਾਂ ਦੀਆਂ ਤਾਰਾਂ ਅਤੇ ਚਾਰ ਮੁੱਖ ਤਾਰਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਵੱਖ-ਵੱਖ ਸਵਰਾਂ ਉੱਤੇ ਸੁਰ ਕੀਤਾ ਜਾਂਦਾ ਹੈ। 'ਇਸਰਾਜ' ਦਾ ਪਹਿਲਾ ਤਾਰ ਜਿਸ ਨੂੰ ਬਾਜ ਦਾ ਤਾਰ ਕਹਿੰਦੇ ਹਨ, ਨੂੰ ਮੰਦਰ ਸਪਤਕ ਦੇ ਮਧਿਅਮ ਸਵਰ ਉੱਤੇ ਸੁਰ ਕੀਤਾ ਜਾਂਦਾ ਹੈ, ਦੂਸਰਾ ਤਾਰ ਸੜਜ ਦਾ ਜਿਸ ਨੂੰ ਮੰਦਰ ਸਪਤਕ ਦੇ ਸ ਉੱਤੇ, ਤੀਸਰਾ ਤਾਰ ਅਤੀ ਮੰਦਰ ਸਪਤਕ ਦੇ ਪੰਚਮ ਅਤੇ ਚੌਥਾ ਤਾਰ ਜਿਸ ਨੂੰ ਮੰਦਰ ਸਪਤਕ ਦੇ ਸ ਸਵਰ ਉੱਤੇ ਸੁਰ ਕੀਤਾ ਜਾਂਦਾ ਹੈ। ਤਾਊਸ, ਦਿਲਰੁਬਾ ਵਾਂਗ ਹੀ ਇਸ ਨੂੰ ਗਜ਼ ਨਾਲ ਵਜਾਇਆ ਜਾਂਦਾ ਹੈ। ਜੀ-20 ਸਿਖ਼ਰ ਸੰਮੇਲਨ 'ਚ ਵੀ ਈਸ਼ਰ ਸਿੰਘ ਨਾਮਧਾਰੀ ਵਲੋਂ 'ਇਸਰਾਜ' ਦਾ ਵਾਦਨ ਕੀਤਾ ਗਿਆ।




ਇਸਰਾਜ



ਤਾਰਸ਼ਹਿਨਾਈ

# ਸਮਾਜਿਕ ਨਿਆਂ ਦੇ ਨਾਂ 'ਤੇ ਜਾਤ-ਪਾਤ ਦੀ ਸਿਆਸਤ

-ਸੰਜੇ ਗੁਪਤ



ਆਖ਼ਰਕਾਰ ਬਿਹਾਰ ਸਰਕਾਰ ਨੇ ਜਾਤ-ਪਾਤ ਆਧਾਰਤ ਮਰਦਮਸ਼ੁਮਾਰੀ ਦੇ ਅੰਕੜੇ ਜਾਰੀ ਕਰ ਦਿੱਤੇ। ਇਹ ਮਾਮਲਾ ਸੁਪਰੀਮ ਕੋਰਟ ਵਿਚ ਵੀ ਪੁੱਜਾ। ਉਸ ਨੇ ਬਿਹਾਰ ਸਰਕਾਰ ਨੂੰ ਲੋਕਾਂ ਦੇ ਨਿੱਜੀ ਅੰਕੜੇ ਜਨਤਕ ਨਾ ਕਰਨ ਦਾ ਹੁਕਮ ਤਾਂ ਦਿੱਤਾ ਪਰ ਨਾਲ ਹੀ ਇਹ ਕਿਹਾ ਕਿ ਇਹ ਇਕ ਨੀਤੀਗਤ ਮਾਮਲਾ ਹੈ ਅਤੇ ਉਹ ਉਸ 'ਤੇ ਰੋਕ ਨਹੀਂ ਲਗਾ ਸਕਦੀ। ਸੁਪਰੀਮ ਕੋਰਟ ਨੇ ਬਿਹਾਰ ਸਰਕਾਰ ਨੂੰ ਨੋਟਿਸ ਜਾਰੀ ਕਰਦੇ ਹੋਏ ਮਾਮਲੇ ਦੀ ਸੁਣਵਾਈ ਜਨਵਰੀ ਵਿਚ ਕਰਨ ਦਾ ਫ਼ੈਸਲਾ ਕੀਤਾ ਹੈ। ਉਦੋਂ ਉਹ ਜਾਤ ਆਧਾਰਤ ਸਰਵੇਖਣ ਕਰਵਾਉਣ ਦੇ ਸੂਬਾ ਸਰਕਾਰ ਦੇ ਅਧਿਕਾਰ ਨਾਲ ਸਬੰਧਤ ਮੁੱਦੇ 'ਤੇ ਗ਼ੌਰ ਕਰੇਗੀ। ਨਿਤੀਸ਼ ਸਰਕਾਰ ਨੇ ਜਾਤ ਆਧਾਰਤ ਮਰਦਮਸ਼ੁਮਾਰੀ ਦੇ ਅੰਕੜੇ ਜਾਰੀ ਕਰਨ ਨੂੰ ਇਕ ਪ੍ਰਾਪਤੀ ਦੀ ਤਰ੍ਹਾਂ ਪੇਸ਼ ਕੀਤਾ ਹੈ।

ਕਈ ਵਿਰੋਧੀ ਪਾਰਟੀਆਂ ਇਹ ਅਹਿਸਾਸ ਕਰਵਾ ਰਹੀਆਂ ਹਨ ਜਿਵੇਂ ਨਿਤੀਸ਼ ਸਰਕਾਰ ਨੇ ਜਾਤ ਆਧਾਰਤ ਮਰਦਮਸ਼ੁਮਾਰੀ ਦੇ ਅੰਕੜੇ ਜਾਰੀ ਕਰ ਕੇ ਸਿਆਸੀ ਜਿੱਤ ਹਾਸਲ ਕਰ ਲਈ ਹੈ। ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਜਨਗਣਨਾ ਦੇ ਨਾਲ ਹੀ ਪੂਰੇ ਦੇਸ਼ ਵਿਚ ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਉਣ ਦੀ ਮੰਗ ਕਰ ਰਹੀਆਂ ਹਨ। ਕੇਂਦਰ ਸਰਕਾਰ ਇਸ ਦੇ ਲਈ ਤਿਆਰ ਨਹੀਂ ਪਰ ਉਸ ਨੂੰ ਦੇਸ਼ ਦੀ ਮਰਦਮਸ਼ੁਮਾਰੀ ਕਰਵਾਉਣ ਦਾ ਕੰਮ ਤਾਂ ਤਰਜੀਹੀ ਆਧਾਰ 'ਤੇ ਕਰਨਾ ਹੀ ਚਾਹੀਦਾ ਹੈ ਕਿਉਂਕਿ ਕਾਇਦੇ ਨਾਲ ਉਹ 2021 'ਚ ਸ਼ੁਰੂ ਹੋ ਜਾਣੀ ਚਾਹੀਦੀ ਸੀ। ਹੁਣ ਜਦ ਕੋਵਿਡ ਦਾ ਅਸਰ ਖ਼ਤਮ ਹੋ ਗਿਆ ਹੈ, ਉਦੋਂ ਮਰਦਮਸ਼ੁਮਾਰੀ ਕਰਵਾਉਣ ਵਿਚ ਦੇਰੀ ਠੀਕ ਨਹੀਂ। ਇਕ ਸਮਾਂ ਸੀ ਕਿ ਕਾਂਗਰਸ ਜਾਤ ਆਧਾਰਤ ਮਰਦਮਸ਼ੁਮਾਰੀ ਦੇ ਵਿਰੋਧ ਵਿਚ ਸੀ। ਕਾਂਗਰਸ ਨੇ ਸੱਤਾ 'ਚ ਰਹਿੰਦੇ ਸਮੇਂ ਆਪਣੀਆਂ ਸਹਿਯੋਗੀ ਪਾਰਟੀਆਂ ਦੇ ਦਬਾਅ ਕਾਰਨ 2011 ਵਿਚ ਮਰਦਮਸ਼ੁਮਾਰੀ ਦੇ ਨਾਲ ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਈ ਸੀ ਪਰ ਉਸ ਦੇ ਅੰਕੜੇ ਜਾਰੀ ਨਹੀਂ ਕੀਤੇ। ਹੁਣ ਉਹ ਦੇਸ਼ ਵਿਆਪੀ ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਉਣ ਨੂੰ ਲੈ ਕੇ ਕਾਹਲੀ ਪਈ ਹੋਈ ਹੈ ਅਤੇ 'ਜਿੰਨੀ ਆਬਾਦੀ ਓਨਾ ਹੱਕ' ਦਾ ਨਾਅਰਾ ਵੀ ਲਗਾ ਰਹੀ ਹੈ।

ਇਹ ਕਾਂਸ਼ੀ ਰਾਮ ਦੇ ਉਸ ਨਾਅਰੇ ਦੀ ਨਕਲ ਹੀ ਹੈ ਜਿਸ ਵਿਚ ਉਹ ਕਿਹਾ ਕਰਦੇ ਸਨ ਕਿ ਜਿਸ ਦੀ ਜਿੰਨੀ ਜ਼ਿਆਦਾ ਗਿਣਤੀ, ਉਸ ਦੀ ਓਨੀ ਹੀ ਹਿੱਸੇਦਾਰੀ ਹੋਵੇ। ਦੇਸ਼ ਵਿਚ ਇਸ ਤੋਂ ਪਹਿਲਾਂ ਜਾਤ ਆਧਾਰਤ ਮਰਦਮਸ਼ੁਮਾਰੀ 1931 ਵਿਚ ਅੰਗਰੇਜ਼ ਸਰਕਾਰ ਨੇ ਕਰਵਾਈ ਸੀ। ਮੰਨਿਆ ਜਾਂਦਾ ਹੈ ਕਿ ਸਮੇਂ ਦੇ ਨਾਲ ਪੱਛੜੀਆਂ ਜਾਤਾਂ ਦੀ ਆਬਾਦੀ ਵਧੀ ਹੈ ਅਤੇ ਸਵਰਨ ਜਾਤੀਆਂ ਦੀ ਘਟੀ ਹੈ। ਇਸ ਦੀ ਝਲਕ ਬਿਹਾਰ ਦੀ ਜਾਤ ਆਧਾਰਤ ਮਰਦਮਸ਼ੁਮਾਰੀ ਦੇ ਅੰਕੜਿਆਂ ਵਿਚ ਦਿਖਾਈ ਦੇ ਰਹੀ ਹੈ।

ਸਵਰਨ ਜਾਤਾਂ ਦੀ ਆਬਾਦੀ ਘੱਟ ਹੋਣ ਦਾ ਇਕ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਜਾਤਾਂ ਦੇ ਅਨੇਕ ਲੋਕ ਨੌਕਰੀ ਜਾਂ ਵਪਾਰ ਦੇ ਸਿਲਸਿਲੇ ਵਿਚ ਬਿਹਾਰ ਤੋਂ ਪਲਾਇਨ ਕਰ ਗਏ। ਜਿੱਥੇ ਬਿਹਾਰ ਸਰਕਾਰ ਜਾਤ ਆਧਾਰਤ ਮਰਦਮਸ਼ੁਮਾਰੀ ਦੇ ਅੰਕੜਿਆਂ ਨੂੰ ਆਪਣੀ ਜਿੱਤ ਵਾਂਗ ਪੇਸ਼ ਕਰ ਰਹੀ ਹੈ, ਓਥੇ ਹੀ ਕਈ ਪਾਰਟੀਆਂ ਦੇ ਨੇਤਾ ਇਨ੍ਹਾਂ ਅੰਕੜਿਆਂ ਦੀ ਸੱਚਾਈ 'ਤੇ ਸ਼ੱਕ ਜ਼ਾਹਰ ਕਰ ਰਹੇ ਹਨ।

ਇਨ੍ਹਾਂ ਨੇਤਾਵਾਂ ਨੂੰ ਇਹ ਸ਼ਿਕਾਇਤ ਹੈ ਕਿ ਉਨ੍ਹਾਂ ਦੀ ਜਾਤ ਦੇ ਲੋਕਾਂ ਦੀ ਗਿਣਤੀ ਘੱਟ ਕਰ ਕੇ ਦਿਖਾਈ ਗਈ ਹੈ। ਭਾਜਪਾ ਦੇ ਸੰਸਦ ਮੈਂਬਰ ਰਵੀਸ਼ੰਕਰ ਪ੍ਰਸਾਦ ਨੇ ਤਾਂ ਇਹ ਦੋਸ਼ ਲਗਾਇਆ ਕਿ ਉਨ੍ਹਾਂ ਜਾਤਾਂ ਦੀ ਜਨਸੰਖਿਆ ਵਧੀ ਹੋਈ ਦਿਖਾਈ ਗਈ ਜੋ ਜੇਡੀਯੂ ਜਾਂ ਆਰਜੇਡੀ ਦਾ ਵੋਟ ਬੈਂਕ ਹਨ। ਬਿਹਾਰ ਸਰਕਾਰ ਦਾ ਤਰਕ ਹੈ ਕਿ ਜਾਤ ਆਧਾਰਤ ਮਰਦਮਸ਼ੁਮਾਰੀ ਦੇ ਅੰਕੜੇ ਜਾਰੀ ਹੋਣ ਨਾਲ ਲੋਕ ਭਲਾਈ ਦੀਆਂ ਯੋਜਨਾਵਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਵਿਚ ਮਦਦ ਮਿਲੇਗੀ ਅਤੇ ਉਸ ਨਾਲ ਅੱਤ ਦੇ ਪੱਛੜਿਆਂ, ਪੱਛੜੇ ਵਰਗਾਂ ਦੇ ਨਾਲ-ਨਾਲ ਅਨੁਸੂਚਿਤ ਜਾਤੀਆਂ, ਕਬੀਲਿਆਂ ਭਾਵ ਐੱਸਸੀ-ਐੱਸਟੀ ਵਰਗ ਦਾ ਜੀਵਨ ਪੱਧਰ ਉੱਚਾ ਹੋ ਜਾਵੇਗਾ ਪਰ ਇਸ ਪ੍ਰਸ਼ਨ ਦਾ ਉੱਤਰ ਕਿਸੇ ਹੋਰ ਖ਼ਾਸ ਤੌਰ 'ਤੇ ਜੇਡੀਯੂ ਅਤੇ ਆਰਜੇਡੀ ਦੇ ਨੇਤਾਵਾਂ ਕੋਲ ਨਹੀਂ ਕਿ ਜਦ ਬਿਹਾਰ ਵਿਚ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਇਨ੍ਹਾਂ ਦੋਵਾਂ ਹੀ ਪਾਰਟੀਆਂ ਦਾ ਸ਼ਾਸਨ ਰਿਹਾ ਹੈ, ਤਦ ਫਿਰ ਇਨ੍ਹਾਂ ਜਾਤਾਂ ਦਾ ਜੀਵਨ ਪੱਧਰ ਉੱਚਾ ਕਿਉਂ ਨਹੀਂ ਹੋਇਆ?

ਬਿਹਾਰ ਵਿਚ ਪੱਛੜੇ ਅਤੇ ਅੱਤ ਦੇ ਪੱਛੜੇ ਵਰਗਾਂ ਦੀ ਆਬਾਦੀ ਸਭ ਤੋਂ ਵੱਧ ਹੋਣ 'ਤੇ ਹੈਰਾਨੀ ਨਹੀਂ ਹੋਈ। ਜੇ ਦੇਸ਼ ਭਰ 'ਚ ਜਾਤ ਆਧਾਰਤ ਮਰਦਮਸ਼ੁਮਾਰੀ ਹੋਵੇ ਤਾਂ ਸੰਭਵ ਤੌਰ 'ਤੇ ਇਹੀ ਸਾਹਮਣੇ ਆਵੇਗਾ ਕਿ ਐੱਸਸੀ-ਐੱਸਟੀ ਦੇ ਨਾਲ-ਨਾਲ ਪੱਛੜੇ ਵਰਗਾਂ ਦੀ ਆਬਾਦੀ ਸਭ ਤੋਂ ਵੱਧ ਹੈ। ਜੋ ਵੀ ਹੋਵੇ, 'ਜਿੰਨੀ ਆਬਾਦੀ, ਓਨਾ ਹੱਕ' ਵਾਲੀ ਧਾਰਨਾ ਇਸ ਲਈ ਦਰੁਸਤ ਨਹੀਂ ਕਿਉਂਕਿ ਜੋ ਅਸਲ ਵਿਚ ਆਰਥਿਕ-ਸਮਾਜਿਕ-ਵਿੱਦਿਅਕ ਪੱਖੋਂ ਪਿੱਛੇ ਹਨ, ਉਨ੍ਹਾਂ ਦੇ ਹੀ ਜੀਵਨ ਪੱਧਰ ਨੂੰ ਉੱਚਾ ਚੁੱਕਣ 'ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਇਹ ਧਾਰਨਾ ਬਹੁ-ਸੰਖਿਆਵਾਦ ਨੂੰ ਵੀ ਮਜ਼ਬੂਤੀ ਦਿੰਦੀ ਦਿਖਾਈ ਦੇ ਰਹੀ ਹੈ। ਕਾਂਗਰਸ ਨੇਤਾ ਅਭਿਸ਼ੇਕ ਮਨੂੰ ਸਿੰਘਵੀ ਨੇ ਇਸ ਪਾਸੇ ਸੰਕੇਤ ਦਿੰਦੇ ਹੋਏ ਕਿਹਾ ਵੀ ਕਿ ਇਸ ਦੇ ਨਤੀਜਿਆਂ ਨੂੰ ਸਮਝਣ ਦੀ ਜ਼ਰੂਰਤ ਹੈ। ਬਾਅਦ ਵਿਚ ਉਹ ਆਪਣੇ ਕਥਨ ਤੋਂ ਪਿੱਛੇ ਹਟ ਗਏ ਪਰ ਪ੍ਰਧਾਨ ਮੰਤਰੀ ਮੋਦੀ ਨੇ ਸਿੱਧਾ ਸਵਾਲ ਕੀਤਾ ਕਿ ਕੀ ਹੁਣ ਕਾਂਗਰਸ ਘੱਟ-ਗਿਣਤੀਆਂ ਦੇ ਹੱਕਾਂ ਨੂੰ ਘੱਟ ਕਰਨਾ ਚਾਹੁੰਦੀ ਹੈ? ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਲਈ ਗ਼ਰੀਬ ਹੀ ਸਭ ਤੋਂ ਵੱਡੀ ਜਾਤ ਅਤੇ ਸਭ ਤੋਂ ਵੱਡੀ ਆਬਾਦੀ ਹਨ।

ਉਨ੍ਹਾਂ ਨੇ ਕਾਂਗਰਸ 'ਤੇ ਹਿੰਦੂਆਂ ਅਤੇ ਗ਼ਰੀਬਾਂ ਵਿਚਾਲੇ ਫੁੱਟ ਪਾਉਣ ਦਾ ਦੋਸ਼ ਵੀ ਲਗਾਇਆ। ਅਨੁਸੂਚਿਤ ਜਾਤਾਂ-ਕਬੀਲਿਆਂ ਨੂੰ ਆਜ਼ਾਦੀ ਤੋਂ ਬਾਅਦ ਤੋਂ ਹੀ ਰਾਖਵਾਂਕਰਨ ਪ੍ਰਾਪਤ ਹੈ। ਇਸ ਤੋਂ ਬਾਅਦ 1990 ਵਿਚ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰ ਕੇ ਹੋਰ ਪੱਛੜੇ ਵਰਗਾਂ ਨੂੰ ਵੀ ਰਾਖਵਾਂਕਰਨ ਦੇ ਦਾਇਰੇ ਵਿਚ ਲਿਆਂਦਾ ਗਿਆ। ਹਾਲਾਂਕਿ ਸੁਪਰੀਮ ਕੋਰਟ ਨੇ ਰਾਖਵਾਂਕਰਨ ਦੀ ਹੱਦ 50 ਪ੍ਰਤੀਸ਼ਤ ਨਿਰਧਾਰਤ ਕੀਤੀ ਹੈ ਪਰ ਕੁਝ ਸੂਬਿਆਂ ਵਿਚ ਇਹ ਫ਼ੀਸਦ 60-70 ਤੋਂ ਵੱਧ ਪੁੱਜ ਗਿਆ ਹੈ।

ਬੇਸ਼ੱਕ ਹਰ ਸਰਕਾਰ ਨੂੰ ਗ਼ਰੀਬੀ ਦੂਰ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਅਜਿਹਾ ਕਰਦੇ ਹੋਏ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਰਾਖਵਾਂਕਰਨ ਦਾ ਲਾਭ ਯੋਗ ਲੋਕਾਂ ਭਾਵ ਆਰਥਿਕ-ਸਮਾਜਿਕ-ਵਿੱਦਿਅਕ ਤੌਰ 'ਤੇ ਪੱਛੜੇ ਲੋਕਾਂ ਨੂੰ ਹੀ ਮਿਲੇ। ਤ੍ਰਾਸਦੀ ਇਹ ਹੈ ਕਿ ਜ਼ਿਆਦਾਤਰ ਪਾਰਟੀਆਂ ਸਮਾਜਿਕ ਨਿਆਂ ਦੇ ਨਾਂ 'ਤੇ ਜਾਤ ਆਧਾਰਤ ਸਿਆਸਤ ਕਰਦੀਆਂ ਹਨ। ਉਹ ਅਜਿਹਾ ਕਰ ਕੇ ਦਲਿਤਾਂ ਅਤੇ ਪੱਛੜਿਆਂ ਦੀਆਂ ਵੋਟਾਂ ਤਾਂ ਲੈ ਲੈਂਦੀਆਂ ਹਨ ਪਰ ਉਨ੍ਹਾਂ ਦੇ ਸਮਾਜਿਕ ਉੱਥਾਨ ਦੇ ਠੋਸ ਉਪਰਾਲੇ ਨਹੀਂ ਕਰਦੀਆਂ। ਅਜਿਹੀਆਂ ਪਾਰਟੀਆਂ ਇਹ ਦੇਖਣ ਤੋਂ ਇਨਕਾਰ ਕਰਦੀਆਂ ਹਨ ਕਿ ਜੇ ਦੇਸ਼ ਦਾ ਆਰਥਿਕ ਵਿਕਾਸ ਮੱਠਾ ਹੋਵੇਗਾ ਤਾਂ ਫਿਰ ਗ਼ਰੀਬਾਂ ਦਾ ਭਲਾ ਨਹੀਂ ਕੀਤਾ ਜਾ ਸਕਦਾ। ਕੀ ਇਹ ਕਿਹਾ ਜਾ ਸਕਦਾ ਹੈ ਕਿ ਬਿਹਾਰ ਜਾਂ ਹੋਰ ਸੂਬਿਆਂ ਵਿਚ ਪੱਛੜੀਆਂ ਜਾਤਾਂ ਦੇ ਸਾਰੇ ਲੋਕ ਗ਼ਰੀਬ ਹਨ ਅਤੇ ਰਾਖਵਾਂਕਰਨ ਨਾਲ ਐੱਸਸੀ-ਐੱਸਟੀ ਅਤੇ ਓਬੀਸੀ ਵਰਗ ਦੀਆਂ ਸਾਰੀਆਂ ਜਾਤਾਂ ਨੂੰ ਲਾਭ ਮਿਲਿਆ ਹੈ?


ਸੱਚ ਇਹ ਹੈ ਕਿ ਇਨ੍ਹਾਂ ਵਰਗਾਂ ਦੀਆਂ ਕੁਝ ਹੀ ਸਮਰੱਥ ਜਾਤਾਂ ਨੂੰ ਰਾਖਵਾਂਕਰਨ ਦਾ ਲਾਹਾ ਮਿਲਿਆ ਹੈ। ਇਹ ਸਮਝਣ ਦੀ ਜ਼ਰੂਰਤ ਹੈ ਕਿ ਪੱਛੜੀਆਂ ਅਤੇ ਗ਼ਰੀਬ ਜਾਤਾਂ ਨਾਲ ਸਬੰਧਤ ਲੋਕਾਂ ਦਾ ਜੀਵਨ ਪੱਧਰ ਉਦੋਂ ਹੀ ਉੱਚਾ ਹੋਵੇਗਾ ਜਦ ਉਨ੍ਹਾਂ ਨੂੰ ਚੰਗੀ ਸਿੱਖਿਆ ਮਿਲੇਗੀ। ਸੂਬਾ ਸਰਕਾਰਾਂ ਇਸੇ ਕੰਮ ਵਿਚ ਪਿੱਛੇ ਹਨ। ਬਿਹਾਰ ਦੀ ਹੀ ਗੱਲ ਕਰੀਏ ਤਾਂ ਚਾਹੇ ਸਿੱਖਿਆ ਦਾ ਖੇਤਰ ਹੋਵੇ ਜਾਂ ਸਿਹਤ ਦਾ ਜਾਂ ਬੁਨਿਆਦੀ ਢਾਂਚੇ ਦਾ, ਉਹ ਹੋਰ ਸੂਬਿਆਂ ਨਾਲੋਂ ਕਿਤੇ ਪਿੱਛੇ ਹੈ।

ਇਸੇ ਕਾਰਨ ਬਿਹਾਰ ਦੇ ਬਹੁਤ ਸਾਰੇ ਲੋਕ ਦੂਜੇ ਸੂਬਿਆਂ ਵਿਚ ਜਾ ਕੇ ਗੁਜ਼ਰ-ਬਸਰ ਕਰਨ ਲਈ ਮਜਬੂਰ ਹਨ। ਬਿਹਾਰ ਵਿਚ ਸੋਮਿਆਂ ਦੀ ਕਮੀ ਨਹੀਂ ਹੈ। ਉੱਥੋਂ ਦੇ ਵਿਦਿਆਰਥੀ ਵੱਡੀ ਗਿਣਤੀ ਵਿਚ ਆਈਆਈਟੀ ਵਿਚ ਚੁਣੇ ਜਾਂਦੇ ਹਨ ਅਤੇ ਆਈਏਐੱਸ, ਆਈਪੀਐੱਸ ਬਣਦੇ ਹਨ। ਇਸ ਤੋਂ ਬਾਅਦ ਵੀ ਬਿਹਾਰ ਆਰਥਿਕ ਤਰੱਕੀ ਨਹੀਂ ਕਰ ਪਾ ਰਿਹਾ ਹੈ। ਇਸ ਦਾ ਇਕ ਕਾਰਨ ਜਾਤ ਆਧਾਰਤ ਸਿਆਸਤ ਹੈ। ਸਿਆਸੀ ਪਾਰਟੀਆਂ ਨੂੰ ਇਹ ਸਮਝਣਾ ਹੋਵੇਗਾ ਕਿ ਸਮਾਜਿਕ ਨਿਆਂ ਦੇ ਨਾਮ 'ਤੇ ਜਾਤ-ਪਾਤ ਆਧਾਰਤ ਸਿਆਸਤ ਠੀਕ ਨਹੀਂ। ਇਸ ਸਿਆਸਤ ਕਾਰਨ ਸਮਾਜ ਵਿਚ ਪਾੜੇ ਪੈਂਦੇ ਹਨ ਅਤੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਬਹੁਤ ਜ਼ਿਆਦਾ ਢਾਹ ਲੱਗਦੀ ਹੈ। ਮੁਲਕ ਤਰੱਕੀ ਦੇ ਰਾਹ 'ਤੇ ਤੇਜ਼ੀ ਨਾਲ ਤਾਂ ਹੀ ਵਧ ਸਕੇਗਾ ਜੇ ਇੱਥੇ ਹਾਂ-ਪੱਖੀ ਸਿਆਸਤ ਹੋਵੇ ਅਤੇ ਸਭ ਧਰਮਾਂ-ਜਾਤਾਂ ਨਾਲ ਸਬੰਧਤ ਲੋਕ ਮਿਲ-ਜੁਲ ਕੇ ਰਹਿਣ।

# ਪੀਜੀਆਈ ਵਿੱਚ ਅੱਗ ਲੱਗਣ ਕਾਰਨ ਪੰਜ ਮੰਜ਼ਿਲਾਂ ਧੂੰਏਂ ਵਿੱਚ ਘਿਰੀਆਂ







ਚੰਡੀਗੜ੍ਹ : ਪੀਜੀਆਈ ਚੰਡੀਗੜ੍ਹ ਦਾ ਨਹਿਰੂ ਹਸਪਤਾਲ ਬੀਤੀ ਦੇਰ ਰਾਤ ਅਚਾਨਕ ਅੱਗ ਦੀਆਂ ਲਪਟਾਂ ਵਿੱਚ ਘਿਰ ਗਿਆ ਅਤੇ ਹਸਪਤਾਲ ਵਿੱਚ ਭਗਦੜ ਮੱਚ ਗਈ। ਲੋਕ ਆਪਣੇ ਮਰੀਜ਼ਾਂ ਨੂੰ ਬਚਾਉਣ ਲਈ ਇੱਧਰ-ਉੱਧਰ ਭੱਜਣ ਲੱਗੇ। ਹਸਪਤਾਲ ਅੰਦਰ ਫਾਲ-ਸੀਲਿੰਗ ਅਤੇ ਵੱਡੀ ਮਾਤਰਾ ਵਿੱਚ ਪਲਾਸਟਿਕ ਦੇ ਉਤਪਾਦ ਸੜਨ ਕਰ ਕੇ ਪੈਦਾ ਹੋਇਆ ਧੂੰਆਂ ਹਸਪਤਾਲ ਦੀ ਪੰਜਵੀਂ ਮੰਜ਼ਿਲ ਤੱਕ ਫੈਲ ਗਿਆ ਜਿਸ ਕਰ ਕੇ ਕਈ ਮੰਜ਼ਿਲਾਂ ਦੇ ਸ਼ੀਸ਼ੇ ਵੀ ਤੋੜਨੇ ਪਏ। ਕੁਝ ਹੀ ਮਿੰਟਾਂ ਵਿੱਚ ਹਾਲਾਤ ਕੁਝ ਅਜਿਹੇ ਬਣ ਗਏ ਕਿ ਬਾਹਰ ਗੈਲਰੀਆਂ ਵਿੱਚ ਬੈਠੇ ਮਰੀਜ਼ਾਂ ਦੇ ਅਟੈਂਡੈਂਟ ਆਪੋ ਆਪਣੇ ਮਰੀਜ਼ਾਂ ਨੂੰ ਬਚਾਉਣ ਲਈ ਭੱਜੇ। ਭੱਜ-ਦੌੜ ਵਿੱਚ ਆਪਣੇ ਮਰੀਜ਼ਾਂ ਨੂੰ ਲੱਭਣ ਵਿੱਚ ਵੀ ਕਾਫ਼ੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਘਟਨਾ ਦੀ ਸੂਚਨਾ ਮਿਲਦੇ ਹੀ ਚੰਡੀਗੜ੍ਹ ਦੇ ਪ੍ਰਸ਼ਾਸਕ ਦੇ ਸਲਾਹਕਾਰ ਧਰਮਪਾਲ ਅਤੇ ਪੀਜੀਆਈ ਦੇ ਡਾਇਰੈਕਟਰ ਪ੍ਰੋ. ਵਵਿਕ ਲਾਲ ਮੌਕੇ ਉਤੇ ਪਹੁੰਚੇ ਤੇ ਸਥਿਤੀ ਦਾ ਜਾਇਜ਼ਾ ਲਿਆ। ਪੀਜੀਆਈ ਦੇ ਇਤਿਹਾਸ ਵਿੱਚ ਪਹਿਲੀ ਵਾਰ ਇੰਨੀ ਭਿਆਨਕ ਅੱਗ ਲੱਗੀ। ਅੱਗ 'ਤੇ ਕਾਬੂ ਪਾਉਣ 'ਚ ਲਗਭਗ ਦੋ ਘੰਟੇ ਦਾ ਸਮਾਂ ਲੱਗਾ ਅਤੇ ਪੂਰੀ ਰਾਤ ਡਾਕਟਰ ਅਤੇ ਸਟਾਫ ਮਰੀਜ਼ਾਂ ਨੂੰ ਦੂਜੇ ਵਾਰਡਾਂ ਵਿੱਚ ਸ਼ਿਫ਼ਟ ਕਰਨ ਵਿੱਚ ਲੱਗੇ ਰਹੇ। ਕ੍ਰੇਨ (ਹਾਈਡ ?ਰੌਲਿਕ ਲੈਡਰ) ਦੀ ਮਦਦ ਨਾਲ ਆਈਸੀਯੂ ਵਿੱਚੋਂ ਮਰੀਜ਼ਾਂ ਨੂੰ ਬਾਹਰ ਕੱਢਿਆ ਗਿਆ। ਪ੍ਰਾਪਤ ਜਾਣਕਾਰੀ ਮੁਤਾਬਕ 9 ਅਕਤੂਬਰ ਦੀ ਰਾਤ 11.45 ਵਜੇ ਪੀਜੀਆਈ ਨਹਿਰੂ ਹਸਪਤਾਲ ਦੇ ਸੀ-ਬਲਾਕ ਦੇ ਕੰਪਿਊਟਰ ਰੂਮ ਵਿੱਚ ਅੱਗ ਲੱਗਣ ਦੀ ਘਟਨਾ ਵਾਪਰੀ ਜਿਸ ਦੌਰਾਨ ਪੰਜਵੀਂ ਮੰਜ਼ਿਲ ਤੱਕ ਧੂੰਆਂ ਹੀ ਧੂੰਆਂ ਫੈਲ ਗਿਆ ਸੀ। ਅੱਗ ਲੱਗਣ ਦਾ ਮੁਢਲਾ ਕਾਰਨ ਕੰਪਿਊਟਰ ਰੂਮ ਵਿੱਚ ਸ਼ਾਰਟ ਸਰਕਟ ਹੋਣਾ ਦੱਸਿਆ ਜਾ ਰਿਹਾ ਹੈ। ਘਟਨਾ ਦਾ ਜਾਇਜ਼ਾ ਲੈਣ ਲਈ ਪਹੁੰਚੇ ਡਾਇਰੈਕਟਰ ਪ੍ਰੋ. ਵਵਿਕ ਲਾਲ ਨੇ ਦੱਸਿਆ ਕਿ ਭਾਵੇਂ ਅੱਗ ਲੱਗਣ ਦਾ ਕਾਰਨ ਕੰਪਿਊਟਰ ਰੂਮ ਵਿੱਚ ਸ਼ਾਰਟ ਸਰਕਟ ਹੋਣਾ ਮੰਨਿਆ ਜਾ ਰਿਹਾ ਹੈ ਪਰ ਫਿਰ ਵੀ ਡੀਨ (ਅਕਾਦਮਿਕ) ਪ੍ਰੋ. ਨਰੇਸ਼ ਪਾਂਡਾ ਦੀ ਪ੍ਰਧਾਨਗੀ ਹੇਠ ਇੱਕ 14 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਅੱਗ ਲੱਗਣ ਦੇ ਸਹੀ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।



# ਪੰਜਾਬ ਤੇਰਾ ਕੌਣ ਬੇਲੀ?

## ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸ਼ੁਰੂ ਤੋਂ ਹੀ ਸਿਆਸਤ ਹੋ ਰਹੀ ਹੈ ਤਾਂ ਹੁਣ ਪੰਜਾਬ ਸਿਆਸਤ ਵੀ ਨਾ ਕਰੇ?

ਪ੍ਰੋ: ਸਰਚਾਂਦ ਸਿੰਘ ਖਿਆਲਾ
9781355522





ਦੇਸ਼ ਦੇ ਹਰ ਨਾਗਰਿਕ ਦੇ ਮਨ 'ਚ ਸੁਪਰੀਮ ਕੋਰਟ ਪ੍ਰਤੀ ਸਤਿਕਾਰ ਹੈ ਅਤੇ ਇਸ ਦੇ ਜੱਜਾਂ ਦੀ ਕਾਬਲੀਅਤ 'ਤੇ 'ਸ਼ੱਕ' ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਹਾਲ ਹੀ ਵਿਚ ਇਸ ਵੱਲੋਂ ਸਤਲੁਜ ਜਮਨਾ ਲਿੰਕ (ਐੱਸ ਵਾਈ ਐਲ) ਨਹਿਰ ਮਾਮਲੇ 'ਚ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ ਇਸ ਮਾਮਲੇ 'ਤੇ ਸਿਆਸਤ ਨਾ ਕਰਨ ਲਈ ਕੀਤੀ ਗਈ ਹਦਾਇਤ ਨੇ ਨਾ ਕੇਵਲ ਪੰਜਾਬ ਸਗੋਂ ਇਸ ਮਾਮਲੇ 'ਚ ਥੋੜ੍ਹੀ ਬਹੁਤ ਜਾਣਕਾਰੀ ਰੱਖਣ ਵਾਲੇ ਹਰੇਕ ਵਿਅਕਤੀ ਨੂੰ ਵੀ ਸੋਚਣ ਲਈ ਮਜਬੂਰ ਕੀਤਾ ਹੈ। ਸਵਾਲ ਇਹ ਉਠਦਾ ਹੈ ਕਿ ਕੀ ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸਿਆਸਤ ਨਹੀਂ ਕੀਤੀ ਗਈ? ਜੇ ਇਸ ਦਾ ਜਵਾਬ ਹਾਂ ਵਿਚ ਹੈ ਤਾਂ ਫਿਰ ਪੰਜਾਬ ਨੂੰ ਇਸ ਮੁੱਦੇ 'ਤੇ ਸਿਆਸਤ ਕਰਨ ਤੋਂ ਕਿਉਂ ਵਰਜਿਆ ਜਾ ਰਿਹਾ ਹੈ? ਇੱਥੇ ਹੀ ਇਸ ਪੇਚੀਦਾ ਅਤੇ ਸੰਵੇਦਨਸ਼ੀਲ ਮਾਮਲੇ ਵਿਚ ਆਪਣੇ ਆਪ ਨੂੰ ਪੰਜਾਬ ਦਾ ਸਭ ਤੋਂ ਵੱਡਾ ਹਿਤੈਸ਼ੀ ਸਿੱਧ ਕਰਨ ਦੀ ਬਚਕਾਨਾ ਕੋਸ਼ਿਸ਼ ਕਰਦਿਆਂ ਸਿਆਸੀ ਫ਼ਾਇਦਾ ਲੈਣ ਦੀ ਹੋੜ 'ਚ ਸਿਆਸੀ ਧਿਰਾਂ ਦੁਆਰਾ 'ਇਕ ਬੂੰਦ ਵੀ ਪਾਣੀ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ' ਵਾਲਾ ਸਿਰਜਿਆ ਗਿਆ ਨੈਰੇਟਿਵ ਸਰਬੱਤ ਦਾ ਭਲਾ ਲੋਚਦੇ ਪੰਜਾਬੀਆਂ ਦੇ ਸੁਭਾਅ ਦੇ ਪ੍ਰਤੀਕੂਲ ਹੀ ਕਿਹਾ ਜਾਵੇਗਾ। ਇਹ ਸਾਡੀ ਲੀਡਰਸ਼ਿਪ ਦੀ ਸਿਆਸੀ ਲਿਆਕਤ 'ਤੇ ਪ੍ਰਸ਼ਨ ਚਿੰਨ੍ਹ ਹੈ ਕਿ ਅਸੀਂ ਅੱਜ ਤਕ ਵੀ ਦੇਸ਼ ਨੂੰ ਇਹ ਦੱਸਣ 'ਚ ਕਾਮਯਾਬ ਨਹੀਂ ਹੋਏ ਹਾਂ ਕਿ ਪੰਜਾਬ ਦਾ 70 ਫ਼ੀਸਦੀ ਪਾਣੀ ਹੁਣ ਵੀ ਮੁਫ਼ਤ ਵਿਚ ਬਾਹਰ (ਰਾਜਸਥਾਨ, ਹਰਿਆਣਾ ਅਤੇ ਦਿੱਲੀ) ਨੂੰ ਜਾ ਰਿਹਾ ਹੈ। ਦੇਸ਼ ਦਾ ਉਹ ਕਿਹੜਾ ਸੂਬਾ ਹੈ ਜਿਸ ਦੇ ਕੁਦਰਤੀ ਸੋਰਸ ਦੂਜੇ ਰਾਜਾਂ ਨੂੰ ਮੁਫ਼ਤ ਵਿਚ ਜਾ ਰਿਹਾ ਹੋਵੇ? ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਜਿਸ ਦੀ 70 ਫ਼ੀਸਦੀ ਅਬਾਦੀ ਖੇਤੀਬਾੜੀ 'ਤੇ ਨਿਰਭਰ ਹੈ। ਜਿਸ ਦੀ ਕੇਵਲ 28 ਫ਼ੀਸਦੀ ਜ਼ਮੀਨ ਨੂੰ ਹੀ ਨਹਿਰੀ ਪਾਣੀ ਨਸੀਬ ਹੈ ਅਤੇ ਬਾਕੀ ਦੇ ਵਾਹੀਯੋਗ ਜ਼ਮੀਨ ਨੂੰ ਅਸੀਂ ਬਿਜਲੀ ਅਤੇ ਡੀਜ਼ਲ ਇੰਜਣ ਦੇ ਜਰੀਏ ਕਰੀਬ 14 ਲੱਖ ਟਿਊਬਵੈੱਲ ਰਾਹੀਂ ਮਹਿੰਗੇ ਭਾਅ ਸਿੰਚਾਈ ਕਰ ਰਹੇ ਹਾਂ। ਜਿਸ ਕਾਰਨ ਸੌ ਤੋਂ ਵਧ ਬਲਾਕ ਧਰਤੀ ਹੇਠਲੇ ਪਾਣੀ ਦੀ ਕਮੀ ਨਾਲ ਡਾਰਕ ਜ਼ੋਨ ਵਿਚ ਜਾ ਚੁੱਕੇ ਹਨ ਅਤੇ ਪੰਜਾਬ ਦੀ ਜ਼ਮੀਨ ਹੇਠਲਾ ਪਾਣੀ ਜ਼ਿਆਦਾ ਦੇਰ ਤਕ ਉਪਲਬਧ ਨਹੀਂ ਰਹੇਗਾ। ਸੁਪਰੀਮ ਕੋਰਟ ਹਰਿਆਣਾ ਨੂੰ ਉਸ ਦਾ 'ਹੱਕ' ਦੇਣ ਅਤੇ ਨਹਿਰ ਦੇ ਨਿਰਮਾਣ ਲਈ ਤਾਂ ਗੰਭੀਰ ਨਜ਼ਰ ਆ ਰਹੀ ਹੈ ਪਰ ਕੀ ਪੰਜਾਬ ਕੋਲ ਵਾਧੂ ਪਾਣੀ ਹੈ ਵੀ ਕਿ ਨਹੀਂ ਇਸ ਬਾਰੇ ਕਦੀ ਪਤਾ ਕੀਤਾ ਵੀ? ਅਜ਼ਾਦੀ ਤੋਂ ਪਹਿਲਾਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਮਾਲਕੀ ਪੰਜਾਬ ਕੋਲ ਸੀ ਫਿਰ ਅਜ਼ਾਦੀ ਤੋਂ ਬਾਅਦ ਇਹ ਮਾਲਕੀ ਕਿਵੇਂ ਖੋਹ ਲਈ ਗਈ? ਬਹੁਤ ਸਾਰੇ ਸਵਾਲ ਹਨ, ਜਿਨ੍ਹਾਂ ਦਾ ਜਵਾਬ ਸੰਬੰਧਿਤ ਧਿਰਾਂ ਨੂੰ ਦੇਣਾ ਹੋਵੇਗਾ। ਇਸ ਨੁਕਤੇ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਇਹ ਪੰਜਾਬੀਆਂ ਦੇ ਹੱਕ ਅਤੇ ਭਾਵਨਾਵਾਂ ਨਾਲ ਜੁੜਿਆ ਹੋਇਆ ਮਾਮਲਾ ਹੈ, ਜਿਸ ਨੇ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ 'ਚ ਪੰਜਾਬ ਨੂੰ ਕਾਲੇ ਦੌਰ ਵਿਚੋਂ ਲੰਘਣ ਲਈ ਮਜਬੂਰ ਕੀਤਾ। ਦੇਸ਼ ਦੀ ਨਿਆਂਪਾਲਿਕਾ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਨੂੰ ਬੇਲੋੜਾ ਗਰਦਾਨ ਚੁੱਕੀ ਹੈ। ਪਰ ਇਸ ਦੌਰਾਨ ਲਏ ਗਏ ਫ਼ੈਸਲਿਆਂ 'ਚੋਂ ਇਕ 24 ਮਾਰਚ 1976 ਨੂੰ ਇੰਦਰਾ ਗਾਂਧੀ ਸਰਕਾਰ ਦੁਆਰਾ ਕੀਤੇ ਗਏ ਐਵਾਰਡ ਜਿਸ ਵਿਚ ਐੱਸ ਵਾਈ ਐਲ ਦਾ ਮਾਮਲਾ ਸ਼ਾਮਲ ਹੈ ਦੀ ਅੱਜ ਤਕ ਸਮੀਖਿਆ ਕਿਉਂ ਨਹੀਂ ਕੀਤੀ ਗਈ? 1955 ਤੋਂ ਲੈ ਕੇ 1987 ਤਕ ਪਾਣੀਆਂ ਦੀ ਪੱਖਪਾਤੀ ਵੰਡ ਲਈ ਕਾਂਗਰਸ ਦੀਆਂ ਸਰਕਾਰਾਂ ਜ਼ਿੰਮੇਵਾਰ ਸਨ ਤਾਂ ਅਕਾਲੀ ਦਲ ਨੂੰ ਵੀ ਇਸ ਮੁੱਦੇ 'ਤੇ ਫ਼ਾਰਗ ਨਹੀਂ ਕੀਤਾ ਜਾ ਸਕਦਾ। ਕਿਉਂਕਿ ਮਰਹੂਮ ਸ: ਪ੍ਰਕਾਸ਼ ਸਿੰਘ ਬਾਦਲ ਨੇ ਹੀ 31 ਮਾਰਚ 1979 ਨੂੰ ਹਰਿਆਣੇ ਦੀ ਚੌਧਰੀ ਦੇਵੀ ਲਾਲ ਸਰਕਾਰ ਤੋਂ ਇਕ ਕਰੋੜ ਰੁਪਏ ਵਸੂਲ ਕੇ ਐੱਸ ਵਾਈ ਐਲ ਲਈ ਜ਼ਮੀਨ ਐਕੁਆਇਰ ਕਰਨ ਦੀ ਪ੍ਰਕਿਰਿਆ ਜਾਰੀ ਸੀ ਅਤੇ ਸਤੰਬਰ 1985 ਵਿਚ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਅਕਾਲੀ ਸਰਕਾਰ ਬਣਨ ਦੇ ਇਕ ਸਾਲ ਦੇ ਅੰਦਰ ਐੱਸ ਵਾਈ ਐਲ ਲਈ 1595 ਏਕੜ ਜ਼ਮੀਨ ਐਕਵਾਇਰ ਕਰ ਲਈ ਗਈ ਸੀ, ਕੀ ਉਸ ਵਕਤ ਅਕਾਲੀਆਂ ਨੂੰ ਰਾਏਪੇਰੀਅਨ ਸਿਧਾਂਤ ਖਿਆਲ ਨਹੀਂ ਆਇਆ? ਪੰਜਾਬ ਦੇ ਪਾਣੀਆਂ ਦੇ ਮਾਮਲੇ 'ਤੇ ਸੰਵਿਧਾਨਿਕ ਵਿਵਸਥਾ ਨਾਲੋਂ ਹਮੇਸ਼ਾਂ ਰਾਜਨੀਤੀ ਭਾਰੂ ਰਹੀ। ਅੱਜ ਐੱਸ ਵਾਈ ਐੱਲ, ਹਾਂਸੀ ਬੁਟਾਨਾ ਅਤੇ ਰਾਜਸਥਾਨ ਨੂੰ ਮੰਗ ਅਨੁਸਾਰ ਪਾਣੀ ਦਿੱਤਾ ਜਾਵੇ ਤਾਂ ਪੰਜਾਬ ਕੋਲ 15% ਖੇਤੀ ਤਕ ਪਾਣੀ ਸੀਮਤ ਹੋ ਜਾਵੇਗਾ। ਜੇਕਰ ਐੱਸ ਵਾਈ ਐਲ ਪੁਟ ਕੇ ਹਰਿਆਣਾ ਨੂੰ ਪਾਣੀ ਦਿੱਤਾ ਜਾਂਦਾ ਹੈ ਤਾਂ ਉਸ ਕੋਲ ਜਮਨਾ ਅਤੇ ਹੋਰ ਸਰੋਤਾਂ ਤੋਂ ਕੁਲ ਪਾਣੀ 14. 38 ਐਮ ਏ ਐਫ ਹੋ ਜਾਵੇਗਾ। ਜਦ ਕਿ ਉਸ ਦੀ ਸਿੰਚਾਈ ਯੋਗ ਭੂਮੀ 45 ਲੱਖ ਏਕੜ ਹੈ। ਦੂਜੇ ਪਾਸੇ ਪੰਜਾਬ ਕੋਲ ਸਿੰਚਾਈ ਯੋਗ ਰਕਬਾ 84 ਲੱਖ ਏਕੜ ਹੈ ਤੇ ਪਾਣੀ 10. 5 ਐਮ ਏ ਐਫ ਹੀ ਰਹਿ ਜਾਵੇਗਾ। ਪੰਜਾਬ ਦੇ ਪਾਣੀਆਂ ਸਬੰਧੀ ਪੰਜਾਬ ਕਾਂਗਰਸ ਦੀ ਭੂਮਿਕਾ ਨਕਾਰਾਤਮਿਕ ਰਹੀ। ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਕਾਂਗਰਸੀ ਆਗੂ ਹਾਈ ਕਮਾਨ ਦੀ ਇੱਕ ਘੁਰਕੀ ਨਾਲ ਝੱਗ ਵਾਂਗ ਬੈਠ ਜਾਂਦੇ ਰਹੇ। ਅਜਿਹੇ ਮੌਕਾਪ੍ਰਸਤ ਲੀਡਰਸ਼ਿਪ ਦੀ ਨੀਤੀ ਦਿੱਲੀ ਦਰਬਾਰ ਨੂੰ ਖ਼ੁਸ਼ ਰੱਖਣ 'ਤੇ ਹੀ ਰਹੀ, ਬੇਸ਼ੱਕ ਪੰਜਾਬ ਤਬਾਹ ਕਿਉਂ ਨਾ ਹੋ ਜਾਵੇ।

ਤਿੰਨ ਦਰਿਆ ਸਤਲੁਜ, ਰਾਵੀ ਅਤੇ ਬਿਆਸ ਪੰਜਾਬ ਦੀ ਧਰਤੀ ਤੋਂ ਲੰਘਦੇ ਹਨ, ਸਵਾਲ ਉਠਦਾ ਹੈ ਕਿ ਕੀ ਉਕਤ ਦਰਿਆ ਭੂਗੋਲਿਕ ਪੱਖੋਂ ਕਿਸੇ ਹੋਰ ਰਾਜ ਦੇ ਵੰਡ ਖੇਤਰ ਜਾਂ ਹੱਦਾਂ ਅੰਦਰ ਆਉਂਦੇ ਹਨ? ਜੇ ਨਹੀਂ ਤਾਂ ਇਹਨਾਂ ਨੂੰ ਅੰਤਰਰਾਜੀ ਦਰਿਆਵਾਂ ਦੀ ਸੰਗਿਆ ਕਿਵੇਂ ਦਿੱਤੀ ਜਾ ਸਕਦੀ ਹੈ? ਪੰਜਾਬ ਤੋਂ ਬਿਨਾ ਦੂਜੇ ਰਾਜ ਗੈਰ ਰਾਇਪੇਰੀਅਨ ਰਾਜ ਹਨ। ਫਿਰ ਕਿਉਂ ਅਤੇ ਕਿਸ ਅਧਾਰ 'ਤੇ ਗੈਰ ਰਾਏਪੇਰੀਅਨ ਰਾਜਾਂ ਨੂੰ ਪੰਜਾਬ ਦਾ ਪਾਣੀ ਦਿੱਤਾ ਜਾ ਰਿਹਾ ਹੈ? ਇਨ੍ਹਾਂ ਹੀ ਨਹੀਂ ਰਾਏਪੇਰੀਅਨ ਰਾਜ ਹੋਣ ਦੇ ਬਾਵਜੂਦ ਪੰਜਾਬ ਨੂੰ ਗੈਰ ਰਾਏਪੇਰੀਅਨ ਰਾਜਾਂ ਨਾਲੋਂ ਘੱਟ ਪਾਣੀ ਦਿੱਤਾ ਜਾ ਰਿਹਾ ਹੈ। ਵਿਸ਼ਵ ਵਿੱਚ ਕਿਤੇ ਵੀ ਪਾਣੀਆਂ ਸਬੰਧੀ ਝਗੜਾ ਪੈਦਾ ਹੁੰਦਾ ਹੈ ਤਾਂ ਇਸ ਦਾ ਹੱਲ ਰਾਏਪੇਰੀਅਨ ਕਾਨੂੰਨ ਨਾਲ ਕੀਤਾ ਜਾਂਦਾ ਹੇ, ਜਿਸ ਦਾ ਭਾਵ ਹੈ ਕਿ ਦਰਿਆਵਾਂ ਨਦੀਆਂ ਕੰਢੇ ਵਸੇ ਜਾਂ ਜਿਸ ਖੇਤਰ ਵਿੱਚ ਇਹ ਲੰਘਣ ਉਸ ਰਾਜ ਜਾਂ ਦੇਸ਼ ਦਾ ਉਸ ਪਾਣੀ 'ਤੇ ਅਧਿਕਾਰ ਹੁੰਦਾ ਹੈ। ਹੇਲਸਿੰਕੀ ਰੂਲਜ਼, 1966, ਜੋ ਕਿ ਇੰਟਰਨੈਸ਼ਨਲ ਲਾਅ ਐਸੋਸੀਏਸ਼ਨ ਦੁਆਰਾ ਪ੍ਰਮਾਣਿਤ ਹੈ ਵੀ ਇਸ ਦੀ ਪੁਸ਼ਟੀ ਕਰਦਾ ਹੈ ਕਿ ਦਰਿਆਈ ਪਾਣੀ 'ਤੇ ਉਸੇ ਰਾਜ ਦਾ ਹੱਕ ਹੈ ਜਿਸ ਰਾਜ ਵਿਚੋਂ ਨਦੀ ਲੰਘਦੀ ਹੋਵੇ। ਭਾਰਤੀ ਸੰਵਿਧਾਨ ਦੇ ਅਨੁਛੇਦ 262 ਅਧੀਨ ਲਾਗੂ ਅੰਤਰਰਾਜੀ ਨਦੀ ਜਲ ਵਿਵਾਦ ਐਕਟ, 1956 (IRWD ਐਕਟ) ਦੀ ਧਾਰਾ- 14, ਵੀ ਉਪਰੋਕਤ ਸਿਧਾਂਤਾਂ ਦੀ ਪੁਸ਼ਟੀ ਅਤੇ ਤਰਜਮਾਨੀ ਕਰਦੀ ਹੈ। ਭਾਰਤੀ ਸੰਵਿਧਾਨ ਦੀ ਅਨੁਸੂਚੀ 7 ਦੇ ਰਾਜ ਸੂਚੀ ਦੀ ਐਂਟਰੀ 17, ਅਨੁਸਾਰ ਦਰਿਆਈ ਪਾਣੀਆਂ ਦੀ ਵਰਤੋਂ ਰਾਜਾਂ ਦੇ ਅਧਿਕਾਰ ਖੇਤਰ ਵਿੱਚ ਸ਼ਾਮਲ ਹੈ। ਹਾਲਾਂਕਿ, ਕੇਂਦਰ ਸਰਕਾਰ ਅੰਤਰ-ਰਾਜੀ ਦਰਿਆਵਾਂ ਅਤੇ ਨਦੀਆਂ ਦੀਆਂ ਘਾਟੀਆਂ ਦੇ ਨਿਯਮ ਅਤੇ ਵਿਕਾਸ ਬਾਰੇ ਕਾਨੂੰਨ ਬਣਾ ਸਕਦੀ ਹੈ ਜਦੋਂ ਲੋਕ ਹਿੱਤ ਵਿੱਚ ਮੁਨਾਸਬ ਹੋਵੇ। ਰਾਸ਼ਟਰਪਤੀ ਭਾਰਤ ਦੇ ਰਾਜਾਂ ਵਿਚਕਾਰ ਪੈਦਾ ਹੋਏ ਵਿਵਾਦ ਦੀ ਜਾਂਚ ਅਤੇ ਸਿਫਾਰਸ਼ ਕਰਨ ਲਈ ਧਾਰਾ 263 ਦੇ ਅਨੁਸਾਰ ਇੱਕ ਅੰਤਰਰਾਜੀ ਕੌਂਸਲ ਵੀ ਸਥਾਪਤ ਕਰ ਸਕਦਾ ਹੈ। IRWD ਐਕਟ (ਸੈਕਸ਼ਨ 2c2) ਕਿਸੇ ਅੰਤਰਰਾਜੀ ਨਦੀ/ਨਦੀ ਘਾਟੀ ਦੇ ਪਾਣੀ ਦੀ ਵਰਤੋਂ ਕਰਨ ਲਈ ਬੇਸਿਨ ਰਾਜਾਂ ਵਿਚਕਾਰ ਪਿਛਲੇ ਸਮਝੌਤਿਆਂ (ਜੇ ਕੋਈ ਹੈ) ਨੂੰ ਪ੍ਰਮਾਣਿਤ ਕਰਦਾ ਹੈ। ਸੰਵਿਧਾਨ ਦੀ ਧਾਰਾ 246 ਕਲਾਜ (3) ਦੀਆਂ ਧਾਰਾਵਾਂ (1) ਅਤੇ (2) ਦੇ ਅਧੀਨ ਕਿਸੇ ਵੀ ਰਾਜ ਦੀ ਵਿਧਾਨ ਸਭਾ ਕੋਲ ਅਜਿਹੇ ਰਾਜ ਜਾਂ ਇਸ ਦੇ ਕਿਸੇ ਹਿੱਸੇ ਲਈ ਸੂਚੀ 99 ਵਿੱਚ ਦਰਜ ਕਿਸੇ ਵੀ ਮਾਮਲੇ ਦੇ ਸਬੰਧ ਵਿੱਚ ਕਾਨੂੰਨ ਬਣਾਉਣ ਦੀ ਵਿਸ਼ੇਸ਼ ਸ਼ਕਤੀ ਹੈ। ਸੱਤਵੀਂ ਅਨੁਸੂਚੀ ਜੋ ਸੰਵਿਧਾਨ ਵਿੱਚ 'ਰਾਜ ਸੂਚੀ' ਵਜੋਂ ਜਾਣਿਆ ਜਾਂਦਾ ਹੈ। ਰਾਜ ਸੂਚੀ ਦੀ 17ਵੀਂ ਐਂਟਰੀ ਪਾਣੀ ਨਾਲ ਸਬੰਧਿਤ ਹੈ, ਜਿਸ ਦਾ ਅਰਥ ਹੈ, ਦਰਿਆਈ ਪਾਣੀ/ਨਹਿਰ ਦਾ ਪਾਣੀ, ਉਪਰੋਕਤ ਸੂਚੀ ਵਿੱਚ ਦਿੱਤੇ ਗਏ ਵਰਣਨ ਤੋਂ ਇਲਾਵਾ। ਉਕਤ ਐਕਟ ਅਨੁਸਾਰ ਗੁਆਂਢੀ ਰਾਜ ਹਰਿਆਣਾ, ਰਾਜਸਥਾਨ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਜੋਂ ਚੰਡੀਗੜ੍ਹ ਉਕਤ ਦਰਿਆਵਾਂ 'ਤੇ ਨਾ ਸੰਵਿਧਾਨਕ ਹੱਕ ਬਣ ਦਾ ਹੈ ਨਾ ਹੀ ਰਾਏਪੇਰੀਅਨ ਤੇ ਨਾ ਹੀ ਭੂਗੋਲਿਕ। ਕਿਸੇ ਵੀ ਰਾਏਪੇਰੀਅਨ ਰਾਜ ਦੇ ਰਾਏਪੇਰੀਅਨ ਅਧਿਕਾਰਾਂ ਨੂੰ ਭੂਗੋਲਿਕ ਜਾਂ ਸੰਵਿਧਾਨਿਕ ਪੱਖੋਂ ਕਿਸੇ ਵੀ ਅਧਾਰ 'ਤੇ ਚੁਨੌਤੀ ਨਹੀਂ ਦਿੱਤੀ ਜਾ ਸਕਦੀ। ਸਾਰੇ ਦੇਸ਼ ਵਿੱਚ ਧਾਰਾ 246 ਲਾਗੂ ਹੁੰਦੀ ਹੈ ਪਰ ਪੰਜਾਬ 'ਤੇ ਕਿਉਂ ਨਹੀਂ? ਕਾਰਨ ਹੈ, ਪੰਜਾਬ ਪੁਨਰ ਗਠਨ ਐਕਟ 1966, ਜਿਸ ਵਿੱਚ ਗੈਰ ਸੰਵਿਧਾਨਕ ਮੱਦਾਂ 78, 79 ਅਤੇ 80 ਜੋੜ ਕੇ ਕੇਂਦਰ ਸਰਕਾਰ ਨੇ ਪੰਜਾਬ ਦੀ ਰਾਜਧਾਨੀ, ਪੰਜਾਬ ਦੇ ਦਰਿਆਈ ਪਾਣੀ, ਡੈਮ, ਹਾਈਡਲ ਪਾਵਰ, ਆਦਿ ਦੀ ਵੰਡ ਵੰਡਾਈ, ਰੱਖ ਰਖਾਅ ਅਤੇ ਇਹਨਾਂ ਦੇ ਵਿਕਾਸ ਦੇ ਕੰਮ ਆਦਿ ਆਪਣੇ ਅਧੀਨ ਕਰ ਲਏ ਸਨ। ਇਹਨਾਂ ਮੱਦਾਂ ਅਨੁਸਾਰ ਪੰਜਾਬ ਤੇ ਹਰਿਆਣਾ ਰਾਜਾਂ ਵਿੱਚ ਦਰਿਆਈ ਪਾਣੀਆਂ ਬਾਰੇ ਕੋਈ ਝਗੜਾ ਨਾ ਨਿੱਬੜਦਾ ਹੋਵੇ ਤਾਂ ਨਿਪਟਾਰੇ ਦਾ ਅਧਿਕਾਰ ਕੇਂਦਰ ਕੋਲ ਹੋਵੇਗਾ।

ਪੰਜਾਬ ਦੇ ਦਰਿਆਈ ਪਾਣੀਆਂ ਨੂੰ ਲੈ ਕੇ ਗੈਰ ਕਾਨੂੰਨੀ ਵੰਡ, ਧੱਕੇਸ਼ਾਹੀਆਂ ਅਤੇ ਦਰਿਆਈ ਪਾਣੀਆਂ ਦੇ ਹੱਕ ਜਾਂ ਮਾਲਕੀ ਨੂੰ ਖੋਹਣ ਦੀ ਸਾਜ਼ਿਸ਼ ਅਤੇ ਸਿਲਸਿਲਾ ਕਾਂਗਰਸੀ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਦੀ ਅਗਵਾਈ 'ਚ ਦਿੱਲੀ ਦਰਬਾਰ ਨੇ 1950 ਦੇ ਦੌਰਾਨ ਹੀ ਸ਼ੁਰੂ ਕਰ ਲਿਆ ਸੀ। ਜਦੋਂ ਭਾਰਤ ਅਤੇ ਪਾਕਿਸਤਾਨ ਵਿੱਚ ਪਾਣੀ ਦੇ ਝਗੜੇ ਨੂੰ ਨਿਪਟਾਉਣ ਲਈ ਵਿਸ਼ਵ ਬੈਂਕ ਦੀ ਸਾਲਸੀ ਮੌਕੇ ਉਸ ਕੋਲ ਰਾਜਸਥਾਨ ਨੂੰ ਵੀ ਪੰਜਾਬ ਦੇ ਪਾਣੀ ਦੇ ਹਿੱਸੇਦਾਰ ਵੱਜੋਂ ਦਰਸਾਇਆ ਗਿਆ, ਭਾਵੇਂ ਕਿ ਕਹਿਣ ਅਨੁਸਾਰ ਇਹ ਭਾਰਤ ਦੇ ਪੱਖ ਨੂੰ ਮਜ਼ਬੂਤ ਕਰਨ ਲਈ ਸੀ। ਪਰ 1960 ਵਿੱਚ ਭਾਰਤ ਪਾਕਿਸਤਾਨ ਦੇ ਸਿੰਧ ਜਲ ਸਮਝੌਤੇ ਤੋਂ ਬਾਅਦ ਵੀ ਰਾਜਸਥਾਨ ਦੀ ਮਾਲਕੀ ਨੂੰ ਰੱਦ ਨਹੀਂ ਕੀਤਾ ਗਿਆ। 29 ਜਨਵਰੀ 1955 ਦੀ ਜਲ ਵੰਡ ਦੌਰਾਨ ਗੈਰ ਰਾਏਪੇਰੀਅਨ ਰਾਜ ਰਾਜਸਥਾਨ ਨੂੰ 8 ਐਮ ਏ ਐਫ ਅਤੇ ਪੰਜਾਬ ਨੂੰ ਇਸ ਤੋਂ ਘਟ 7.2 ਐਮ ਏ ਐਫ ਪਾਣੀ ਦਿੱਤਾ ਗਿਆ। 24 ਮਾਰਚ 1976 'ਚ ਕਾਂਗਰਸੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੀ ਕਾਰਜ ਕਾਲ ਸਮੇਂ ਕਾਂਗਰਸ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਦੀ ਆੜ 'ਚ ਇੱਕ ਨੋਟੀਫ਼ਿਕੇਸ਼ਨ, ਰਾਹੀਂ ਪੰਜਾਬ ਅਤੇ ਹਰਿਆਣਾ ਨੂੰ 3.5 ਐਮ ਏ ਐਫ ਦੀ ਬਰਾਬਰ ਅਤੇ .2 ਐਮ ਏ ਐਫ ਦਿਲੀ ਨੂੰ ਪਾਣੀ ਦੇਣ ਦਾ ਅਣ ਉਚਿਤ ਵੰਡ ਬਾਰੇ ਫ਼ਰਮਾਨ ਜਾਰੀ ਕੀਤਾ, ਜਿਸ ਨਾਲ ਐੱਸ ਵਾਈ ਐਲ ਦੀ ਤਜਵੀਜ਼ ਸਾਹਮਣੇ ਆਈ। ਜਿਸ ਨੂੰ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ ਗਿਆ। ਇਸੇ ਦੌਰਾਨ 18 ਨਵੰਬਰ 1976 ਨੂੰ ਐੱਸ ਵਾਈ ਐਲ ਨਹਿਰ ਲਈ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਹਰਿਆਣਾ ਤੋਂ ਇੱਕ ਕਰੋੜ ਰੁਪੈ ਵਸੂਲਿਆ ਅਤੇ 14 ਜਨਵਰੀ 1977 ਨੂੰ ਨਹਿਰ ਬਣਾਉਣ ਲਈ ਪ੍ਰਸ਼ਾਸਨਿਕ ਮਨਜ਼ੂਰੀ ਦਿੱਤੀ ਗਈ। 30 ਅਪ੍ਰੈਲ 1979 ਨੂੰ ਹਰਿਆਣਾ ਨੇ ਫ਼ੈਸਲੇ ਨੂੰ ਲਾਗੂ ਕਰਾਉਣ ਲਈ ਸੁਪਰੀਮ ਕੋਰਟ ਤਕ ਪਹੁੰਚ ਕੀਤੀ ਤਾਂ ਪੰਜਾਬ ਵਿੱਚ ਅਕਾਲੀ ਸਰਕਾਰ ਬਣਨ 'ਤੇ 11 ਜੁਲਾਈ 1979 ਨੂੰ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ "ਪੰਜਾਬ ਪੁਨਰ ਗਠਨ ਐਕਟ" ਦੇ ਮਦ 78,79 ਅਤੇ 80 ਦੀ ਕਾਨੂੰਨੀ ਮਾਨਤਾ ਨੂੰ ਚੈਲੰਜ ਕਰਦਿਆਂ ਸੁਪਰੀਮ ਕੋਰਟ ਵਿੱਚ ਕੇਸ ਦਾਖਲ ਕੀਤਾ, 17 ਫਰਵਰੀ 1980 'ਚ ਇੰਦਰਾ ਵੱਲੋਂ ਬਾਦਲ ਸਰਕਾਰ ਬਰਖ਼ਾਸਤ ਕਰ ਦਿੱਤੀ ਗਈ। 31 ਦਸੰਬਰ 1981 ਨੂੰ ਇੰਦਰਾ ਗਾਂਧੀ ਨੇ ਪੰਜਾਬ ਦਾ ਹਰਿਆਣਾ ਅਤੇ ਰਾਜਸਥਾਨ ਨਾਲ ਸਮਝੌਤਾ ਕਰਾਇਆ ਅਤੇ ਬਾਦਲ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਪਾਏ ਗਏ ਕੇਸ ਨੂੰ ਮੁੱਖ ਮੰਤਰੀ ਦਰਬਾਰਾ ਸਿੰਘ 'ਤੇ ਦਬਾਅ ਪਾ ਕੇ ਵਾਪਸ ਵੀ ਕਰਾਇਆ। ਇਸੇ ਉਪਰੰਤ ਸ੍ਰੀਮਤੀ ਇੰਦਰਾ ਗਾਂਧੀ ਨੇ 8 ਅਪ੍ਰੈਲ 1982 ਨੂੰ ਹਰਿਆਣਾ ਨੂੰ ਹੋਰ ਪਾਣੀ ਦੇਣ ਲਈ ਪਟਿਆਲਾ ਦੇ ਪਿੰਡ ਕਪੂਰੀ ਵਿਖੇ ਐੱਸ ਵਾਈ ਐਲ ਨਹਿਰ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਅਕਾਲੀ ਦਲ ਅਤੇ ਸੀ ਪੀ ਐੱਮ ਨੇ ਮੋਰਚਾ ਸ਼ੁਰੂ ਕੀਤਾ। ਜੋ ਕਿ ਧਰਮ ਯੁੱਧ ਮੋਰਚੇ ਵਿੱਚ ਤਬਦੀਲ ਹੁੰਦਿਆਂ ਸਾਕਾ ਨੀਲਾ ਤਾਰਾ, ਇੰਦਰਾ ਗਾਂਧੀ ਦਾ ਕਤਲ ਅਤੇ ਦਿੱਲੀ ਸਮੇਤ ਹੋਰ ਸ਼ਹਿਰਾਂ 'ਚ ਸਿੱਖਾਂ ਦੇ ਕਤਲੇਆਮ ਹੋਏ। ਉਪਰੰਤ 24 ਜੁਲਾਈ 1985 ਨੂੰ ਰਾਜੀਵ ਲੌਂਗੋਵਾਲ ਸਮਝੌਤੇ ਤਹਿਤ 30 ਜਨਵਰੀ 1987 ਦੌਰਾਨ ਬਾਲਾ ਕ੍ਰਿਸ਼ਨ ਇਰਾਡੀ ਦੀ ਅਗਵਾਈ ਇਰਾਡੀ ਟ੍ਰਿਬਿਊਨਲ

ਹੋਂਦ ਵਿਚ ਆਇਆ। ਇਸ ਦਾ ਮਕਸਦ ਲਿੰਕ ਨਹਿਰ ਨੂੰ ਜਲਦ ਪੂਰਾ ਕਰਨਾ ਸੀ। ਬਦਲੇ ਵਿਚ ਸ: ਸੁਰਜੀਤ ਸਿੰਘ ਬਰਨਾਲੇ ਨੂੰ ਪੰਜਾਬ ਦੀ 19 ਮਹੀਨਿਆਂ ਦੀ ਸਤਾ ਮਿਲੀ। ਇਰਾਡੀ ਕਮਿਸ਼ਨ ਦਾ ਕਾਰਜ ਵਾਧੂ ਪਾਣੀਆਂ ਬਾਰੇ ਸੀ, ਜਿਸ ਵੱਲੋਂ ਵੰਡ ਲਈ 17 ਸਾਲ ਪੁਰਾਣੇ ਜਲ ਅੰਕੜਿਆਂ ਨੂੰ ਅਧਾਰ ਬਣਾ ਕੇ ਪੰਜਾਬ ਨਾਲ ਧ੍ਰੋਹ ਕਮਾਉਂਦਿਆਂ ਪੰਜਾਬ 'ਚ ਉਪਲਬਧ 70 ਲੱਖ ਏਕੜ ਫੁੱਟ ਦੀ ਜਗਾ 88 ਲੱਖ ਏਕੜ ਫੁੱਟ ਆਂਕ ਲਈ ਗਈ। ਪੰਜਾਬ ਨੂੰ ਲੋੜੀਂਦਾ 73 ਲੱਖ ਏਕੜ ਫੁੱਟ ਦੀ ਥਾਂ ਕੇਂਦਰੀ ਏਜੰਸੀ ਅਤੇ ਪ੍ਰਾਜੈਕਟ ਪ੍ਰਬੰਧ ਬਿਆਸ ਮੈਨੇਜਮੈਂਟ ਬੋਰਡ ਦੇ ਪੰਜਾਬ ਲਈ ਵਰਤੋਂ 41 ਲੱਖ ਏਕੜ ਫੁੱਟ ਦੱਸਣ ਦੇ ਬਾਵਜੂਦ ਪੰਜਾਬ ਲਈ 31 ਲੱਖ ਏਕੜ ਫੁੱਟ ਮੰਨੀ ਗਈ। ਦੂਜੇ ਪਾਸੇ ਹਰਿਆਣਾ ਦੇ 10 .36 ਲੱਖ ਏਕੜ ਫੁੱਟ ਲੋੜ ਦੱਸਣ ਦੇ ਬਾਵਜੂਦ ਅਤੇ ਭਾਖੜਾ ਬਿਆਸ ਬੋਰਡ ਦੇ 11.44 ਲੱਖ ਏਕੜ ਦੀ ਥਾਂ ਉਸ ਲਈ 16.2 ਲੱਖ ਏਕੜ ਫੁੱਟ ਤਹਿ ਕੀਤੀ। ਇਹ ਇਰਾਡੀ ਦਾ ਪੰਜਾਬ ਨਾਲ ਕਿੱਡਾ ਵੱਡਾ ਮਜ਼ਾਕ ਸੀ ਕਿ ਇਰਾਡੀ ਟ੍ਰਿਬਿਊਨਲ ਨੇ ਪੰਜਾਬ ਦੀ ਇਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਗੈਰ ਰਾਏਪੇਰੀਅਨ ਰਾਜਸਥਾਨ ਦਾ ਰਾਵੀ-ਬਿਆਸ ਦੇ ਪਾਣੀਆਂ 'ਤੇ ਕੋਈ ਹੱਕ ਨਹੀਂ ਹੈ। ਉਸ ਅਨੁਸਾਰ 'ਭਾਰਤ ਵਰਗੇ ਦੇਸ਼ ਵਿੱਚ ਰਾਏਪੇਰੀਅਨ ਸਿਧਾਂਤ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਰਾਜ ਦੀਆਂ ਹੱਦਾਂ ਦੀ ਕੋਈ ਸਥਿਰਤਾ ਨਹੀਂ ਹੈ। ਸਾਡੇ ਸੰਵਿਧਾਨ ਦੇ ਤਹਿਤ ਰਾਜ ਦੀਆਂ ਹੱਦਾਂ ਨੂੰ ਬਦਲਿਆ ਜਾ ਸਕਦਾ ਹੈ ਅਤੇ ਇੱਕ ਰਾਜ ਨੂੰ ਖ਼ਤਮ ਵੀ ਕੀਤਾ ਜਾ ਸਕਦਾ ਹੈ। ਇਸ ਲਈ ਕੋਈ ਵੀ ਰਾਜ ਪਾਣੀਆਂ ਦੀ ਮਾਲਕੀ ਦਾ ਦਾਅਵਾ ਨਹੀਂ ਕਰ ਸਕਦਾ।÷ ਇਸ ਦੇ ਵਿਪਰੀਤ ਕੇਂਦਰੀ ਵਾਟਰ ਐਂਡ ਪਾਵਰ ਕਮਿਸ਼ਨ (1955) ਦੇ ਚੇਅਰਮੈਨ ਰਾਏ ਬਹਾਦਰ ਕੰਵਰ ਸੈਨ ਦੀ ਇਹ ਦਲੀਲ ਜੋ ਉਸ ਨੇ 9 ਫਰਵਰੀ 1983 ਨੂੰ ਅਖ਼ਬਾਰਾਂ ਨੂੰ ਦਿੱਤੀ ਅਤੇ ਅਗਲੇ ਦਿਨ ਛਪਿਆ ਵੀ, 10 ਫਰਵਰੀ, 1983 ਇੰਡੀਅਨ ਐਕਸਪ੍ਰੈੱਸ ਅਨੁਸਾਰ ''ਅਕਾਲੀ ਦਲ ਦਾ ਦਰਿਆਈ ਪਾਣੀਆਂ ਦੇ ਵਿਵਾਦ ਨੂੰ ਮੁੜ ਵਿਚਾਰਨਾ ਤਰਕਸੰਗਤ ਹੈ ਕਿਉਂਕਿ ਪੰਜਾਬ ਨੂੰ ਪਾਣੀਆਂ ਦਾ ਬਣ ਦਾ ਹਿੱਸਾ ਤੇ ਹੱਕ ਨਹੀਂ ਸੀ ਮਿਲਿਆ। 1976 ਦਾ ਨੋਟੀਫ਼ਿਕੇਸ਼ਨ ਗ਼ਲਤ ਸੀ। ਜਦ 1955 'ਚ ਪੰਜਾਬ, ਪੈਪਸੂ ਅਤੇ ਰਾਜਸਥਾਨ ਦਾ ਕਲੇਮ ਪੇਸ਼ ਕੀਤਾ ਗਿਆ ਤਾਂ ਉਸ ਵਕਤ ਅਜੋਕਾ ਹਰਿਆਣਾ ਦੇ ਖੇਤਰ ਨੂੰ ਵਿਚਾਰਿਆ ਨਹੀਂ ਗਿਆ ਕਿਉਂਕਿ ਇਹ ਲਿਫ਼ਟ ਏਰੀਆ ਕਰ ਕੇ ਜਾਣੇ ਜਾਂਦੇ ਸਨ। ਇਹ ਵੀ ਕਿੰਨੀ ਹਾਸੋ ਹੀਣੀ ਅਤੇ ਗੈਰ ਤਰਕਸੰਗਤ ਸੀ ਕਿ ਪੰਜਾਬ ਪੁਨਰ ਗਠਨ 1966 ਦੇ ਵਕਤ ਜ਼ਮੀਨ 60:40 ਦੇ ਅਨੁਪਾਤ ਵਿੱਚ ਵੰਡੀ ਗਈ, ਪਰ ਪਾਣੀ ਨੂੰ ਇਸ ਅਨੁਪਾਤ 'ਚ ਨਹੀਂ ਵੰਡਿਆ ਗਿਆ, ਬੇਸ਼ੱਕ ਪਾਣੀਆਂ ਬਾਰੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਮੌਜੂਦਗੀ 'ਚ ਹਰਿਆਣੇ ਦਾ ਕੋਈ ਹੱਕ ਨਹੀਂ ਵੀ ਬਣਦਾ। ਦੂਜੇ ਪਾਸੇ ਹਰਿਆਣਾ ਜਮਨਾ ਦੇ ਪਾਣੀ 'ਤੇ ਪੰਜਾਬ ਦਾ ਹੱਕ ਨਹੀਂ ਮੰਨਦਾ ਹੈ। ਵੰਡ ਤੋਂ ਪਹਿਲਾਂ ਦੇ ਪੰਜਾਬ ਵਿੱਚ ਪੈਂਦੇ ਜਮਨਾ ਦੇ ਪਾਣੀ ਦਾ ਅਧਿਕਾਰ ਕੇਂਦਰ ਨੇ ਹਰਿਆਣੇ ਨੂੰ ਦੇ ਦਿੱਤਾ। ਜੇ ਕੇਂਦਰ ਨਿਆਂ ਸੰਗਤ ਹੁੰਦੀ ਤਾਂ ਜਮਨਾ 'ਤੇ ਆਪਣਾ ਅਧਿਕਾਰ ਰੱਖਦਾ। ਜਿਵੇਂ ਪੰਜਾਬ ਦੇ ਪਾਣੀਆਂ 'ਤੇ ਰੱਖਿਆ ਸੀ।

ਸੰਵਿਧਾਨਿਕ ਵਿਵਸਥਾ ਅਨੁਸਾਰ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਵੰਡਣ ਦਾ ਅਧਿਕਾਰ ਨਾ ਕਿਸੇ ਪਾਰਲੀਮੈਂਟ ਨੂੰ, ਨਾ ਕਾਰਜ ਪਾਲਿਕਾ, ਵਿਸ਼ੇਸ਼ ਵਿਅਕਤੀ ਜਾਂ ਸਿਆਸਤਦਾਨ ਨੂੰ ਭਾਵੇਂ ਉਹ ਕਿਸੇ ਵੀ ਵੱਡੇ ਅਹੁਦੇ 'ਤੇ ਬੈਠਾ ਹੀ ਕਿਉਂ ਨਾ ਹੋਵੇ। ਫਿਰ ਸੰਵਿਧਾਨ ਦੀ ਅਣਦੇਖੀ ਕਿਉਂ? 1985 'ਚ ਰਾਜੀਵ ਗਾਂਧੀ ਅਤੇ ਸੰਤ ਲੌਂਗੋਵਾਲ ਨੂੰ ਕਿਸ ਨੇ ਅਧਿਕਾਰ ਦਿੱਤੇ ਹਨ ਕਿ ਉਹ ਪਾਣੀਆਂ ਬਾਰੇ ਸਮਝੌਤਾ ਕਰੇ?

ਇਹ ਨਹੀਂ ਕਿ ਪੰਜਾਬ ਦੀ ਲੀਡਰਸ਼ਿਪ ਨੇ ਸਾਰਥਿਕ ਕੰਮ ਨਹੀਂ ਕੀਤੇ ਕੇਂਦਰ ਦੀ ਕਾਂਗਰਸ ਸਰਕਾਰ ਨੇ 2004 'ਚ ਸੁਪਰੀਮ ਕੋਰਟ ਦੇ ਹੁਕਮ 'ਤੇ ਇੱਕ ਮਹੀਨੇ ਦੇ ਅੰਦਰ ਨਹਿਰ ਮੁਕੰਮਲ ਕਰਨ ਲਈ ਕੇਂਦਰੀ ਏਜੰਸੀ ਦੀ ਸਥਾਪਨਾ ਕਰਨ ਵਿੱਚ ਸਰਗਰਮੀ ਦਿਖਾਈ ਤਾਂ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ 31 ਦਸੰਬਰ 1981 ਸਮੇਤ ਤਮਾਮ ਪਿਛਲੇ ਸਮਝੌਤੇ ਨੂੰ ਪੰਜਾਬ ਵਿਧਾਨ ਸਭਾ ਵੱਲੋਂ ਟਰਮੀਨੇਸ਼ਨ ਆਫ਼ ਐਗਰੀਮੈਂਟ ਐਕਟ 2004 ਰਾਹੀਂ ਰੱਦ ਕਰ ਦਿੱਤਾ ਸੀ। ਬੇਸ਼ੱਕ ਇਸ ਐਕਟ ਸੰਬੰਧੀ ਰਾਸ਼ਟਰਪਤੀ ਅਬਦੁਲ ਕਲਾਮ ਨੇ 22 ਜੁਲਾਈ 2004 ਨੂੰ ਸੁਪਰੀਮ ਕੋਰਟ ਤੋਂ ਸਲਾਹ ਮੰਗੀ ਅਤੇ ਸੁਪਰੀਮ ਕੋਰਟ ਨੇ 10 ਨਵੰਬਰ 2016 ਨੂੰ ਉਕਤ ਐਕਟ ਨੂੰ ਗੈਰ ਸੰਵਿਧਾਨਿਕ ਕਰਾਰ ਦੇ ਦਿੱਤਾ।

ਇਸੇ ਤਰ੍ਹਾਂ ਅਕਾਲੀ ਭਾਜਪਾ ਸਰਕਾਰ ਸਮੇਂ 14 ਮਾਰਚ 2016 ਨੂੰ ਪੰਜਾਬ ਐਸਵਾਈਐਲ ਨਹਿਰੀ ਜ਼ਮੀਨ (ਮਾਲਕੀਅਤ ਅਧਿਕਾਰਾਂ ਦਾ ਤਬਾਦਲਾ) ਬਿੱਲ, 2016 ਰਾਹੀਂ ਐਸਵਾਈਐਲ ਦੇ ਨਿਰਮਾਣ ਲਈ ਐਕੁਆਇਰ ਕੀਤੀ ਜ਼ਮੀਨ ਨੂੰ ਡੀ-ਨੋਟੀਫਾਈ ਕਰਨ ਦਾ ਇਤਿਹਾਸਕ ਫ਼ੈਸਲਾ ਕੀਤਾ ਗਿਆ। ਇਸ ਉਪਰੰਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਉਂਦਿਆਂ 16 ਨਵੰਬਰ, 2016 ਨੂੰ ਐੱਸ.ਵਾਈ.ਐਲ. ਨਹਿਰ ਪ੍ਰਾਜੈਕਟ ਲਈ ਐਕਵਾਇਰ ਕੀਤੀ ਜ਼ਮੀਨ ਤੁਰੰਤ ਪ੍ਰਭਾਵ ਨਾਲ ਡੀ-ਨੋਟੀਫਾਈ ਕਰ ਦਿੱਤੀ ਗਈ ਹੈ ਅਤੇ ਤੁਰੰਤ ਲਾਗੂ ਕਰਦਿਆਂ ਰੋਪੜ, ਫ਼ਤਿਹਗੜ੍ਹ, ਮੋਹਾਲੀ ਅਤੇ ਪਟਿਆਲਾ ਅਧੀਨ ਆਉਂਦੇ 202 ਪਿੰਡਾਂ ਦੀ 4261 ਏਕੜ ਜ਼ਮੀਨ ਇਸ ਦੇ 21511 ਅਸਲ ਮਾਲਕਾਂ ਨੂੰ ਮੁਫ਼ਤ ਵਿਚ ਵਾਪਸ ਕੀਤੀ ਗਈ। ਇਸ ਦੇ ਨਾਲ ਹੀ ਦਰਿਆਈ ਪਾਣੀਆਂ ਦੀ ਰਾਇਲਟੀ ਗੈਰ ਰਾਏਪੇਰੀਅਨ ਰਾਜ ਰਾਜਸਥਾਨ, ਹਰਿਆਣਾ ਅਤੇ ਦਿਲੀ ਤੋਂ ਮੰਗੀ ਗਈ। ਤੱਥ ਬੋਲਦੇ ਹਨ ਕਿ ਅੰਗਰੇਜ਼ ਰਾਜ ਸਮੇਂ ਵੀ ਪੰਜਾਬ ਦੇ ਦਰਿਆਵਾਂ ਦੀ ਮਾਲਕੀ ਪੰਜਾਬ ਦੀ ਮੰਨੀ ਜਾਂਦੀ ਸੀ ਅਤੇ ਪੰਜਾਬ ਨੂੰ ਰਾਇਲਟੀ ਮਿਲਦੀ ਸੀ। ਬਰਤਾਨੀਆ ਸਰਕਾਰ ਵੱਲੋਂ 16 ਦਸੰਬਰ 1868 ਦੇ ਐਲਾਨੇ ਗਏ ਫ਼ੈਸਲੇ ਵਿੱਚ ਕਿਹਾ ਗਿਆ ਕਿ ਬਰਤਾਨਵੀ ਖੇਤਰ ਦੇ ਜਿਸ ਰਾਜ ਦੇ ਦਰਿਆ ਵਿੱਚੋਂ ਨਹਿਰ ਕੱਢੀ ਜਾਵੇਗੀ ਉਸ ਦੇ ਪਾਣੀਆਂ ਦਾ ਲਾਭ ਅਤੇ ਪਾਣੀਆਂ 'ਤੇ ਉਸ ਰਾਜ ਦਾ ਹੱਕ ਹੋਵੇਗਾ। ਉਸ ਵਕਤ ਕਿਹਾ ਗਿਆ ਕਿ ਪਟਿਆਲਾ ਰਿਆਸਤ ਨੂੰ ਪਾਣੀ ਦਿੱਤਾ ਜਾ ਸਕਦਾ ਹੈ ਪਰ ਇਹ ਉਸ ਦੇ ਹੱਕ ਵਜੋਂ ਨਹੀਂ ਸਗੋਂ ਮਾਨਵੀ ਅਧਾਰ 'ਤੇ ਹੋਵੇਗਾ, ਜਿਸ ਲਈ ਉਸ ਨੂੰ ਪੰਜਾਬ ਨੂੰ ਅਦਾਇਗੀ ਕਰਨੀ ਪਵੇਗੀ। ਇਸੇ ਯੋਜਨਾ ਤਹਿਤ ਸਰਹੰਦ ਨਹਿਰ ਕੱਢੀ ਗਈ ਸੀ। 1920 'ਚ ਬੀਕਾਨੇਰ ਦੇ ਰਾਜੇ ਗੰਗਾ ਸਿੰਘ ਨੇ ਜਦ ਸਤਲੁਜ ਦਰਿਆ 'ਚ ਨਹਿਰ ਕੱਢ ਕੇ ਪਾਣੀ ਲਿਜਾਣਾ ਚਾਹਿਆ ਤਾਂ ਅੰਗਰੇਜ਼ ਸਰਕਾਰ ਨੇ ਉਸ ਨੂੰ ਪੰਜਾਬ ਤੋਂ ਮਨਜ਼ੂਰੀ ਲੈਣ ਲਈ ਕਿਹਾ । ਉਸ ਸਮੇਂ ਗੰਗ ਕੈਨਾਲ ਨਾਮ ਨਾਲ ਜਾਣੀ ਜਾਂਦੀ ਨਹਿਰ ਕੱਢੀ ਗਈ ਤੇ 1947 ਤਕ 11 ਲੱਖ ਏਕੜ ਫੁੱਟ ਪਾਣੀ 'ਤੇ 4 ਆਨੇ ਏਕੜ ਦੇ ਹਿਸਾਬ ਨਾਲ ਪੰਜਾਬ ਨੂੰ ਰਾਇਲਟੀ ਮਿਲਦੀ ਰਹੀ। ਮਾਹਿਰਾਂ ਦੇ ਅਨੁਮਾਨ ਮੁਤਾਬਿਕ ਹੁਣ ਤੱਕ ਰਾਜਸਥਾਨ 'ਤੇ 15 ਲੱਖ ਕਰੋੜ ਅਤੇ ਹਰਿਆਣਾ 'ਤੇ 80 ਹਜ਼ਾਰ ਕਰੋੜ ਦੀ ਰਾਇਲਟੀ ਬਣਦੀ ਹੈ।

ਪੰਜਾਬ ਵਾਸੀਆਂ ਨੂੰ ਆਪਣੇ ਸੰਵਿਧਾਨਿਕ ਹੱਕਾਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਪੰਜਾਬ ਦੀ ਵਧ ਰਹੀ ਵਸੋਂ, ਖੇਤੀ, ਨਾਗਰਿਕ, ਸਨਅਤੀ ਅਤੇ ਭਵਿੱਖ ਦੀਆਂ ਪਾਣੀ ਸੰਬੰਧੀ ਲੋੜਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਾਣੀਆਂ ਦੇ ਮਾਮਲੇ 'ਚ ਪੰਜਾਬ ਦੀਆਂ ਸਾਰੀਆਂ ਧਿਰਾਂ ਨੂੰ ਇੱਕਜੁੱਟ ਹੋਣ ਦੀ ਲੋੜ ਹੈ।

**(ਸੂਬਾ ਕਾਰਜਕਾਰਨੀ ਮੈਂਬਰ, ਪੰਜਾਬ ਭਾਜਪਾ)**

# ਦਰਿਆਈ ਪਾਣੀਆਂ ਸੰਬੰਧੀ ਇਨਸਾਫ਼ ਹਾਸਿਲ ਕਰਨ ਲਈ

**ਸਿਮਰਨਜੀਤ ਸਿੰਘ ਬੈਂਸ**

**ਹੁਣ ਪੰਜਾਬ ਦੀ ਪਹੁੰਚ ਕੀ ਹੋਵੇ ?**

ਪੰਜਾਬ ਭਾਵ ਪੰਜ ਦਰਿਆਵਾਂ ਦੀ ਧਰਤੀ ਦੇਸ਼ ਦੇ ਨਾਲ ਹੀ ਵੰਡੀ ਜਾਣ ਨਾਲ ਦਰਿਆ ਅੱਧੇ ਇਧਰ ਰਹੇ ਅਤੇ ਬਾਕੀ ਅੱਧੇ ਦਰਿਆ ਪਾਕਿਸਤਾਨ 'ਚ ਚਲੇ ਗਏ। ਪੰਜਾਬ ਦੇ ਕੁਦਰਤੀ ਸਰੋਤ ਪਾਣੀ ਨੂੰ ਖੋਹਣ ਦੀਆਂ ਕੋਸ਼ਿਸ਼ਾਂ ਸ਼ੁਰੂ ਤੋਂ ਹੀ ਹੁੰਦੀਆਂ ਰਹੀਆਂ ਹਨ। ਪਿਛਲੇ ਲੰਬੇ ਸਮੇਂ ਤੋਂ ਐਸ.ਵਾਈ.ਐਲ. (ਸਤਲੁਜ-ਯਮੁਨਾ ਲਿੰਕ ਨਹਿਰ) ਦਾ ਮਸਲਾ ਦਿਨ-ਬ-ਦਿਨ ਗੁੰਝਲਦਾਰ ਹੀ ਹੁੰਦਾ ਜਾ ਰਿਹਾ ਹੈ।

ਬਹੁਤ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਲੀਡਰ ਇਸ ਅਤਿਅੰਤ ਗੰਭੀਰ ਮੁੱਦੇ ਉਤੇ ਬਿਆਨਬਾਜ਼ੀ ਕਰਦੇ ਰਹੇ ਹਨ, ਪ੍ਰੰਤੂ ਇਸ ਗੰਭੀਰ ਮੁੱਦੇ ਉੱਤੇ ਫ਼ੋਕੀ ਬਿਆਨਬਾਜ਼ੀ ਕਰਨ ਨਾਲ ਕਾਬੂ ਨਹੀਂ ਪਾਇਆ ਜਾ ਸਕਦਾ, ਜਦੋਂ ਤੱਕ ਸਾਨੂੰ ਇਸ ਦੀ ਸੰਵਿਧਾਨਕ ਵਾਜਬੀਅਤ ਦਾ ਗਿਆਨ ਨਾ ਹੋਵੇ। ਇਸ ਤੋਂ ਬਿਨਾਂ ਬਿਆਨਬਾਜ਼ੀ ਸਿਰਫ਼ ਫੋਕੀ ਰਾਜਨੀਤਕ ਵਾਹ-ਵਾਹ ਖੱਟਣ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਇਸ ਅਤਿਅੰਤ ਗੰਭੀਰ ਮੁੱਦੇ ਉਤੇ ਸਮੇਂ-ਸਮੇਂ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਵਲੋਂ ਸਹੀ ਸੰਵਿਧਾਨਕ ਸਪੱਸ਼ਟ ਸਟੈਂਡ ਨਾ ਲੈਣ ਕਾਰਨ ਇਹ ਮਸਲਾ ਦਿਨ ਪ੍ਰਤੀ ਦਿਨ ਇਕੱਲਾ ਗੁੰਝਲਦਾਰ ਹੀ ਨਹੀਂ, ਸਗੋਂ ਪੰਜਾਬ ਦੇ ਕੁਦਰਤੀ ਤੇ ਕਾਨੂੰਨੀ ਹੱਕਾਂ ਨੂੰ ਨਿਗਲਣ ਵਾਲਾ ਬਣਦਾ ਜਾ ਰਿਹਾ ਹੈ

**ਭਾਰਤ ਦਾ ਸੰਵਿਧਾਨ ਕੀ ਕਹਿੰਦਾ ਹੈ ?**

ਭਾਰਤ ਫੈਡਰਲ ਸਿਸਟਮ (ਸੰਘੀ ਢਾਂਚੇ ਵਾਲਾ) ਦੇਸ਼ ਹੈ। ਇਸ ਦੇਸ਼ 'ਚ ਕੇਂਦਰ ਅਤੇ ਰਾਜਾਂ ਦੀਆਂ ਸ਼ਕਤੀਆਂ ਦੀ ਸੰਵਿਧਾਨਕ ਵੰਡ ਕੀਤੀ ਗਈ ਹੈ। ਸਪੱਸ਼ਟ ਤੌਰ 'ਤੇ ਸੰਵਿਧਾਨ ਅੰਦਰ ਕੇਂਦਰ ਅਤੇ ਰਾਜਾਂ ਦੀਆਂ ਸ਼ਕਤੀਆਂ ਦੀ ਕੀਤੀ ਗਈ ਵੰਡ ਇਸ ਗੱਲ ਦਾ ਪ੍ਰਤੀਕ ਹੈ ਕਿ ਸੰਵਿਧਾਨਕ ਸੰਘੀ ਢਾਂਚੇ ਅਨੁਸਾਰ ਆਪੋ-ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੀ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਨੂੰ ਮਜ਼ਬੂਤੀ ਮਿਲ ਸਕਦੀ ਹੈ। ਪ੍ਰੰਤੂ ਸਮੇਂ-ਸਮੇਂ ਦੀਆਂ ਕੇਂਦਰੀ ਸਰਕਾਰਾਂ ਵਲੋਂ ਪੰਜਾਬ ਦੇ ਕੁਦਰਤੀ ਸਰੋਤਾਂ ਨੂੰ ਜਿਵੇਂ ਕਿ ਦਰਿਆਈ ਪਾਣੀਆਂ/ਪੰਜਾਬੀ ਬੋਲਦੇ ਇਲਾਕਿਆਂ ਆਦਿ ਨੂੰ ਗ਼ੈਰ-ਸੰਵਿਧਾਨਕ ਨੀਤੀ ਹੇਠ ਆਪਣੀ ਮਰਜ਼ੀ ਨਾਲ ਆਪਣੇ ਅਧਿਕਾਰ ਵਿਚ ਲੈਣ ਕਾਰਨ ਇਹ ਸੰਕਟ ਉਤਪੰਨ ਹੋਏ ਹਨ। ਚਾਹੇ ਉਹ ਪੰਜਾਬ ਦੇ ਪਾਣੀਆਂ ਦੀ ਲਗਾਤਾਰ ਹੋ ਰਹੀ ਲੁੱਟ ਦਾ ਮਸਲਾ ਹੋਵੇ ਜਾਂ ਚੰਡੀਗੜ੍ਹ ਨੂੰ ਪੂਰਨ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੀ ਗੱਲ ਹੋਵੇ (ਕਿਉਂਕਿ ਚੰਡੀਗੜ੍ਹ ਬਣਨ ਤੋਂ ਪਹਿਲਾਂ ਇਸ ਜਗ੍ਹਾ ਤੋਂ ਉਜਾੜੇ ਗਏ ਪਿੰਡਾਂ ਦੇ ਲੋਕ 95 ਫ਼ੀਸਦੀ ਪੰਜਾਬੀ ਬੋਲੀ ਬੋਲਦੇ ਸਨ)।

ਫੈਡਰਲ ਸਿਸਟਮ (ਸੰਘੀ ਢਾਂਚੇ) ਅਨੁਸਾਰ ਕੇਂਦਰ ਅਤੇ ਰਾਜਾਂ ਦੀਆਂ ਸ਼ਕਤੀਆਂ ਦੀ ਵੰਡ ਭਾਰਤ ਦੇ ਸੰਵਿਧਾਨ ਦੇ 7ਵੇਂ ਸ਼ਡਿਊਲ ਦੀ 17ਵੀਂ ਐਂਟਰੀ ਜੋ ਕਿ ਰਾਜ ਸ਼ਕਤੀਆਂ ਦਾ ਉਲੇਖ ਕਰਦੀ ਹੈ, ਅਨੁਸਾਰ ਜਲ ਸਪਲਾਈ ਸਿੰਚਾਈ ਅਤੇ ਨਹਿਰਾਂ, ਡਰੇਨਾਂ, ਕਿਨਾਰਿਆਂ, ਜਲ ਭੰਡਾਰਾਂ ਅਤੇ ਪਣ ਬਿਜਲੀ ਉਤੇ ਸੂਬਿਆਂ ਦਾ ਆਪਣਾ ਅਧਿਕਾਰ ਹੈ। ਇਸ ਵਿਚ ਕੇਂਦਰ ਸਰਕਾਰ ਕੋਈ ਦਖ਼ਲਅੰਦਾਜ਼ੀ ਨਹੀਂ ਕਰ ਸਕਦੀ।

ਇਸੇ 7ਵੇਂ ਸ਼ਡਿਊਲ ਦੀ 5ਵੀਂ ਐਂਟਰੀ 'ਚ ਕੇਂਦਰ ਸਿਰਫ਼ ਅੰਤਰਰਾਜੀ ਦਰਿਆਵਾਂ ਦਾ ਹੀ ਬਟਵਾਰਾ ਕਰਨ ਦਾ ਅਧਿਕਾਰ ਰੱਖਦਾ ਹੈ।

ਪੰਜਾਬ ਪੁਨਰ ਗਠਨ ਐਕਟ 1966 ਦੀਆਂ 78, 79 ਅਤੇ 80 ਧਾਰਾਵਾਂ ਅਸਲ ਵਿਚ ਗ਼ੈਰ-ਸੰਵਿਧਾਨਕ ਧਾਰਾਵਾਂ ਹਨ, ਜੋ ਕਿ ਭਾਰਤੀ ਸੰਵਿਧਾਨ ਦੀ ਘੋਰ ਉਲੰਘਣਾ ਕਰਕੇ ਪੰਜਾਬ ਦੇ ਅਸਾਸਿਆਂ ਦੀ ਲੁੱਟ ਦੇ ਮਨਸੂਬੇ ਨਾਲ ਹੀ ਬਣਾਈਆਂ ਗਈਆਂ ਹਨ।

ਕੇਂਦਰ ਜਾਂ ਰਾਜ ਸਰਕਾਰਾਂ ਦੁਆਰਾ ਕੋਈ ਵੀ ਬਣਨ ਵਾਲਾ ਕਾਨੂੰਨ ਭਾਰਤੀ ਸੰਵਿਧਾਨ ਦੇ ਦਾਇਰੇ ਅੰਦਰ ਹੀ ਬਣਾਇਆ ਜਾ ਸਕਦਾ ਹੈ। ਪ੍ਰੰਤੂ ਕੇਂਦਰ ਨੇ ਪੰਜਾਬ ਦੇ ਪੁਨਰ ਗਠਨ ਵੇਲੇ ਬਣਾਏ ਐਕਟ ਜਿਸ ਨੂੰ ਪੁਨਰ ਗਠਨ ਐਕਟ 1966 ਕਿਹਾ ਗਿਆ ਹੈ, ਸੰਵਿਧਾਨ ਵਿਚ ਦਰਜ 7ਵੇਂ ਸ਼ਡਿਊਲ 'ਚ ਦਰਜ 17ਵੀਂ ਅਤੇ 5ਵੀਂ ਐਂਟਰੀ ਨੂੰ ਬਿਲਕੁਲ ਨਜ਼ਰਅੰਦਾਜ਼ ਕਰਦੇ ਹੋਏ 1966 ਦੇ ਇਸ ਐਕਟ 'ਚ ਧਾਰਾਵਾਂ 78, 79 ਅਤੇ 80 ਜੋੜ ਦਿੱਤੀਆਂ ਗਈਆਂ। ਭਾਰਤ ਅੰਦਰ ਬਹੁਤ ਸਾਰੇ ਪੁਰਾਣੇ ਸੂਬਿਆਂ ਦੀ ਭੂਗੋਲਿਕ ਵੰਡ ਸਮੇਂ ਨਵੇਂ ਸੂਬੇ ਬਣੇ ਹਨ ਪਰ ਹੈਰਾਨੀ ਹੈ ਕਿ ਇਹ ਗ਼ੈਰ-ਸੰਵਿਧਾਨਕ ਧਾਰਾਵਾਂ ਪੰਜਾਬ ਤੋਂ ਇਲਾਵਾ ਹੋਰ ਕਿਸੇ ਵੀ ਨਵੇਂ ਬਣਨ ਵਾਲੇ ਸੂਬੇ ਦੇ ਪੁਨਰ ਗਠਨ ਮੌਕੇ ਨਹੀਂ ਜੋੜੀਆਂ ਗਈਆਂ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਕੇਂਦਰ ਸਰਕਾਰਾਂ ਦੀ ਨੀਅਤ ਪੰਜਾਬ ਨਾਲ ਸ਼ੁਰੂ ਤੋਂ ਮਤਰੇਈ ਮਾਂ ਵਾਲਾ ਸਲੂਕ ਕਰਦੇ ਹੋਏ ਇਸ ਦੇ ਕੁਦਰਤੀ ਬਾ ਕਾਨੂੰਨੀ ਹੱਕਾਂ ਨੂੰ ਖੋਹਣ ਵਾਲੀ ਰਹੀ ਹੈ। ਮੋਟੇ ਤੌਰ 'ਤੇ ਦੇਸੀ ਭਾਸ਼ਾ 'ਚ ਸੰਵਿਧਾਨ ਅਨੁਸਾਰ ਜੋ ਅਧਿਕਾਰ ਕੇਂਦਰ ਸਰਕਾਰਾਂ ਦੇ ਹੋਣ ਜੇਕਰ ਉਨ੍ਹਾਂ ਅਧਿਕਾਰਾਂ ਨੂੰ ਰਾਜ ਸਰਕਾਰਾਂ ਵਰਤਣਾ ਚਾਹੁਣ ਤਾਂ ਇਹ ਸੰਵਿਧਾਨਕ ਸੰਕਟ ਖੜ੍ਹਾ ਹੋਣ ਵਾਲੀ ਗੱਲ ਹੋਵੇਗੀ। ਜਿਵੇਂ ਕੇਂਦਰ ਕੋਲ ਰੇਲਵੇ ਮਹਿਕਮਾ ਹੈ, ਜੇਕਰ ਕੋਈ ਸੂਬਾ ਆਪਣੀ ਵਿਧਾਨ ਸਭਾ 'ਚ ਅਜਿਹਾ ਮਤਾ ਲੈ ਆਵੇ, ਜੋ ਰੇਲ ਦੀਆਂ ਲਾਈਨਾਂ/ਸਟੇਸ਼ਨ ਉਸ ਦੇ ਸੂਬੇ ਦੀ ਸਰਜ਼ਮੀਨ 'ਤੇ ਬਣੇ ਹੋਏ ਹਨ, ਇਸ ਲਈ ਇਸ ਉੱਪਰ ਅਧਿਕਾਰ ਸੂਬੇ ਦਾ ਹੋਵੇਗਾ ਤਾਂ ਇਹ ਗ਼ੈਰ-ਸੰਵਿਧਾਨਕ ਗੱਲ ਹੋਵੇਗੀ। ਇਸੇ ਤਰੀਕੇ ਸੰਵਿਧਾਨ ਅਨੁਸਾਰ ਸੂਬਿਆਂ ਨੂੰ ਮਿਲੇ ਹੋਏ ਵਿਸ਼ਿਆਂ 'ਤੇ ਜੇਕਰ ਕੇਂਦਰ ਕੋਈ ਗ਼ੈਰ-ਸੰਵਿਧਾਨਕ ਕਾਨੂੰਨ ਬਣਾ ਲਵੇ ਤਾਂ ਉਸ ਦਾ ਸੰਵਿਧਾਨਕ ਤਰੀਕੇ ਨਾਲ ਵਿਰੋਧ ਕਰਦੇ ਹੋਏ ਸੂਬੇ ਦੀਆਂ ਸਰਕਾਰਾਂ ਉਸ ਨੂੰ ਦਰੁਸਤ ਕਰਵਾ ਸਕਦੀਆਂ ਹਨ, ਜੋ ਕਿ ਪੰਜਾਬ ਅੰਦਰ ਸਮੇਂ-ਸਮੇਂ ਦੀਆਂ ਸਰਕਾਰਾਂ ਇਸ ਸੰਬੰਧੀ ਖੁੰਝਦੀਆਂ ਰਹੀਆਂ ਹਨ।

ਦੁਨੀਆ ਭਰ 'ਚ ਕੁਦਰਤੀ ਵਗਦੇ ਪਾਣੀਆਂ ਦੀ ਵੰਡ ਰਿਪੇਰੀਅਨ ਕਾਨੂੰਨ (ਸਿਧਾਂਤ) ਅਨੁਸਾਰ ਕੀਤੀ ਜਾਂਦੀ ਹੈ। ਰਿਪੇਰੀਅਨ ਅਨੁਸਾਰ ਕੁਦਰਤੀ ਵਗਦਾ ਪਾਣੀ ਜਿਸ ਸੂਬੇ 'ਚ ਵਗਦਾ ਹੈ, ਹੜ੍ਹਾਂ ਵੇਲੇ ਉਸ ਹੀ ਸੂਬੇ ਦਾ ਭਾਰੀ ਨੁਕਸਾਨ ਕਰਦਾ ਹੈ, ਫਿਰ ਜੇਕਰ ਇਸ ਕੁਦਰਤੀ ਵਗਦੇ ਪਾਣੀ ਤੋਂ ਕੋਈ ਲਾਭ ਹੋਵੇਗਾ ਤਾਂ ਉਹ ਉਸੇ ਹੀ ਸੂਬੇ ਦਾ ਕਾਨੂੰਨਨ ਅਧਿਕਾਰ ਹੈ। ਹੁਣੇ-ਹੁਣੇ ਆਏ ਹੜ੍ਹਾਂ ਕਾਰਨ ਪੰਜਾਬ ਨੂੰ ਅਰਬਾਂ ਰੁਪਏ ਦਾ ਨੁਕਸਾਨ ਝੱਲਣਾ ਪਿਆ ਹੈ। ਪ੍ਰੰਤੂ ਪੰਜਾਬ ਦੇ ਇਸ ਪਾਣੀ ਦਾ ਲਾਭ ਰਾਜਸਥਾਨ, ਹਰਿਆਣਾ ਅਤੇ ਦਿੱਲੀ ਵਾਲੇ ਲੈ ਰਹੇ ਹਨ। ਜਦੋਂਕਿ 16 ਨਵੰਬਰ, 2016 ਨੂੰ ਪੰਜਾਬ ਵਿਧਾਨ ਸਭਾ 'ਚ ਮੇਰੇ ਵਲੋਂ ਵਾਰ-ਵਾਰ ਲਿਆਂਦੇ ਬਿੱਲ ਨੂੰ ਉਸ ਸਮੇਂ ਦੀ ਅਕਾਲੀ-ਭਾਜਪਾ ਸਰਕਾਰ 'ਚ ਭਾਜਪਾ ਦੇ ਸੰਸਦੀ ਮਾਮਲਿਆਂ ਦੇ ਮੰਤਰੀ ਮਦਨ ਮੋਹਨ ਮਿੱਤਲ ਵਲੋਂ ਪਾਣੀ ਦੀ ਕੀਮਤ ਦਿੱਲੀ, ਹਰਿਆਣਾ ਤੇ ਰਾਜਸਥਾਨ ਤੋਂ ਲੈਣ ਲਈ ਪ੍ਰਸਤਾਵ ਨੂੰ ਮਨਜ਼ੂਰੀ ਵੀ ਮਿਲ ਚੁੱਕੀ ਹੈ, ਪ੍ਰੰਤੂ ਸਰਕਾਰਾਂ ਚਲਾਉਂਦੀਆਂ ਪਾਰਟੀਆਂ ਦੀ ਰਾਜਨੀਤਕ ਮਜਬੂਰੀ ਨੇ ਪਾਣੀ ਦੀ ਕੀਮਤ ਵਸੂਲਣ ਵਾਲੇ ਪਾਸੇ ਤੁਰਨ ਨਹੀਂ ਦਿੱਤਾ। ਜੇਕਰ ਪਾਣੀ ਦੀ ਕੀਮਤ ਵਸੂਲਣ ਲਈ ਕਦਮ ਚੁੱਕੇ ਜਾਂਦੇ ਤਾਂ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੀਆਂ ਸਕੀਮਾਂ 'ਤੇ ਵੀ ਰੋਕ ਲੱਗ ਜਾਣੀ ਸੀ।

**ਹੁਣ ਤੱਕ ਕੀ ਹੋਇਆ**

1. 1979 'ਚ ਉਸ ਵੇਲੇ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪਾਰਟੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਦੇ ਦਬਾਅ ਕਾਰਨ ਜੁਲਾਈ 1979 ਵਿਚ ਪੰਜਾਬ ਦੀ ਲੁੱਟ ਦਾ ਜ਼ਰੀਆ ਬਣੀ 1966 ਦੇ ਪੁਨਰ ਗਠਨ ਐਕਟ ਦੀ ਧਾਰਾ 78 ਨੂੰ ਖ਼ਤਮ ਕਰਵਾਉਣ ਲਈ ਸੁਪਰੀਮ ਕੋਰਟ 'ਚ ਕੇਸ ਦਾਇਰ ਕੀਤਾ ਸੀ।

2. ਜਨਵਰੀ 1980 ਵਿਚ ਬਾਦਲ ਸਰਕਾਰ ਟੁੱਟ ਗਈ ਅਤੇ ਪੰਜਾਬ ਅੰਦਰ ਕਾਂਗਰਸ ਸਰਕਾਰ ਬਣੀ, ਜਿਸ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਸਨ। ਆਪਣੀ ਕੇਂਦਰ ਸਰਕਾਰ ਦੇ ਦਬਾਅ ਹੇਠ ਆਉਂਦੇ ਹੋਏ 31 ਦਸੰਬਰ, 1981 ਨੂੰ ਸੁਪਰੀਮ ਕੋਰਟ 'ਚੋਂ ਗ਼ੈਰ-ਸੰਵਿਧਾਨਕ ਧਾਰਾ 78 ਨੂੰ ਖ਼ਤਮ ਕਰਨ ਲਈ ਪ੍ਰਕਾਸ਼ ਸਿੰਘ ਬਾਦਲ ਵਲੋਂ ਪਾਇਆ ਗਿਆ ਕੇਸ ਵਾਪਸ ਲੈ ਲਿਆ।

3. 2004 ਵਿਚ ਕਾਂਗਰਸ ਦੀ ਸਰਕਾਰ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਪਰੋਕਤ ਗ਼ੈਰ-ਸੰਵਿਧਾਨਕ ਧਾਰਾ ਨੂੰ ਖ਼ਤਮ ਕਰਵਾਉਣ ਲਈ ਸੁਪਰੀਮ ਕੋਰਟ 'ਚ ਦੁਬਾਰਾ ਕੇਸ ਦਾਇਰ ਕੀਤਾ, ਜਿਸ ਨੂੰ ਸੁਪਰੀਮ ਕੋਰਟ ਨੇ ਰੂਲ 6 ਦਾ ਹਵਾਲਾ ਦਿੰਦੇ ਹੋਏ (ਸੇਮ ਗਰਾਊਂਡ ਸੇਮ ਨੰਬਰ) ਕਹਿ ਕੇ ਕੈਪਟਨ ਵਲੋਂ ਪਾਇਆ ਗਿਆ ਕੇਸ ਰੱਦ ਕਰ ਦਿੱਤਾ।

ਹੁਣ ਸਰਕਾਰ ਕੀ ਕਰੇ?

2004 ਵਿਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ 'ਚ ਟਰਮੀਨੇਸ਼ਨ ਆਫ਼ ਵਾਟਰ ਐਗਰੀਮੈਂਟ ਬਿੱਲ ਲੈ ਕੇ ਆਂਦਾ, ਜੋ ਕਿ ਪਾਸ ਹੋਣ ਤੋਂ ਬਾਅਦ ਐਕਟ ਬਣ ਗਿਆ। ਵਿਧਾਨ ਸਭਾ ਵਲੋਂ ਪਾਸ ਹੋਣ ਤੋਂ ਬਾਅਦ ਰਾਜਪਾਲ ਪੰਜਾਬ ਨੇ ਉਕਤ ਐਕਟ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜ ਦਿੱਤਾ, ਜਿਸ 'ਤੇ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਤੋਂ ਇਸ ਐਕਟ ਦੀ ਵਾਜਬੀਅਤ ਜਾਨਣ ਲਈ ਰਾਇ ਮੰਗੀ, ਜਿਸ ਨੂੰ ਸਪੈਸ਼ਲ ਰੈਫਰੈਂਸ ਨੰਬਰ 1 ਆਫ਼ 2004 ਆਖਿਆ ਗਿਆ। ਰਾਸ਼ਟਰਪਤੀ ਵਲੋਂ ਇਸ ਰੈਫਰੈਂਸ ਤਹਿਤ 4 ਨੁਕਤਿਆਂ ਰਾਹੀਂ ਪੰਜਾਬ ਦੇ ਉਕਤ ਐਕਟ ਦੀ ਕਾਨੂੰਨੀ ਵਾਜਬੀਅਤ ਪੁੱਛੀ ਗਈ। ਇਹ 4 ਨੁਕਤੇ ਇਸ ਹਿਸਾਬ ਨਾਲ ਰੱਖੇ ਗਏ, ਜਿਨ੍ਹਾਂ ਦੇ ਮੱਦੇਨਜ਼ਰ ਸੁਪਰੀਮ ਕੋਰਟ ਦੀ ਰਾਇ ਪੰਜਾਬ ਦੇ ਖ਼ਿਲਾਫ਼ ਜਾਣੀ ਹੀ ਜਾਣੀ ਸੀ ਅਤੇ ਹੋਇਆ ਵੀ ਇੰਜ ਹੀ। ਇਨ੍ਹਾਂ ਪੁੱਛੇ ਗਏ ਨੁਕਤਿਆਂ ਵਿਚ ਪੁਨਰ ਗਠਨ ਐਕਟ 1966 ਦੀ ਦਫ਼ਾ 78 ਦਾ ਉਲੰਘਣ ਅਤੇ 1956 ਦੇ ਇੰਟਰਸਟੇਟ ਵਾਟਰ ਡਿਸਪਿਊਟ ਐਕਟ ਦੀ ਧਾਰਾ 14 ਦਾ ਭਾਰਤੀ ਸੰਵਿਧਾਨ ਦਾ ਉਲੰਘਣ ਕਰਨ ਸੰਬੰਧੀ ਮੁੱਖ ਤੌਰ 'ਤੇ ਪੁੱਛਿਆ ਗਿਆ, ਜੋ ਕਿ ਸੁਪਰੀਮ ਕੋਰਟ ਨੇ 2004 ਦੇ ਐਕਟ ਦੇ ਲਾਗੂ ਹੋਣ ਨਾਲ 1966 ਦੀ ਧਾਰਾ 78 ਅਤੇ 1956 ਦੇ ਐਕਟ ਦੀ ਧਾਰਾ 14 ਦਾ ਉਲੰਘਣ ਹੋਣ ਸੰਬੰਧੀ ਰਾਇ ਦੇ ਦਿੱਤੀ। ਜੇਕਰ ਸਹੀ ਤਰੀਕੇ ਨਾਲ ਪੰਜਾਬ ਸਰਕਾਰ ਪੈਰਵੀ ਕਰਦੀ ਤਾਂ ਇਹ ਮਸਲਾ ਸਹੀ ਤਰੀਕੇ ਨਾਲ ਹੱਲ ਹੋ ਸਕਦਾ ਸੀ। ਰਾਸ਼ਟਰਪਤੀ ਰਾਇ ਪੁੱਛਦੇ ਸਮੇਂ ਹੇਠ ਲਿਖੇ ਦੋ ਨੁਕਤੇ ਸੁਪਰੀਮ ਕੋਰਟ ਤੋਂ ਹੋਰ ਪੁੱਛਦੇ ਤਾਂ ਮਸਲਾ ਟਿਕਾਣੇ 'ਤੇ ਆ ਸਕਦਾ ਸੀ।

ਪਹਿਲਾ, ਕੀ ਪੰਜਾਬ ਪੁਨਰ ਗਠਨ ਐਕਟ 1966 ਦੀ ਦਫ਼ਾ 78 ਭਾਰਤੀ ਸੰਵਿਧਾਨ ਦੇ ਸਤਵੇਂ ਸ਼ਡਿਊਲ ਦੀ ਦੂਜੀ ਲਿਸਟ (ਸਟੇਟ ਲਿਸਟ) ਦੀ ਐਂਟਰੀ 17 ਅਤੇ ਸੱਤਵੇਂ ਸ਼ਡਿਊਲ ਦੀ (ਯੂਨੀਅਨ ਲਿਸਟ) ਦੀ ਐਂਟਰੀ ਨੰਬਰ 56 ਦਾ ਉਲੰਘਣ ਤਾਂ ਨਹੀਂ ਕਰਦੀ?

ਦੂਜਾ, ਕੀ ਇੰਟਰ ਸਟੇਟ ਵਾਟਰ ਡਿਸਪਿਊਟ ਐਕਟ 1956 ਦੀ ਦਫ਼ਾ 14 ਭਾਰਤੀ ਸੰਵਿਧਾਨ ਦੀ ਦਫ਼ਾ 262 ਦਾ ਉਲੰਘਣ ਤਾਂ ਨਹੀਂ ਕਰਦੀ?

ਇਨਸਾਫ਼ ਦਾ ਤਕਾਜ਼ਾ ਇਹ ਮੰਗ ਕਰਦਾ ਹੈ ਕਿ ਉਕਤ ਨੁਕਤਿਆਂ 'ਤੇ ਰਾਇ ਜ਼ਰੂਰ ਲਈ ਜਾਂਦੀ, ਕਿਉਂਕਿ 2004 ਵਾਲੇ ਰੈਫਰੈਂਸ ਵਿਚ ਪੰਜਾਬ ਦੇ ਐਕਟ ਦੀ ਉਪਰੋਕਤ ਦੋਵੇਂ 1966 ਅਤੇ 1956 ਵਾਲੇ ਐਕਟਾਂ ਦੀ ਰੌਸ਼ਨੀ ਵਿਚ ਕਾਨੂੰਨੀ ਉਚਿਤਤਾ ਪੁੱਛੀ ਗਈ ਹੈ, ਜਦ ਕਿ ਇਹ ਉਕਤ ਦੋਵੇਂ ਐਕਟ ਖ਼ੁਦ ਹੀ ਸੰਵਿਧਾਨ ਨੂੰ ਨਜ਼ਰਅੰਦਾਜ਼ ਕਰਦੇ ਹੋਏ ਗੈਰ-ਸੰਵਿਧਾਨਕ ਤਰੀਕੇ ਨਾਲ ਬਣਾਏ ਗਏ ਸਨ। ਜ਼ਾਹਿਰ ਤੌਰ 'ਤੇ ਸੁਪਰੀਮ ਕੋਰਟ ਕੋਲੋਂ ਰਾਸ਼ਟਰਪਤੀ ਵਲੋਂ ਜੇਕਰ ਇਹ ਦੋਵੇਂ ਨੁਕਤੇ ਪੁੱਛੇ ਜਾਂਦੇ ਤਾਂ ਬਿਲਕੁਲ ਸੰਵਿਧਾਨਕ ਤਰੀਕੇ ਨਾਲ ਰੈਫਰੈਂਸ ਦਿੰਦੇ ਹੋਏ ਪੰਜਾਬ ਨਾਲ ਹੋ ਰਹੇ ਧੱਕਿਆਂ ਦਾ ਪੱਕਾ ਹੱਲ ਹੋ ਸਕਦਾ ਸੀ।

**ਹੋਰ ਕੀ ਕੀਤਾ ਜਾ ਸਕਦਾ ਹੈ ?**

ਪੰਜਾਬ ਕੋਲ ਅੱਜ ਵੀ ਇਕ ਰਸਤਾ ਬਾਕੀ ਹੈ। ਪੰਜਾਬ ਵਿਧਾਨ ਸਭਾ ਦਾ ਤੁਰੰਤ ਸੈਸ਼ਨ ਬੁਲਾ ਕੇ ਉਪਰੋਕਤ ਵਰਣਿਤ ਗ਼ੈਰ-ਸੰਵਿਧਾਨਕ ਧਾਰਾਵਾਂ ਨੂੰ ਖ਼ਤਮ ਕਰਨ ਲਈ ਇਕ ਬਿੱਲ ਲਿਆਂਦਾ ਜਾਵੇ। ਪੰਜਾਬ ਵਿਧਾਨ ਸਭਾ 'ਚੋਂ ਪਾਸ ਹੋਣ ਤੋਂ ਬਾਅਦ ਇਹ ਬਿੱਲ ਰਾਸ਼ਟਰਪਤੀ ਪਾਸ ਜਾਵੇਗਾ। ਰਾਸ਼ਟਰਪਤੀ ਸੁਪਰੀਮ ਕੋਰਟ ਤੋਂ ਉਪਰੋਕਤ ਦਰਸਾਏ ਦੋ ਨੁਕਤਿਆਂ 'ਤੇ ਰਾਇ ਮੰਗਣਗੇ ਅਤੇ ਸੁਪਰੀਮ ਕੋਰਟ ਦੁਆਰਾ ਦਿੱਤੀ ਗਈ ਰਾਇ ਪੰਜਾਬ ਨਾਲ ਹੋਏ ਹੁਣ ਤੱਕ ਦੇ ਸਾਰੇ ਧੱਕਿਆਂ/ਬੇਈਮਾਨੀਆਂ ਦਾ ਅਸਲ ਪੁਖ਼ਤਾ ਕਾਨੂੰਨੀ ਬਾ ਸੰਵਿਧਾਨਕ ਹੱਲ ਹੋਵੇਗਾ। ਚਾਹੇ ਉਹ ਮਸਲਾ ਚੰਡੀਗੜ੍ਹ ਦਾ ਹੈ, ਚਾਹੇ ਮਸਲਾ ਪੰਜਾਬ ਦੇ ਕੁਦਰਤੀ ਖ਼ਜ਼ਾਨੇ, ਪਾਣੀਆਂ ਦੀ ਗ਼ੈਰ-ਕਾਨੂੰਨੀ ਲੁੱਟ ਦਾ ਹੈ ਅਤੇ ਚਾਹੇ ਉਹ ਪੰਜਾਬ ਦੀ ਧਰਤੀ 'ਤੇ ਐਸ.ਵਾਈ.ਐਲ. ਨਹਿਰ ਬਣਾਉਣ ਦੇ ਮਨਸੂਬੇ ਦਾ ਹੈ, ਪੱਕਾ ਹੱਲ ਹੋ ਸਕਦਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਜੇਕਰ ਪੰਜਾਬ ਦੇ ਭਵਿੱਖ ਪ੍ਰਤੀ ਸੱਚੇ ਦਿਲੋਂ ਚਿੰਤਤ ਹੋਣ ਤਾਂ ਇਹ ਉਕਤ ਸੰਵਿਧਾਨਕ ਹੱਲ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਮੀਲ ਪੱਥਰ ਸਾਬਤ ਹੋ ਸਕਦਾ ਹੈ



# ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ ਪੰਜਾਬ

*ਨਸ਼ਿਆਂ ਦੀ ਵਿਕਰਾਲ ਹੁੰਦੀ ਜਾ ਰਹੀ ਸਮੱਸਿਆ ਜਿਹੜੀ ਸਾਡੇ ਸਮਾਜਿਕ ਤਾਣੇ-ਬਾਣੇ ਨੂੰ ਨਸ਼ਟ ਕਰਦੀ ਜਾ ਰਹੀ ਹੈ, ਉਸ 'ਤੇ ਕਾਬੂ ਪਾਉਣ ਲਈ ਜਿਥੇ ਰਾਜ ਦੀ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਪ੍ਰਤੀਬੱਧਤਾ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਲੋੜ ਹੈ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮਾਜਿਕ ਜਥੇਬੰਦੀਆਂ ਨੂੰ ਸਿੰਘ ਸਭਾ ਲਹਿਰ ਦੀ ਤਰ੍ਹਾਂ ਇਕ ਸਮਾਜਿਕ ਤੇ ਧਾਰਮਿਕ ਲਹਿਰ ਚਲਾ ਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਪ੍ਰੇਰਿਤ ਅਤੇ ਲਾਮਬੰਦ ਕਰਨ ਲਈ ਵੱਡੇ ਯਤਨ ਕਰਨੇ ਚਾਹੀਦੇ ਹਨ। ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨਾਂ ਤੋਂ ਨਸ਼ੇ ਛੁਡਵਾਉਣ ਲਈ ਜਿਥੇ ਲੋੜ ਮੁਤਾਬਿਕ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦੀ ਜ਼ਰੂਰਤ ਹੈ, ਉਥੇ ਅਜਿਹੇ ਨੌਜਵਾਨਾਂ ਦੇ ਆਰਥਿਕ ਤੌਰ 'ਤੇ ਮੁੜ ਵਸੇਬੇ ਲਈ ਢੁਕਵੀਆਂ ਯੋਜਨਾਵਾਂ ਬਣਾਉਣ ਦੀ ਵੀ ਜ਼ਰੂਰਤ ਹੈ।*

**ਸਤਨਾਮ ਸਿੰਘ ਮਾਣਕ**

ਪੰਜਾਬ ਕਿਸੇ ਸਮੇਂ ਦੇਸ਼ ਦਾ ਸਭ ਤੋਂ ਖ਼ੁਸ਼ਹਾਲ ਸੂਬਾ ਮੰਨਿਆ ਜਾਂਦਾ ਸੀ। ਪੰਜਾਬੀ ਆਪਣੀ ਸਖ਼ਤ ਮਿਹਨਤ, ਬਹਾਦਰੀ ਅਤੇ ਖ਼ਾਸ ਕਰਕੇ ਦੇਸ਼ ਭਗਤੀ ਲਈ ਜਾਣੇ ਜਾਂਦੇ ਸਨ। ਬਿਨਾਂ ਸ਼ੱਕ ਦੇਸ਼ ਦੀ ਵੰਡ ਦੇ ਨਾਲ ਹੀ ਪੰਜਾਬ ਦੇ ਵੰਡੇ ਜਾਣ ਨਾਲ ਪੰਜਾਬੀਆਂ ਨੂੰ ਹਰ ਪੱਖ ਤੋਂ ਵੱਡੀ ਢਾਅ ਲੱਗੀ ਸੀ। ਪਰ ਇਸ ਦੇ ਬਾਵਜੂਦ ਚੜ੍ਹਦੇ ਪੰਜਾਬ ਵਿਚ ਪੰਜਾਬੀਆਂ ਨੇ ਲਗਭਗ ਇਕ ਦਹਾਕੇ ਵਿਚ ਹੀ ਆਪਣਾ ਮੁੜ ਵਸੇਬਾ ਕਰਕੇ ਦੇਸ਼ ਵਿਚ ਫਿਰ ਤੋਂ ਅਗਾਂਹਵਧੂ ਅਤੇ ਖ਼ੁਸ਼ਹਾਲ ਪ੍ਰਾਂਤ ਦਾ ਦਰਜਾ ਹਾਸਿਲ ਕਰ ਲਿਆ ਸੀ। ਖ਼ਾਸ ਕਰਕੇ ਹਰੇ ਇਨਕਲਾਬ ਨੇ ਇਸ ਦੀ ਆਰਥਿਕਤਾ ਨੂੰ ਕੁਝ ਦਹਾਕਿਆਂ ਤੱਕ ਬੇਹੱਦ ਮਜ਼ਬੂਤੀ ਦਿੱਤੀ ਅਤੇ ਦਿਹਾਤੀ ਖੇਤਰਾਂ ਤੱਕ ਲੋਕਾਂ ਦੇ ਜੀਵਨ-ਪੱਧਰ ਵਿਚ ਵੱਡੀ ਤਬਦੀਲੀ ਆਈ।

ਪਰ ਇਹ ਸਭ ਗੱਲਾਂ ਹੁਣ ਬੀਤੇ ਸਮੇਂ ਦੀ ਕਹਾਣੀ ਬਣ ਕੇ ਰਹਿ ਗਈਆਂ ਹਨ। ਅੱਜ ਪੰਜਾਬ ਅਤੇ ਪੰਜਾਬੀ ਬਹੁਤ ਸਾਰੀਆਂ ਨਾਂਹ-ਪੱਖੀ ਗੱਲਾਂ ਲਈ ਚਰਚਾ ਵਿਚ ਹਨ। ਇਸ ਸਮੇਂ ਤਾਂ ਅਜਿਹਾ ਦਿਖਾਈ ਦੇ ਰਿਹਾ ਹੈ ਕਿ ਰਾਜ ਆਪਣੀ ਹੋਂਦ ਬਰਕਰਾਰ ਰੱਖਣ ਲਈ ਜੂਝ ਰਿਹਾ ਹੈ ਅਤੇ ਸਮਾਜਿਕ ਤੌਰ 'ਤੇ ਵੀ ਇਹ ਇਕ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਜਿਨ੍ਹਾਂ ਚੁਣੌਤੀਆਂ ਨਾਲ ਇਸ ਸਮੇਂ ਦੋ-ਚਾਰ ਹੋ ਰਿਹਾ ਹੈ। ਉਨ੍ਹਾਂ ਦੀ ਸੰਖੇਪ ਜਿਹੀ ਝਲਕ ਇਸ ਪ੍ਰਕਾਰ ਹੈ :-

1. ਇਸ ਸਮੇਂ ਰਾਜ ਦੀ ਸਭ ਤੋਂ ਵੱਡੀ ਸਮੱਸਿਆ ਨੌਜਵਾਨਾਂ ਦੇ ਇਕ ਵੱਡੇ ਵਰਗ ਦਾ ਨਸ਼ਿਆਂ ਵਿਚ ਗ਼ਲਤਾਨ ਹੋ ਜਾਣਾ ਅਤੇ ਜੁਰਮਾਂ ਦੀ ਦੁਨੀਆ ਵਿਚ ਪ੍ਰਵੇਸ਼ ਕਰ ਜਾਣਾ ਹੈ। ਇਸ ਨਾਲ ਰਾਜ ਵਿਚ ਇਕ ਤਰ੍ਹਾਂ ਨਾਲ ਤਰਥੱਲੀ ਮਚੀ ਪਈ ਹੈ। ਹਰ ਰੋਜ਼ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚੋਂ ਨੌਜਵਾਨਾਂ ਵਲੋਂ ਵਧੇਰੇ ਨਸ਼ਾ (ਖ਼ਾਸ ਕਰਕੇ ਚਿੱਟਾ) ਲੈ ਕੇ ਮਰਨ ਦੀਆਂ ਖ਼ਬਰਾਂ ਆ ਰਹੀਆਂ ਹਨ। ਨੌਜਵਾਨ ਚਿੱਟੇ ਅਤੇ ਹੋਰ ਕਈ ਤਰ੍ਹਾਂ ਦੇ ਨਸ਼ੇ ਸਰਿੰਜਾਂ ਵਿਚ ਭਰ ਕੇ ਆਪਣੇ ਸਰੀਰ ਵਿਚ ਲਗਾ ਲੈਂਦੇ ਹਨ ਅਤੇ ਅਨੇਕਾਂ ਵਾਰ ਇਹ ਟੀਕਾ ਲਗਾਉਂਦੇ ਸਾਰ ਹੀ ਉਨ੍ਹਾਂ ਦੀ ਜਾਨ ਨਿਕਲ ਜਾਂਦੀ ਹੈ ਅਤੇ ਸਰਿੰਜਾਂ ਵੀ ਉਨ੍ਹਾਂ ਦੀਆਂ ਬਾਹਾਂ ਵਿਚ ਫਸੀਆਂ ਦੀਆਂ ਫਸੀਆਂ ਰਹਿ ਜਾਂਦੀਆਂ ਹਨ। ਨਮੋਸ਼ੀ ਵਾਲੀ ਗੱਲ ਇਹ ਹੈ ਕਿ ਲੜਕੀਆਂ ਵੀ ਚੋਖੀ ਗਿਣਤੀ ਵਿਚ ਇਸ ਬੁਰਾਈ ਦਾ ਸ਼ਿਕਾਰ ਹੋ ਗਈਆਂ ਹਨ, ਜਿਨ੍ਹਾਂ ਮਾਪਿਆਂ ਦੇ ਨੌਜਵਾਨ ਪੁੱਤਰ ਇਸ ਤਰ੍ਹਾਂ ਅਜਾਈਂ ਜਹਾਨੋਂ ਜਾ ਰਹੇ ਹਨ। ਉਨ੍ਹਾਂ ਦਾ ਰੁਦਨ ਸੁਣਦਿਆਂ ਰੂਹ ਕੰਬ ਜਾਂਦੀ ਹੈ। ਜਦੋਂ ਨੌਜਵਾਨ ਚਿੱਟਾ ਲੈਣ ਦੇ ਜਾਂ ਹੋਰ ਰਸਾਇਣਕ ਨਸ਼ੇ ਕਰਨ ਦੇ ਆਦੀ ਹੋ ਜਾਂਦੇ ਹਨ ਤਾਂ ਉਹ ਅਜਿਹੇ ਨਸ਼ਿਆਂ ਤੋਂ ਬਿਨਾਂ ਪਲ ਵੀ ਸ਼ਾਂਤ ਨਹੀਂ ਰਹਿ ਸਕਦੇ। ਉਨ੍ਹਾਂ ਨੂੰ ਅੱਚਵੀ ਲੱਗ ਜਾਂਦੀ ਹੈ ਅਤੇ ਉਨ੍ਹਾਂ ਦੇ ਹੱਥ-ਪੈਰ ਟੁੱਟਣ ਲਗ ਜਾਂਦੇ ਹਨ। ਅਜਿਹੀ ਸਥਿਤੀ ਵਿਚ ਉਹ ਜਲਦੀ ਤੋਂ ਜਲਦੀ ਨਸ਼ੇ ਦੀ ਪੂਰਤੀ ਕਰਨਾ ਲੋਚਦੇ ਹਨ। ਕਿਉਂਕਿ ਇਹ ਨਸ਼ੇ ਬੇਹੱਦ ਮਹਿੰਗੇ ਹਨ, ਇਸ ਕਾਰਨ ਉਨ੍ਹਾਂ ਨੂੰ ਕਾਫ਼ੀ ਪੈਸਿਆਂ ਦੀ ਲੋੜ ਹੁੰਦੀ ਹੈ। ਉਹ ਹਤਾਸ਼ ਹੋ ਕੇ ਆਪਣੇ ਮਾਪਿਆਂ ਤੋਂ ਪੈਸੇ ਮੰਗਦੇ ਹਨ ਜੇ ਉਹ ਪੈਸੇ ਦੇਣ ਤੋਂ ਅਸਮਰੱਥ ਰਹਿੰਦੇ ਹਨ ਤੇ ਉਨ੍ਹਾਂ 'ਤੇ ਹਿੰਸਕ ਹਮਲੇ ਕਰ ਦਿੰਦੇ ਹਨ। ਇਸ ਤਰ੍ਹਾਂ ਦੀਆਂ ਅਨੇਕਾਂ ਖ਼ਬਰਾਂ ਆਉਂਦੀਆਂ ਹਨ ਜਦੋਂ ਨਸ਼ੇੜੀ ਆਪਣੀ ਮਾਂ, ਆਪਣੇ ਬਾਪ ਇਥੋਂ ਤੱਕ ਕਿ ਆਪਣੇ ਭੈਣ-ਭਰਾਵਾਂ ਨੂੰ ਜ਼ਖ਼ਮੀ ਕਰ ਦਿੰਦੇ ਹਨ ਜਾਂ ਜਾਨੋਂ ਵੀ ਮਾਰ ਦਿੰਦੇ ਹਨ। ਅਜਿਹੇ ਨੌਜਵਾਨ ਨਸ਼ੇ ਦੀ ਪੂਰਤੀ ਲਈ ਚੋਰੀਆਂ ਕਰਨ, ਡਾਕੇ ਮਾਰਨ, ਬੈਂਕਾਂ ਦੇ ਏ.ਟੀ.ਐੱਮ. ਲੁੱਟਣ, ਪੈਟਰੋਲ ਪੰਪ ਲੁੱਟਣ, ਰਾਹ ਜਾਂਦੀਆਂ ਔਰਤਾਂ ਦੀਆਂ ਚੈਨੀਆਂ ਲਾਹੁਣ ਜਾਂ ਪਰਸ ਖੋਹਣ ਤੋਂ ਵੀ ਸੰਕੋਚ ਨਹੀਂ ਕਰਦੇ। ਨੌਜਵਾਨਾਂ ਦੇ ਇਕ ਹੋਰ ਵੱਡੇ ਹਿੱਸੇ ਨੇ ਆਪੋ-ਆਪਣੇ ਗੈਂਗ ਬਣਾ ਲਏ ਹਨ। ਸੈਂਕੜੇ ਨੌਜਵਾਨ ਇਨ੍ਹਾਂ ਵਿਚ ਸ਼ਾਮਿਲ ਹੋ ਗਏ ਹਨ। ਇਨ੍ਹਾਂ ਗੈਂਗਾਂ ਦੀਆਂ ਜੜ੍ਹਾਂ ਦੇਸ਼-ਵਿਦੇਸ਼ ਤੱਕ ਫੈਲ ਗਈਆਂ ਹਨ। ਇਨ੍ਹਾਂ ਵਲੋਂ ਕਰੋੜਾਂ ਦੀਆਂ ਫ਼ਿਰੌਤੀਆਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ। ਪੈਸੇ ਨਾ ਦੇਣ ਵਾਲਿਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਜਾਂਦਾ ਹੈ। ਇਸ ਕਾਰਨ ਰਾਜ ਵਿਚ ਜੁਰਮਾਂ ਦਾ ਸਿਲਸਿਲਾ ਬੇਹੱਦ ਵਧ ਗਿਆ ਹੈ। ਲੋਕ ਦਿਨੇ ਵੀ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੇ।

ਰਾਜ ਵਿਚ ਹੁਣ ਤੱਕ ਹੋ ਚੁੱਕੇ ਕੁਝ ਨਾਮੀ ਗੈਂਗਸਟਰਾਂ ਵਿਚ ਲਾਰੈਂਸ ਬਿਸ਼ਨੋਈ (ਜੇਲ੍ਹ ਵਿਚ), ਗੋਲਡੀ ਬਰਾੜ (ਵਿਦੇਸ਼ ਵਿਚ), ਗੁਰਸ਼ਹਿਦ ਸਿੰਘ ਸ਼ੇਰਾ (ਮੁਕਾਬਲੇ 'ਚ ਮਰ ਚੁੱਕਾ ਹੈ), ਜਸਵਿੰਦਰ ਸਿੰਘ ਰੌਕੀ (ਗੈਂਗਾਂ ਦੀ ਧੜੇਬੰਦੀ ਵਿਚ ਮਾਰਿਆ ਗਿਆ), ਵਿੱਕੀ ਗੌਂਡਰ (ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ), ਜੈਪਾਲ ਭੁੱਲਰ (ਮੁਕਾਬਲੇ 'ਚ ਮਾਰਿਆ ਗਿਆ), ਦਵਿੰਦਰ ਬੰਬੀਹਾ (ਮਾਰਿਆ ਜਾ ਚੁੱਕਾ ਹੈ) ਆਦਿ ਸ਼ਾਮਿਲ ਹਨ।

ਨਸ਼ੇ ਤੋਂ ਟੁੱਟੇ ਹੋਏ ਅਤੇ ਗੈਂਗਾਂ ਦਾ ਹਿੱਸਾ ਬਣੇ ਇਹ ਨੌਜਵਾਨ ਸਾਰੀਆਂ ਕਦਰਾਂ-ਕੀਮਤਾਂ ਨੂੰ ਭੁੱਲ ਕੇ ਇਕ ਤਰ੍ਹਾਂ ਨਾਲ ਅਜਿਹੇ ਸ਼ੈਤਾਨਾਂ ਦਾ ਰੂਪ ਲੈ ਲੈਂਦੇ ਹਨ ਜੋ ਕੁਝ ਵੀ ਕਰ ਸਕਦੇ ਹਨ। ਇਸ ਕਾਰਨ ਪੰਜਾਬੀ ਸਮਾਜ ਦੀ ਬੇਹੱਦ ਬਦਨਾਮੀ ਵੀ ਹੋ ਰਹੀ ਹੈ।

2. ਰਾਜ ਦੀ ਦੂਜੀ ਵੱਡੀ ਸਮੱਸਿਆ ਨੌਜਵਾਨਾਂ ਦੀ ਹਿਜ਼ਰਤ ਦੀ ਵੀ ਹੈ। ਸਿੱਖਿਆ ਹਾਸਲ ਕਰਨ ਦੇ ਬਹਾਨੇ ਲੱਖਾਂ ਨੌਜਵਾਨ ਕੈਨੇਡਾ, ਅਮਰੀਕਾ, ਆਸਟਰੇਲੀਆ ਅਤੇ ਦੁਨੀਆ ਦੇ ਹੋਰ ਦੇਸ਼ਾਂ ਵੱਲ ਜਹਾਜ਼ ਭਰ-ਭਰ ਕੇ ਰਵਾਨਾ ਹੋ ਰਹੇ ਹਨ। ਪਹਿਲਾਂ ਤਾਂ ਇਹ ਨੌਜਵਾਨ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਨੂੰ ਰਵਾਨਾ ਹੁੰਦੇ ਸਨ ਪਰ ਹੁਣ 10+2 ਤੋਂ ਬਾਅਦ ਹੀ ਆਈਲੈੱਟਸ ਕਰਕੇ ਨੌਜਵਾਨ ਵਿਦੇਸ਼ਾਂ ਨੂੰ ਤੁਰ ਜਾਂਦੇ ਹਨ। ਇਸ ਕਾਰਨ ਰਾਜ ਦੇ ਕਾਲਜ ਅਤੇ ਯੂਨੀਵਰਸਿਟੀਆਂ ਭਾਂਅ-ਭਾਂਅ ਕਰਨ ਲੱਗ ਪਈਆਂ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਵਿਦਿਆਰਥੀ ਨਹੀਂ ਮਿਲ ਰਹੇ। ਇੰਜੀਨੀਅਰਿੰਗ, ਬੀਐੱਡ ਤੇ ਹੋਰ ਖੇਤਰਾਂ ਦੀ ਪੜ੍ਹਾਈ ਨਾਲ ਸੰਬੰਧਿਤ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸੀਟਾਂ ਅਕਸਰ ਖਾਲੀ ਰਹਿੰਦੀਆਂ ਹਨ। ਇਸ ਸਮੇਂ ਰਾਜ ਦੇ ਇੰਜੀਨੀਅਰਿੰਗ ਕਾਲਜਾਂ ਵਿਚ 55 ਫ਼ੀਸਦੀ ਸੀਟਾਂ ਖਾਲੀ ਰਹਿ ਚੁੱਕੀਆਂ ਹਨ। ਰਾਜ ਵਿਚ ਜਿਹੜੀਆਂ ਸਰਕਾਰੀ ਜਾਂ ਗ਼ੈਰ-ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜ ਆਪਣੀਆਂ ਸੀਟਾਂ ਭਰਨ ਵਿਚ ਸਫ਼ਲ ਵੀ ਹੋ ਜਾਂਦੇ ਹਨ, ਉਨ੍ਹਾਂ ਵਿਚ ਵੀ ਜਾ ਕੇ ਜਦੋਂ ਇਹ ਜਾਣਕਾਰੀ ਲਈ ਜਾਂਦੀ ਹੈ ਕਿ ਉਥੇ ਪੜ੍ਹਨ ਵਾਲੇ ਵਿਦਿਆਰਥੀ ਕਿਥੋਂ ਦੇ ਹਨ, ਤਾਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਇਸ ਸਮੇਂ ਰਾਜ ਦੀਆਂ ਯੂਨੀਵਰਸਿਟੀਆਂ ਵਿਚ ਬਿਹਾਰ, ਉੱਤਰ ਪ੍ਰਦੇਸ਼, ਜੰਮੂ ਕਸ਼ਮੀਰ, ਹਿਮਾਚਲ ਅਤੇ ਹੋਰ ਅਨੇਕਾਂ ਰਾਜਾਂ ਦੇ ਵਿਦਿਆਰਥੀ ਵੱਡੀ ਗਿਣਤੀ ਵਿਚ ਪੜ੍ਹ ਰਹੇ ਹਨ। ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਬੇਹੱਦ ਘਟਦੀ ਜਾ ਰਹੀ ਹੈ। ਵੱਡੀ ਗਿਣਤੀ ਵਿਚ ਵਿਦੇਸ਼ੀ ਵਿਦਿਆਰਥੀ ਵੀ ਪੰਜਾਬ ਦੇ ਕਾਲਜਾਂ ਅਤੇ ਨਿੱਜੀ ਯੂਨੀਵਰਸਿਟੀਆਂ ਵਿਚ ਸਿੱਖਿਆ ਹਾਸਿਲ ਕਰ ਰਹੇ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਰਾਜ ਵਿਚ ਪੰਜਾਬ ਦੇ ਵਿਦਿਆਰਥੀਆਂ ਨੂੰ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦੇ ਮਾਪੇ ਵੀ ਸੋਚਦੇ ਹਨ ਕਿ ਜੇਕਰ ਉਹ ਆਪਣੇ ਬੱਚਿਆਂ ਨੂੰ ਇਥੇ ਮਹਿੰਗੀ ਸਿੱਖਿਆ ਦਿਵਾਉਂਦੇ ਵੀ ਹਨ ਤਾਂ ਵੀ ਸਿੱਖਿਆ ਹਾਸਿਲ ਕਰਨ ਤੋਂ ਬਾਅਦ ਉਹ ਇਥੇ ਨੌਕਰੀਆਂ ਹਾਸਿਲ ਨਹੀਂ ਕਰ ਸਕਣਗੇ। ਕਿਉਂਕਿ ਇਥੇ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਪਾਈ ਜਾ ਰਹੀ ਹੈ। ਇਸ ਸਮੇਂ ਰਾਜ ਵਿਚ ਬੇਰੁਜ਼ਗਾਰੀ ਦੀ ਦਰ 6.8 ਫ਼ੀਸਦੀ ਦੇ ਨੇੜੇ ਹੈ। ਵੱਡੀ ਪੱਧਰ 'ਤੇ ਨੌਜਵਾਨਾਂ ਦੇ ਬਾਹਰ ਜਾਣ ਨਾਲ ਰਾਜ ਜਿਥੇ ਆਪਣੇ ਸਮਰੱਥ ਨੌਜਵਾਨਾਂ ਤੋਂ ਵਿਰਵਾ ਹੋ ਰਿਹਾ ਹੈ, ਉਥੇ ਇਸ ਦਾ ਰਾਜ ਦੀ ਆਰਥਿਕਤਾ ਤੇ ਹੋਰ ਖੇਤਰਾਂ 'ਤੇ ਵੀ ਬੁਰਾ ਅਸਰ ਪੈ ਰਿਹਾ ਹੈ। ਕਿਉਂਕਿ ਇਹ ਇਕ ਆਮ ਜਾਣਿਆ ਜਾਂਦਾ ਤੱਥ ਹੈ ਕਿ ਨਵੀਂ ਪੀੜ੍ਹੀ ਹੀ ਸ਼ੌਕ ਨਾਲ ਮਹਿੰਗੀਆਂ ਚੀਜ਼ਾਂ-ਵਸਤਾਂ ਖ਼ਰੀਦਦੀ ਹੈ। ਮਹਿੰਗੇ ਮੋਬਾਈਲ, ਲੈਪਟਾਪ, ਬ੍ਰਾਂਡਿਡ ਤੇ ਗ਼ੈਰ-ਬ੍ਰਾਂਡਿਡ ਕੱਪੜੇ, ਸਕੂਟਰ, ਮੋਟਰਸਾਈਕਲ ਅਤੇ ਕਾਰਾਂ ਆਦਿ ਪਰਿਵਾਰਾਂ ਵਲੋਂ ਨੌਜਵਾਨਾਂ ਦੇ ਜ਼ੋਰ ਦੇਣ 'ਤੇ ਹੀ ਖ਼ਰੀਦੀਆਂ ਜਾਂਦੀਆਂ ਹਨ। ਜਦੋਂ ਅਜਿਹੇ ਨੌਜਵਾਨ 10+2 ਕਰਨ ਤੋਂ ਬਾਅਦ ਹੀ ਵੱਡੀ ਗਿਣਤੀ ਵਿਚ ਬਾਹਰ ਚਲੇ ਜਾਣਗੇ ਤਾਂ ਲਾਜ਼ਮੀ ਤੌਰ 'ਤੇ ਰਾਜ ਦੇ ਅਨੇਕਾਂ ਤਰ੍ਹਾਂ ਦੇ ਕਾਰੋਬਾਰ ਵੀ ਪ੍ਰਭਾਵਿਤ ਹੋਣਗੇ। ਬਲਕਿ ਪ੍ਰਭਾਵਿਤ ਹੋ ਹੀ ਰਹੇ ਹਨ। ਨੌਜਵਾਨ ਸ਼ਕਤੀ ਦੇ ਬਾਹਰ ਜਾਣ ਨਾਲ ਖੇਤੀ, ਸਨਅਤ ਅਤੇ ਹੋਰ ਕਾਰੋਬਾਰਾਂ ਦੀ ਤਰੱਕੀ ਅਤੇ ਵਿਕਾਸ 'ਤੇ ਵੀ ਅਸਰ ਪੈਣਾ ਲਾਜ਼ਮੀ ਹੈ। ਅੰਗਰੇਜ਼ੀ ਵਿਚ ਅਜਿਹੀ ਸਥਿਤੀ ਨੂੰ 'ਬ੍ਰੇਨਡ ?ਰੇਨ' ਕਿਹਾ ਜਾਂਦਾ ਹੈ।

3. ਰਾਜ ਦੀ ਤੀਜੀ ਵੱਡੀ ਸਮੱਸਿਆ ਵਾਤਾਵਰਨ ਪ੍ਰਦੂਸ਼ਣ ਅਤੇ ਦਿਨੋ-ਦਿਨ ਧਰਤੀ ਹੇਠਲੇ ਪਾਣੀ ਦੀ ਨਿੱਘਰਦੀ ਜਾ ਰਹੀ ਪੱਧਰ ਦੀ ਹੈ। ਹੁਣ ਤਾਂ ਦੇਸ਼ ਦੀਆਂ ਅਤੇ ਵਿਦੇਸ਼ ਦੀਆਂ ਬਹੁਤ ਸਾਰੀਆਂ ਏਜੰਸੀਆਂ ਨੇ ਖ਼ਤਰੇ ਦੀ ਇਹ ਘੰਟੀ ਖੜਕਾਉਣੀ ਸ਼ੁਰੂ ਕਰ ਦਿੱਤੀ ਹੈ ਕਿ ਜੇਕਰ ਖੇਤੀਬਾੜੀ ਅਤੇ ਹੋਰ ਕੰਮਾਂਕਾਰਾਂ ਲਈ ਇਸੇ ਤਰ੍ਹਾਂ ਬੇਦਰੇਗੀ ਨਾਲ ਧਰਤੀ ਹੇਠਲਾ ਪਾਣੀ ਟਿਊਬਵੈੱਲਾਂ ਰਾਹੀਂ ਕੱਢਿਆ ਜਾਂਦਾ ਰਿਹਾ ਤਾਂ ਇਥੇ 10 ਤੋਂ 15 ਸਾਲਾਂ ਵਿਚ ਧਰਤੀ ਹੇਠਲਾ ਪਾਣੀ ਖ਼ਤਮ ਹੋ ਜਾਵੇਗਾ। ਇਥੇ ਖੇਤੀਬਾੜੀ ਅਤੇ ਸਨਅਤ ਤਾਂ ਕੀ, ਲੋਕਾਂ ਅਤੇ ਪਾਲਤੂ ਪਸ਼ੂਆਂ ਦੇ ਪੀਣ ਲਈ ਵੀ ਪਾਣੀ ਨਸੀਬ ਨਹੀਂ ਹੋਵੇਗਾ। ਅਜਿਹੀ ਸਥਿਤੀ ਵਿਚ ਪੰਜਾਬ ਦਾ, ਇਥੇ ਵਸਦੇ ਲੋਕਾਂ ਦਾ ਕੀ ਬਣੇਗਾ? ਇਹ ਇਕ ਵੱਡਾ ਤੇ ਚਿੰਤਾ ਵਾਲਾ ਸਵਾਲ ਹੈ। ਉਤੋਂ ਸੁਪਰੀਮ ਕੋਰਟ ਵਲੋਂ ਹਰ ਹਾਲਤ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਪੁੱਟਣ ਦਾ ਆਇਆ ਤਾਜ਼ਾ ਫ਼ਰਮਾਨ ਚਿੰਤਾ ਵਿਚ ਹੋਰ ਵੀ ਵਾਧਾ ਕਰਨ ਵਾਲਾ ਹੈ।

4. ਪੰਜਾਬ ਨੂੰ ਦਰਪੇਸ਼ ਅਜੋਕੀਆਂ ਚੁਣੌਤੀਆਂ ਵਿਚੋਂ ਕੱਢਣ ਲਈ ਖ਼ਾਸ ਕਰਕੇ ਖੇਤੀਬਾੜੀ ਵਿਚ ਵਿਭਿੰਨਤਾ ਲਿਆਉਣ ਅਤੇ ਖੇਤੀ ਆਧਾਰਿਤ ਸਨਅਤਾਂ ਲਗਾ ਕੇ ਆਪਣੇ ਨੌਜਵਾਨਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਵਾਸਤੇ ਚੋਖੇ ਵਿੱਤੀ ਵਸੀਲਿਆਂ ਦੀ ਲੋੜ ਹੈ। ਆਪਣੇ ਸਾਰੇ ਸਾਧਨਾਂ ਦੀ ਸਹੀ ਤੇ ਦੂਰ-ਅੰਦੇਸ਼ੀ ਨਾਲ ਵਰਤੋਂ ਕਰਨ ਦੀ ਜ਼ਰੂਰਤ ਹੈ। ਪਰ ਪਿਛਲੇ ਤਿੰਨ-ਚਾਰ ਦਹਾਕਿਆਂ ਵਿਚ ਇਥੇ ਜਿਹੜੀਆਂ ਵੀ ਸਰਕਾਰਾਂ ਬਣੀਆਂ ਹਨ, ਉਨ੍ਹਾਂ

ਨੇ ਵੋਟਾਂ ਹਾਸਿਲ ਕਰਨ ਲਈ ਵੱਡੀ ਪੱਧਰ 'ਤੇ ਮੁਫ਼ਤਖੋਰੀ 'ਤੇ ਆਧਾਰਿਤ ਸਕੀਮਾਂ ਚਲਾਈਆਂ ਹਨ। ਰਾਜ ਦੇ ਕੁਦਰਤੀ ਅਤੇ ਗ਼ੈਰ-ਕੁਦਰਤੀ ਵਸੀਲਿਆਂ ਦਾ ਉਜਾੜਾ ਕਰਵਾਇਆ ਹੈ। ਕਿਸਾਨਾਂ ਨੂੰ ਬਿਜਲੀ-ਪਾਣੀ ਮੁਫ਼ਤ ਦੇਣ, ਸ਼ਹਿਰਾਂ ਵਿਚ ਚੁੰਗੀਆਂ ਮੁਆਫ਼ ਕਰਨ, ਆਟਾ-ਦਾਲ ਮੁਫ਼ਤ ਦੇਣ, ਸਾਰੀਆਂ ਔਰਤਾਂ ਲਈ ਬੱਸ ਸਫ਼ਰ ਮੁਫ਼ਤ ਕਰਨ, 90 ਫ਼ੀਸਦੀ ਘਰੇਲੂ ਖ਼ਪਤਕਾਰਾਂ ਨੂੰ ਬਿਜਲੀ ਮੁਫ਼ਤ ਦੇਣ ਅਤੇ ਇਸ ਤਰ੍ਹਾਂ ਦੀਆਂ ਹੋਰ ਸਰਕਾਰਾਂ ਦੀਆਂ ਫ਼ਜ਼ੂਲ ਖ਼ਰਚੀਆਂ ਨੇ ਰਾਜ ਨੂੰ ਦਿਵਾਲੀਆ ਕਰਕੇ ਰੱਖ ਦਿੱਤਾ ਹੈ। ਇਸ ਸਮੇਂ ਰਾਜ ਲਗਭਗ 3,50,000 ਕਰੋੜ ਦਾ ਕਰਜ਼ਾਈ ਹੈ। ਰਾਜ ਵਿਚ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਇਸੇ ਤਰ੍ਹਾਂ ਦੀਆਂ ਫ਼ਜ਼ੂਲ ਖ਼ਰਚੀਆਂ ਨੂੰ ਨਾ ਕੇਵਲ ਜਾਰੀ ਰੱਖਿਆ ਹੈ, ਸਗੋਂ ਇਨ੍ਹਾਂ ਵਿਚ ਉਹ ਹੋਰ ਵੀ ਵਾਧਾ ਕਰਦੀ ਜਾ ਰਹੀ ਹੈ। ਇਸ ਦੇ ਸਿੱਟੇ ਵਜੋਂ ਇਸ ਨੇ ਆਪਣੇ ਕਾਰਜਕਾਲ ਦੇ ਡੇਢ ਸਾਲ ਵਿਚ ਹੀ ਲਗਭਗ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੋਰ ਚੜ੍ਹਾ ਦਿੱਤਾ ਹੈ। ਇਸ ਸਮੇਂ ਰਾਜ ਦੇ ਕੁੱਲ ਘਰੇਲੂ ਉਤਪਾਦਨ ਦਾ 49.7 ਫ਼ੀਸਦੀ ਕਰਜ਼ਾ ਚੜ੍ਹ ਚੁੱਕਾ ਹੈ। ਉੱਘੇ ਅਰਥ ਸ਼ਾਸਤਰੀ ਡਾ. ਰਣਜੀਤ ਸਿੰਘ ਘੁੰਮਣ ਦਾ ਵਿਚਾਰ ਹੈ ਕਿ ਜੇਕਰ ਇਹ ਸਰਕਾਰ ਇਸੇ ਰਫ਼ਤਾਰ ਨਾਲ ਕਰਜ਼ਾ ਚੁੱਕਦੀ ਗਈ ਤਾਂ ਇਸ ਵਲੋਂ ਚੁੱਕਿਆ ਗਿਆ ਕਰਜ਼ਾ ਦੋ ਸਾਲਾਂ ਵਿਚ ਇਹ 1 ਲੱਖ 64 ਹਜ਼ਾਰ 423 ਕਰੋੜ ਰੁਪਏ ਹੋ ਜਾਵੇਗਾ। 2026-27 ਤੱਕ ਰਾਜ ਸਿਰ ਕੁੱਲ ਕਰਜ਼ਾ 4,46,196 ਕਰੋੜ ਰੁਪਏ ਹੋ ਜਾਵੇਗਾ। ਇਕ ਤਰ੍ਹਾਂ ਨਾਲ ਇਸ ਸਮੇਂ ਰਾਜ ਕਰਜ਼ੇ ਦੇ ਜਾਲ ਵਿਚ ਫਸ ਚੁੱਕਾ ਹੈ। ਜਿਹੜਾ ਨਵਾਂ ਕਰਜ਼ਾ ਚੁੱਕਿਆ ਜਾਂਦਾ ਹੈ, ਉਸ ਦਾ ਵੱਡਾ ਹਿੱਸਾ ਵੀ ਪਿਛਲੇ ਕਰਜ਼ੇ ਦਾ ਵਿਆਜ ਦੇਣ ਜਾਂ ਕਰਜ਼ੇ ਦੀ ਕਿਸ਼ਤ ਮੋੜਨ 'ਤੇ ਹੀ ਲੱਗ ਜਾਂਦਾ ਹੈ। ਅਜਿਹੀ ਸਥਿਤੀ ਵਿਚ ਸਰਕਾਰ ਵਲੋਂ ਰੁਜ਼ਗਾਰ ਦੇ ਹੋਰ ਮੌਕੇ ਵਧਾਉਣੇ ਤਾਂ ਇਕ ਪਾਸੇ ਰਹੇ, ਉਸ ਲਈ ਆਪਣੇ ਜ਼ਰੂਰੀ ਖ਼ਰਚੇ ਪੂਰੇ ਕਰਨੇ ਵੀ ਮੁਸ਼ਕਿਲ ਹੋ ਰਹੇ ਹਨ। ਉੱਤੋਂ ਇਸ ਸਰਕਾਰ ਵਲੋਂ ਦਿਨ-ਰਾਤ ਆਮ ਆਦਮੀ ਪਾਰਟੀ ਦੀ ਸਾਰੇ ਦੇਸ਼ ਵਿਚ ਚੋਣਾਂ ਲਈ ਝੂਠੀ ਭੱਲ ਬਣਾਉਣ ਵਾਸਤੇ ਵੱਡੀ ਪੱਧਰ 'ਤੇ ਅਖ਼ਬਾਰਾਂ ਅਤੇ ਟੈਲੀਵਿਜ਼ਨਾਂ 'ਤੇ ਮਹਿੰਗੀ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਹੈ। ਇਕ ਅੰਦਾਜ਼ੇ ਮੁਤਾਬਿਕ ਹੁਣ ਤੱਕ ਇਹ 750 ਕਰੋੜ ਤੋਂ ਵੱਧ ਰਕਮ ਅਜਿਹੀ ਇਸ਼ਤਿਹਾਰਬਾਜ਼ੀ 'ਤੇ ਹੀ ਖ਼ਰਚ ਕਰ ਚੁੱਕੀ ਹੈ। ਅਜਿਹੀ ਸਥਿਤੀ ਵਿਚ ਰਾਜ ਦਾ ਭਵਿੱਖ ਕੀ ਹੋਵੇਗਾ? ਇਸ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

**ਕੀ ਕੀਤਾ ਜਾਵੇ?**

ਸਾਨੂੰ ਸਭ ਤੋਂ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਉਪਰੋਕਤ ਜਿਹੜੀਆਂ ਚੁਣੌਤੀਆਂ ਪੈਦਾ ਹੋਈਆਂ ਹਨ, ਉਨ੍ਹਾਂ ਦਾ ਮੁੱਖ ਕਾਰਨ ਰਾਜ ਦੀ ਆਰਥਿਕਤਾ ਵਿਚ ਆਈ ਖੜੋਤ ਹੈ। ਦਹਾਕਿਆਂ ਤੱਕ ਸਾਡੀ ਆਰਥਿਕਤਾ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਤੱਕ ਸੀਮਤ ਕਰਕੇ ਰੱਖਿਆ ਗਿਆ। ਖੇਤੀ ਆਧਾਰਿਤ ਅਤੇ ਹੋਰ ਸਨਅਤਾਂ ਲਾ ਕੇ ਆਪਣੀ ਭਵਿੱਖ ਦੀ ਪੀੜ੍ਹੀ ਲਈ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਗਏ। ਇਸੇ ਕਰਕੇ ਨੌਜਵਾਨ ਪੀੜ੍ਹੀ ਨੂੰ ਅੱਜ ਇਥੇ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆ ਰਿਹਾ। ਪੀੜ੍ਹੀ-ਦਰ-ਪੀੜ੍ਹੀ ਜ਼ਮੀਨ ਵੰਡੀ ਜਾਣ ਕਾਰਨ ਹੁਣ ਪਰਿਵਾਰਾਂ ਦਾ ਗੁਜ਼ਾਰਾ ਖੇਤੀ ਨਾਲ ਨਹੀਂ ਹੁੰਦਾ। ਦੇਸ਼ ਦੇ ਕਿਸਾਨਾਂ ਵਿਚੋਂ ਸਭ ਤੋਂ ਵੱਧ ਕਰਜ਼ਾ ਪੰਜਾਬ ਦੇ ਕਿਸਾਨਾਂ ਸਿਰ ਹੈ। ਰਾਜ ਦੇ ਕੁੱਲ 25 ਲੱਖ ਕਿਸਾਨਾਂ ਸਿਰ ਇਸ ਸਮੇਂ ਬੈਂਕਾਂ ਦਾ 73 ਹਜ਼ਾਰ, 673 ਕਰੋੜ ਕਰਜ਼ਾ ਹੈ। ਇਸ ਵਿਚ ਸ਼ਾਹੂਕਾਰਾਂ ਦਾ ਕਰਜ਼ਾ ਵੀ ਜੋੜ ਦਿੱਤਾ ਜਾਏ ਤਾਂ ਪੰਜਾਬ ਦਾ ਹਰ ਕਿਸਾਨ 2.95 ਲੱਖ ਦਾ ਕਰਜ਼ਈ ਹੋ ਚੁੱਕਾ ਹੈ। ਇਸੇ ਲਈ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵੀ ਹੋ ਰਹੀਆਂ ਹਨ। ਰਾਜ ਦੀ ਖੇਤੀ ਨੂੰ ਪੈਰਾਂ ਸਿਰ ਕਰਨ ਤੇ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਖੇਤੀ ਆਧਾਰਿਤ ਸਨਅਤਾਂ ਨੂੰ ਵੱਡੀ ਤਰਜੀਹ ਦੇਣੀ ਸਮੇਂ ਦੀ ਲੋੜ ਹੈ।

ਦੂਜੀ ਗੱਲ ਇਹ ਹੈ ਕਿ ਰਾਜ ਸਰਕਾਰ ਸਭ ਤਰ੍ਹਾਂ ਦੀਆਂ ਫ਼ਜ਼ੂਲ ਖ਼ਰਚੀਆਂ ਬੰਦ ਕਰ ਕੇ ਆਪਣੇ ਬਚੇ-ਖੁਚੇ ਸਾਧਨਾਂ ਨੂੰ ਬਿਹਤਰ ਸਿਹਤ ਸੇਵਾਵਾਂ ਅਤੇ ਸਿੱਖਿਆ ਸੇਵਾਵਾਂ ਦੇਣ ਵੱਲ ਸੇਧਤ ਕਰੇ। ਇਸ ਮਕਸਦ ਲਈ ਮੁਹੱਲਾ ਕਲੀਨਿਕਾਂ ਜਾਂ ਸਕੂਲ ਆਫ਼ ਐਮੀਨੈਂਸ ਦੇ ਨਾਂਅ 'ਤੇ ਬ੍ਰਾਂਡ ਖੜ੍ਹੇ ਕਰਨ ਦੀ ਲੋੜ ਨਹੀਂ ਹੈ, ਸਗੋਂ ਰਾਜ ਦੇ ਸਾਰੇ ਸਕੂਲਾਂ ਦੀਆਂ ਇਮਾਰਤਾਂ ਨੂੰ ਬਿਹਤਰ ਬਣਾਉਣ ਅਤੇ ਉਨ੍ਹਾਂ ਵਿਚ ਲੋੜੀਂਦੇ ਅਧਿਆਪਕ ਤੇ ਹੋਰ ਸਟਾਫ਼ ਨਿਯੁਕਤ ਕਰਨ ਅਤੇ ਇਸੇ ਤਰ੍ਹਾਂ ਰਾਜ ਦੇ ਸਾਰੇ ਹਸਪਤਾਲਾਂ ਅਤੇ ਪ੍ਰਾਇਮਰੀ ਸਿਹਤ ਕੇਂਦਰਾਂ ਵਿਚ ਲੋੜੀਂਦੇ ਡਾਕਟਰ, ਨਰਸਾਂ ਅਤੇ ਫਾਰਮਸਿਸਟ ਨਿਯੁਕਤ ਕਰਨ ਦੀ ਜ਼ਰੂਰਤ ਹੈ। ਸਮੁੱਚੇ ਤੌਰ 'ਤੇ ਹੇਠਲੇ ਪੱਧਰ ਤੋਂ ਸਿਹਤ ਅਤੇ ਸਿੱਖਿਆ ਢਾਂਚੇ ਨੂੰ ਬਿਹਤਰ ਬਣਾਉਣ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ। ਫੋਕੀ ਬਿਆਨਬਾਜ਼ੀ ਅਤੇ ਇਸ਼ਤਿਹਾਰਬਾਜ਼ੀ ਨਾਲ ਇਹ ਨਿਸ਼ਾਨੇ ਹਾਸਿਲ ਨਹੀਂ ਕੀਤੇ ਜਾ ਸਕਦੇ। ਇਸੇ ਤਰ੍ਹਾਂ ਰਾਜ ਦੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਲਈ ਸਰਕਾਰੀ ਅਤੇ ਗ਼ੈਰ-ਸਰਕਾਰੀ ਖੇਤਰ ਵਿਚ ਪੂੰਜੀ-ਨਿਵੇਸ਼ ਵਧਾ ਕੇ ਸਨਅਤਾਂ ਲਗਾਉਣ ਦੀ ਲੋੜ ਹੈ। ਖ਼ਾਸ ਕਰਕੇ ਜਿਵੇਂ ਅਸੀਂ ਪਹਿਲਾਂ ਕਿਹਾ ਹੈ ਖੇਤੀ ਆਧਾਰਿਤ ਸਨਅਤਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।



ਜਿਥੋਂ ਤੱਕ ਧਰਤੀ ਹੇਠਲੇ ਪਾਣੀ ਦੀ ਡਿਗਦੀ ਪੱਧਰ ਦੀ ਗੱਲ ਹੈ, ਇਸ ਲਈ ਰਵਾਇਤੀ ਅਤੇ ਗ਼ੈਰ-ਰਵਾਇਤੀ ਆਧੁਨਿਕ ਢੰਗ-ਤਰੀਕੇ ਵਰਤ ਕੇ ਬਰਸਾਤ ਦੇ ਪਾਣੀ ਨੂੰ ਵੱਧ ਤੋਂ ਵੱਧ ਜ਼ਮੀਨ ਵਿਚ ਰੀ-ਚਾਰਜ ਕਰਵਾਇਆ ਜਾਣਾ ਚਾਹੀਦਾ ਹੈ। ਘਰਾਂ ਤੋਂ ਲੈ ਕੇ ਵੱਡੀਆਂ ਸਨਅਤਾਂ ਵਿਚ ਅਜਿਹੀਆਂ ਯੋਜਨਾਵਾਂ ਪ੍ਰਭਾਵੀ ਢੰਗ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ। ਕੰਢੀ ਦੇ ਇਲਾਕੇ ਵਿਚ ਵੱਖ-ਵੱਖ ਥਾਵਾਂ 'ਤੇ ਚੈੱਕ ਡੈਮ ਬਣਾ ਕੇ, ਪਾਣੀ ਨੂੰ ਰੋਕ ਕੇ ਉਸ ਨੂੰ ਜ਼ਮੀਨ ਵਿਚ ਰੀ-ਚਾਰਜ (ਰਸਾਉਣ) ਦੀ ਵਿਵਸਥਾ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਦਰਿਆਈ ਪਾਣੀਆਂ ਵਿਚੋਂ ਪੰਜਾਬ ਦਾ ਬਣਦਾ ਹਿੱਸਾ ਵੀ ਹਰ ਹਾਲਤ ਵਿਚ ਰਾਜ ਨੂੰ ਮਿਲਣਾ ਚਾਹੀਦਾ ਹੈ।

ਨਸ਼ਿਆਂ ਦੀ ਵਿਕਰਾਲ ਹੁੰਦੀ ਜਾ ਰਹੀ ਸਮੱਸਿਆ ਜਿਹੜੀ ਸਾਡੇ ਸਮਾਜਿਕ ਤਾਣੇ-ਬਾਣੇ ਨੂੰ ਨਸ਼ਟ ਕਰਦੀ ਜਾ ਰਹੀ ਹੈ, ਉਸ 'ਤੇ ਕਾਬੂ ਪਾਉਣ ਲਈ ਜਿਥੇ ਰਾਜ ਦੀ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਪ੍ਰਤੀਬੱਧਤਾ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਲੋੜ ਹੈ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮਾਜਿਕ ਜਥੇਬੰਦੀਆਂ ਨੂੰ ਸਿੰਘ ਸਭਾ ਲਹਿਰ ਦੀ ਤਰ੍ਹਾਂ ਇਕ ਸਮਾਜਿਕ ਤੇ ਧਾਰਮਿਕ ਲਹਿਰ ਚਲਾ ਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਪ੍ਰੇਰਿਤ ਅਤੇ ਲਾਮਬੰਦ ਕਰਨ ਲਈ ਵੱਡੇ ਯਤਨ ਕਰਨੇ ਚਾਹੀਦੇ ਹਨ। ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨਾਂ ਤੋਂ ਨਸ਼ੇ ਛੁਡਵਾਉਣ ਲਈ ਜਿਥੇ ਲੋੜ ਮੁਤਾਬਿਕ ਨਸ਼ਾ ਛਡਾਉ ਕੇਂਦਰ ਖੋਲ੍ਹਣ ਦੀ ਜ਼ਰੂਰਤ ਹੈ, ਉਥੇ ਅਜਿਹੇ ਨੌਜਵਾਨਾਂ ਦੇ ਆਰਥਿਕ ਤੌਰ 'ਤੇ ਮੁੜ ਵਸੇਬੇ ਲਈ ਢੁਕਵੀਆਂ ਯੋਜਨਾਵਾਂ ਬਣਾਉਣ ਦੀ ਵੀ ਜ਼ਰੂਰਤ ਹੈ।

ਇਹੋ ਜਿਹੇ ਸਮੂਹਿਕ ਯਤਨਾਂ ਨਾਲ ਹੀ ਅਸੀਂ ਪੰਜਾਬ ਨੂੰ ਅਤੇ ਆਪਣੇ ਨੌਜਵਾਨਾਂ ਨੂੰ ਅਜੋਕੀਆਂ ਚੁਣੌਤੀਆਂ ਵਿਚੋਂ ਬਾਹਰ ਕੱਢ ਸਕਦੇ ਹਾਂ। ਇਨ੍ਹਾਂ ਸਾਰੇ ਸਰੋਕਾਰਾਂ ਲਈ ਰਾਜ ਵਿਚ ਪ੍ਰਤੀਬੱਧ ਸਿਆਸੀ ਲੀਡਰਸ਼ਿਪ ਦਾ ਹੋਣਾ ਬੇਹੱਦ ਜ਼ਰੂਰੀ ਹੈ।

# ਨੋਬਲ ਕਮੇਟੀ ਕੋਲ ਪੁੱਜ ਹੀ ਗਈ ਸੀ ਨਰਗਿਸ ਦੀ ਮਹਿਕ

**ਵਰਿੰਦਰ ਸਿੰਘ ਵਾਲੀਆ**

ਮਹਿਲਾਵਾਂ ਦੇ ਹੱਕ-ਹਕੂਕ ਲਈ ਜੇਹਾਦ ਛੇੜਨ ਵਾਲੀ ਜੇਲ੍ਹਬੰਦ ਈਰਾਨੀ ਕਾਰਕੁੰਨ ਤੇ ਜਾਂਬਾਜ਼ ਨਾਮਾਨਿਗਾਰ ਈਰਾਨੀ ਖ਼ਾਤੂਨ ਨਰਗਿਸ ਮੁਹੰਮਦੀ (51) ਨੂੰ 2023 ਦੇ ਵਿਸ਼ਵ ਸ਼ਾਂਤੀ ਨੋਬਲ ਪੁਰਸਕਾਰ ਲਈ ਚੁਣਨਾ ਨਾਰੀ ਸ਼ਕਤੀ ਨੂੰ ਸਲਾਮ ਕਰਨ ਵਾਂਗ ਹੈ। ਤੁੰਦ ਹਵਾਵਾਂ ਵਿਚ ਲਟਲਟ ਬਲਣ ਵਾਲੇ ਚਮੁਖੀਏ ਚਿਰਾਗ਼ ਵਾਂਗ ਨਰਗਿਸ ਨੇ ਹਕੂਮਤ ਦੇ ਹਰ ਅਗਨ-ਬਾਣ ਦਾ ਸਹਿਜਤਾ ਨਾਲ ਮੁਕਾਬਲਾ ਕੀਤਾ ਹੈ। ਹਕੂਮਤ ਨੇ ਭਾਵੇਂ ਉਸ ਨੂੰ 154 ਕੋੜੇ (ਕੋਰੜੇ) ਮਾਰਨ ਤੇ 31 ਸਾਲਾਂ ਤੱਕ ਜੇਲ੍ਹ ਦੀ ਸਜ਼ਾ ਦਿੱਤੀ ਫਿਰ ਵੀ ਉਹ ਅਡੋਲ ਰਹੀ। ਮੌਤ ਦੀ ਸਜ਼ਾ ਖ਼ਿਲਾਫ਼ ਝੰਡਾ ਚੁੱਕਣ ਵਾਲੀ ਇਸ ਮਹਿਲਾ ਨੇ ਪਿਛਲੇ ਅੱਠ ਸਾਲਾਂ ਤੋਂ ਫਰਾਂਸ ਵਿਚ ਰਹਿ ਰਹੇ ਆਪਣੇ ਬੱਚਿਆਂ ਨੂੰ ਵੀ ਨਹੀਂ ਤੱਕਿਆ। ਇਸ ਦੇ ਬਾਵਜੂਦ ਔਰਤਾਂ ਦੇ ਜਮਹੂਰੀ ਹੱਕਾਂ ਲਈ ਲੜਨ ਵਾਲੀ ਦਿਲ ਵਿਚ ਬਲਦੀ ਅੱਗ ਉਸ ਨੇ ਬੁਝਣ ਨਹੀਂ ਦਿੱਤੀ। ਸਲਾਖ਼ਾਂ ਪਿੱਛੇ ਬੈਠੀ ਇਸ ਕ੍ਰਾਂਤੀਕਾਰੀ ਪੱਤਰਕਾਰ ਦੀ ਕਲਮ ਨਿਰੰਤਰ ਚੱਲਦੀ ਆ ਰਹੀ ਹੈ। ਨਰਗਿਸ ਨੇ ਜੇਲ੍ਹ ਅੰਦਰ ਬੈਠੇ ਕੈਦੀਆਂ ਦੇ ਦਰਦ ਨੂੰ ਕਲਮਬੱਧ ਕਰਦਿਆਂ 'ਵ੍ਹਾਈਟ ਟਾਰਚਰ' ਨਾਂ ਦੀ ਪੁਸਤਕ ਲਿਖੀ ਹੈ। 'ਨਰਗਿਸ' ਫ਼ਾਰਸੀ ਮੂਲ ਦਾ ਸ਼ਬਦ ਹੈ। 'ਅਰਬੀ ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ' ਅਨੁਸਾਰ 'ਨਰਗਿਸ' ਅੱਖ ਵਰਗਾ ਅੰਦਰੋਂ ਪੀਲਾ ਤੇ ਬਾਹਰੋਂ ਸਫ਼ੈਦ ਫੁੱਲ ਹੁੰਦਾ ਹੈ। ਹਿੰਦੁਸਤਾਨ ਦੇ ਨਰਗਸੀ ਫੁੱਲ ਦਾ ਕਟੋਰਾ ਪੀਲਾ ਜਾਂ ਸਫ਼ੈਦ ਹੁੰਦਾ ਹੈ ਜਦਕਿ ਈਰਾਨ, ਕਾਬੁਲ ਅਤੇ ਕਸ਼ਮੀਰ ਵਾਲੇ ਫੁੱਲ ਦਾ ਕਟੋਰਾ ਕਾਲਾ ਹੁੰਦਾ ਹੈ। ਇਸ ਕਰਕੇ ਖ਼ੂਬਸੂਰਤ ਅੱਖਾਂ ਵਾਲੀ ਖ਼ਾਤੂਨ ਨੂੰ ਨਰਗਿਸ ਦੇ ਫੁੱਲ ਨਾਲ ਤੁਲਨਾ ਦਿੱਤੀ ਜਾਂਦੀ ਹੈ। ਖ਼ੂਬਸੂਰਤ ਅੱਖਾਂ ਵਾਲੀ ਅੱਧੀ ਸਦੀ ਦੀ ਅਉਧ ਹੰਢਾ ਚੁੱਕੀ ਨਰਗਿਸ ਮੁਹੰਮਦੀ ਨੋਬਲ ਪੁਰਸਕਾਰ ਜਿੱਤਣ ਤੋਂ ਬਾਅਦ ਦੁਨੀਆ ਭਰ ਦੀਆਂ ਮਹਿਲਾਵਾਂ ਦੀਆਂ ਅੱਖਾਂ ਦਾ ਤਾਰਾ ਬਣ ਗਈ ਹੈ। ਇਕਬਾਲ ਦਾ ਸ਼ਿਅਰ ਹੈ, "ਹਜ਼ਾਰੋਂ ਸਾਲ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ/ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।" ਜਮਹੂਰੀ ਹੱਕਾਂ ਲਈ ਲੜਨ ਵਾਲੀ ਨਰਗਿਸ ਨੂੰ ਆਪਣੀਆਂ ਸਰਗਰਮੀਆਂ ਕਾਰਨ ਕਈ ਵਾਰ ਜੇਲ੍ਹ ਯਾਤਰਾ ਕਰਨੀ ਪਈ ਪਰ ਉਸ ਦੀ ਤਲਿਸਮੀ 'ਖ਼ੁਸ਼ਬੂ' ਨੇ ਨਾਰਵੇ ਨੋਬਲ ਕਮੇਟੀ ਦੇ ਚੋਣਕਾਰਾਂ ਦਾ ਧਿਆਨ ਮੱਲੋਮੱਲੀ ਆਪਣੇ ਵੱਲ ਖਿੱਚ ਲਿਆ। ਉਹ 13 ਵਾਰ ਜੇਲ੍ਹ ਗਈ ਤੇ ਪੰਜ ਵਾਰ ਦੋਸ਼ੀ ਐਲਾਨੀ ਗਈ। ਨੋਬਲ ਪੁਰਸਕਾਰ ਕਮੇਟੀ ਦੇ ਚੋਣਕਾਰਾਂ ਨੇ ਈਰਾਨ ਨੂੰ ਅਪੀਲ ਕੀਤੀ ਕਿ ਉਹ ਨਰਗਿਸ ਨੂੰ ਰਿਹਾਅ ਕਰ ਦੇਵੇ ਜਿਸ ਨੂੰ ਹਕੂਮਤ ਨੇ ਰੱਦ ਕਰ ਦਿੱਤਾ ਹੈ। ਨਰਗਿਸ ਦੇ ਭਰਾ ਨੇ ਕਿਹਾ ਕਿ ਨੋਬਲ ਪੁਰਸਕਾਰ ਮਿਲਣ ਤੋਂ ਬਾਅਦ ਈਰਾਨ ਨਰਗਿਸ ਨੂੰ ਹੋਰ ਤੰਗ-ਪਰੇਸ਼ਾਨ ਕਰ ਸਕਦਾ ਹੈ। ਮੁਹੰਮਦੀ 19ਵੀਂ ਮਹਿਲਾ ਹੈ ਜਿਸ ਨੂੰ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਮੁਹੰਮਦੀ ਤੋਂ ਪਹਿਲਾਂ 2003 ਵਿਚ ਈਰਾਨ ਦੀ ਸ਼ਿਰੀਨ ਇਬਾਦੀ ਪਹਿਲੀ ਮੁਸਲਮਾਨ ਮਹਿਲਾ ਸੀ ਜਿਸ ਨੂੰ ਨੋਬਲ ਪੁਰਸਕਾਰ ਮਿਲਣ ਦਾ ਮਾਣ ਪ੍ਰਾਪਤ ਹੋਇਆ ਸੀ। ਨਰਗਿਸ ਵੀ ਸ਼ਿਰੀਨ ਇਬਾਦੀ ਦੀ ਸੰਸਥਾ ਨਾਲ ਜੁੜੀ ਹੋਈ ਹੈ। 'ਨਰਗਿਸ' ਦੇ ਦੂਜੀਆਂ ਭਾਸ਼ਾਵਾਂ ਵਿਚ ਨਾਰਸੀਸਸ, ਡੈਫੋਡਿਲ ਤੇ ਕਈ ਹੋਰ ਨਾਮ ਵੀ ਹਨ ਪਰ ਇਨ੍ਹਾਂ ਦੀ ਖ਼ੁਸ਼ਬੂ ਇੱਕੋ ਜਿਹੀ ਹੁੰਦੀ ਹੈ। ਵਿਲੀਅਮ ਵਰਡਜ਼ਵਰਥ ਨੇ ਇਸ 'ਤੇ ਵਿਸ਼ਵ ਪ੍ਰਸਿੱਧ ਕਵਿਤਾ ਲਿਖੀ ਹੈ। ਭਰਾ ਦੀ ਮੌਤ ਤੋਂ ਬਾਅਦ ਉਹ ਕਿਸੇ ਬਦਲੋਟੀ ਵਾਂਗ ਇਕੱਲਤਾ ਦਾ ਸੰਤਾਪ ਹੰਢਾ ਰਿਹਾ ਸੀ। ਜਦੋਂ ਉਸ ਨੇ ਉਪਰੋਕਤ ਫੁੱਲਾਂ ਨੂੰ ਰੁਮਕਦੀਆਂ ਹਵਾਵਾਂ ਵਿਚ ਝੂਮਰ ਪਾਉਂਦੇ ਸੁਣਿਆ ਤਾਂ ਉਹ ਉਨ੍ਹਾਂ 'ਤੇ ਮੋਹਿਤ ਹੋ ਗਿਆ। ਕਈ ਵਾਰ ਉਸ ਨੂੰ ਇਹ ਫੁੱਲ ਅੰਬਰ ਦੇ ਤਾਰਿਆਂ ਵਾਂਗ ਚਮਕਦੇ-ਦਮਕਦੇ ਦਿਖਾਈ ਦਿੰਦੇ। ਫੁੱਲਾਂ ਦਾ ਸੰਗ ਮਾਣਦਿਆਂ ਜ਼ੰਨਤ ਦੇ ਦਰਵਾਜ਼ੇ ਖੁੱਲ੍ਹ ਜਾਂਦੇ



ਪ੍ਰਤੀਤ ਹੁੰਦੇ। ਯੂਨਾਨ ਦੀ ਲੋਕਧਾਰਾ ਵਿਚ ਨਾਰਸੀਸਸ ਨਾਂ ਦੇ ਸ਼ਿਕਾਰੀ ਦਾ ਜ਼ਿਕਰ ਆਉਂਦਾ ਹੈ ਜੋ ਤਲਾਅ ਵਿਚ ਆਪਣੇ ਖ਼ੂਬਸੂਰਤ ਅਕਸ 'ਤੇ ਮੋਹਿਤ ਹੋ ਕੇ ਡੁੱਬ ਜਾਂਦਾ ਹੈ। ਉਸੇ ਥਾਂ ਉੱਗੇ ਫੁੱਲ ਨੂੰ ਨਾਰਸੀਸਸ (ਨਰਗਿਸ) ਕਿਹਾ ਜਾਣ ਲੱਗਾ। 'ਨਰਗਿਸ' ਫੁੱਲ ਖ਼ੁਸ਼ਹਾਲੀ ਦਾ ਪ੍ਰਤੀਕ ਹੈ। ਆਯੁਰਵੇਦਾ ਵਿਚ ਇਸ ਦੇ ਮੈਡੀਸਨਲ ਗੁਣਾਂ ਦੇ ਵੀ ਗੁਣਗਾਨ ਕੀਤੇ ਗਏ ਹਨ। ਨਰਗਿਸ ਦੇ ਫੁੱਲ ਵਾਂਗ ਮੁਹੰਮਦੀ ਦੇ ਕਦਰਦਾਨ ਭਾਵੇਂ ਈਰਾਨ ਦੀ ਹਕੂਮਤ ਜਾਂ ਮੁੱਲਾਂ-ਮੁਲਾਣੇ ਨਾ ਹੋਣ ਪਰ ਉਸ ਦੀ ਦੀਦਾ-ਦਲੇਰੀ ਨੂੰ ਅੱਜ ਦੁਨੀਆ ਸਲਾਮ ਕਰ ਰਹੀ ਹੈ। ਈਰਾਨ ਦੀ ਵਾਗਡੋਰ ਦਰਅਸਲ, 1979 ਦੀ ਕ੍ਰਾਂਤੀ ਪਿੱਛੋਂ ਕੱਟੜਪੰਥੀਆਂ ਦੇ ਹੱਥ ਆ ਗਈ। ਇਸ ਕ੍ਰਾਂਤੀ ਦਾ ਜਨਮ ਭ੍ਰਾਂਤੀ 'ਚੋਂ ਹੋਇਆ ਸੀ। ਈਰਾਨ ਵਾਸੀਆਂ ਨੂੰ ਭਰਮ ਸੀ ਕਿ ਤਾਨਾਸ਼ਾਹੀ ਖ਼ਤਮ ਹੋਣ ਪਿੱਛੋਂ ਦੇਸ਼ ਸਰਵ-ਪੱਖੀ ਵਿਕਾਸ ਕਰੇਗਾ। ਵਿਕਾਸ ਦੀ ਬਜਾਏ ਇਹ ਵਿਨਾਸ਼ ਦੇ ਰਾਹ 'ਤੇ ਤੁਰ ਗਿਆ। ਕੱਟੜਪੰਥੀ ਮਿਆਨਾਂ 'ਚ ਪਈਆਂ ਤਲਵਾਰਾਂ ਨੂੰ ਜੰਗ ਨਹੀਂ ਲੱਗਣ ਦਿੰਦੇ। ਉਹ ਸੋਚਦੇ ਹਨ ਕਿ ਜੇ ਤਲਵਾਰ ਨੂੰ ਖ਼ੂਨ ਨਾਲ ਨਾ ਧੋਇਆ ਜਾਵੇ ਤਾਂ ਇਸ ਨੂੰ ਜੰਗ ਖਾ ਜਾਂਦਾ ਹੈ। ਅਜਿਹੀ ਵਿਚਾਰਧਾਰਾ ਨੂੰ ਪਰਣਾਈ ਉਲੇਮਾ (ਧਾਰਮਿਕ ਵਿਦਵਾਨਾਂ ਦੀ ਸਭਾ) ਈਰਾਨ ਵਿਚ ਸ਼ਰੀਅਤ ਨੂੰ ਇੰਨ-ਬਿੰਨ ਲਾਗੂ ਕਰਨ ਲਈ ਜਮਹੂਰੀ ਅਧਿਕਾਰਾਂ ਦਾ ਹਨਨ ਕਰਨ 'ਤੇ ਤੁਲੀ ਹੋਈ ਹੈ। ਈਰਾਨ ਵਿਚ ਮਹਿਲਾਵਾਂ ਖ਼ਿਲਾਫ਼ ਹੋ ਰਹੀਆਂ ਜ਼ਿਆਦਤੀਆਂ ਦੀ ਜੜ੍ਹ ਵੀ 1979 ਦੀ ਕ੍ਰਾਂਤੀ 'ਚੋਂ ਲੱਭੀ ਜਾ ਸਕਦੀ ਹੈ। ਹਿਜਾਬ/ਬੁਰਕਾ ਠੋਸਣ ਲਈ ਜਬਰ-ਜ਼ੁਲਮ ਢਾਹਿਆ ਜਾਂਦਾ ਹੈ। ਇਸਲਾਮੀ ਲਹਿਰ ਦਰਅਸਲ 1962-63 ਵਿਚ ਹੀ ਸ਼ੁਰੂ ਹੋ ਗਈ ਸੀ। ਉਸ ਨੇ ਦੇਸ਼ ਦੇ ਸ਼ਾਹਾਂ/ਤਾਨਾਸ਼ਾਹਾਂ ਖ਼ਿਲਾਫ਼ ਜੇਹਾਦ ਛੇੜਿਆ ਸੀ। ਉਸ ਵੱਲੋਂ ਲਗਾਏ ਜਾਂਦੇ ਤੱਤੇ ਨਾਅਰੇ ਲੋਕਾਂ ਦਾ ਖ਼ੂਨ ਉਬਾਲ ਦਿੰਦੇ। ਖ਼ੁਮੀਨੀ ਕਹਿੰਦਾ ਕਿ ਤਾਨਾਸ਼ਾਹ ਅਮਰੀਕਾ ਤੇ ਇੰਗਲੈਂਡ ਦੇ ਹੱਥਾਂ ਵਿਚ ਨੱਚਣ ਵਾਲੀਆਂ ਕਠਪੁਤਲੀਆਂ ਹਨ। ਔਰਤਾਂ ਲਈ ਉੱਚ ਵਿੱਦਿਅਕ ਅਦਾਰੇ ਖੋਲ੍ਹਣੇ ਜਾਂ ਵੋਟ ਦਾ ਅਧਿਕਾਰ ਦੇਣਾ ਸ਼ਰੀਅਤ ਦੇ ਖ਼ਿਲਾਫ਼ ਹੈ। 'ਕਾਫ਼ਰਾਂ' ਖ਼ਿਲਾਫ਼ ਫ਼ਤਵੇ ਜਾਰੀ ਹੋਣ ਲੱਗੇ। ਖ਼ੁਮੀਨੀ ਦੀ ਇਕ ਝਲਕ ਪਾਉਣ ਲਈ ਈਰਾਨ ਵਾਸੀਆਂ ਦੀਆਂ ਅੱਖਾਂ ਪੱਕਦੀਆਂ। ਕ੍ਰਾਂਤੀ ਤੋਂ ਪਹਿਲਾਂ ਈਰਾਨ 'ਤੇ ਪੈ ਰਹੇ ਪੱਛਮੀ ਸੱਭਿਅਤਾ ਦੇ ਪ੍ਰਭਾਵ ਕਾਰਨ ਮਹਿਲਾਵਾਂ ਖੁੱਲ੍ਹ ਮਾਣ ਰਹੀਆਂ ਸਨ। ਨਾਚ-ਗਾਣਿਆਂ 'ਤੇ ਪਾਬੰਦੀ ਦੇ ਉਹ ਪਹਿਲਾਂ ਹੀ ਖ਼ਿਲਾਫ਼ ਸਨ। ਉੱਚ ਵਿੱਦਿਆ ਹਾਸਲ ਕਰ ਕੇ ਉਹ ਪੱਛਮ ਨਾਲ ਕਦਮ ਮਿਲਾ ਕੇ ਚੱਲਣ ਦੇ ਸੁਪਨੇ ਲੈ ਰਹੀਆਂ ਸਨ ਜਿਨ੍ਹਾਂ ਨੂੰ ਕ੍ਰਾਂਤੀ ਨੇ ਚਕਨਾਚੂਰ ਕਰ ਦਿੱਤਾ। ਉਲੇਮਾ ਦੇ ਫ਼ੈਸਲਿਆਂ ਨੇ ਉਨ੍ਹਾਂ ਕੋਲੋਂ ਇਕ ਝਟਕੇ ਵਿਚ ਹੀ ਆਜ਼ਾਦੀ ਖੋਹ ਲਈ ਸੀ। ਸਤੰਬਰ 2022 ਵਿਚ ਇਕ ਚੰਗਿਆੜੀ ਨੇ ਭਾਂਬੜ ਮਚਾ ਦਿੱਤਾ ਸੀ। ਤੇਰਾਂ ਸਤੰਬਰ 2022 ਵਾਲੇ ਦਿਨ ਹਿਜਾਬ ਖ਼ਿਲਾਫ਼ ਚੱਲੀ ਜ਼ਬਰਦਸਤ ਮੁਹਿੰਮ ਨੇ ਆਲਮੀ ਪੱਧਰ 'ਤੇ ਧਿਆਨ ਖਿੱਚਿਆ ਸੀ। ਈਰਾਨ ਦੇ ਕੁਰਦਿਸਤਾਨ ਤੋਂ ਦੇਸ਼ ਦੀ ਰਾਜਧਾਨੀ ਤਹਿਰਾਨ ਨੂੰ ਪਰਿਵਾਰ ਸਣੇ ਜਾ ਰਹੀ 22 ਸਾਲਾ ਮਹਾਸਾ ਅਮਿਨੀ ਨੂੰ 'ਮੋਰੈਲਟੀ ਪੁਲਿਸ' (ਨੈਤਿਕਤਾ ਪੁਲਿਸ) ਨੇ ਇਸ ਲਈ ਰੋਕਿਆ ਕਿ ਉਸ ਨੇ ਢੰਗ ਨਾਲ ਹਿਜਾਬ ਨਹੀਂ ਸੀ ਪਹਿਨਿਆ ਹੋਇਆ। ਪੁਲਿਸ ਉਸ ਨੂੰ ਥਾਣੇ ਲੈ ਗਈ ਜਿੱਥੇ ਉਸ 'ਤੇ ਤਸ਼ੱਦਦ ਢਾਹਿਆ ਗਿਆ ਜਿਸ ਕਾਰਨ ਉਸ ਦੀ ਹਸਪਤਾਲ ਪੁੱਜ ਕੇ ਮੌਤ ਹੋ ਗਈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਸ ਖ਼ਬਰ ਨੇ ਈਰਾਨ ਦੇ ਕੋਨੇ-ਕੋਨੇ 'ਚ 'ਇਨਕਲਾਬ' ਦਾ ਬਿਗਲ ਵਜਾ ਦਿੱਤਾ। ਔਰਤਾਂ ਯੂਟਿਊਬ 'ਤੇ ਲਾਈਵ ਹੋ ਕੇ ਆਪਣੇ ਨਕਾਬ ਉਤਾਰ ਕੇ ਉਨ੍ਹਾਂ ਦੀ ਹੋਲੀ ਬਾਲਣ ਲੱਗੀਆਂ। ਆਪਣੇ ਵਾਲ ਕੱਟਣ ਲੱਗੀਆਂ। ਹਕੂਮਤ ਨੇ ਦਮਨ ਚੱਕਰ ਸ਼ੁਰੂ ਕੀਤਾ। ਕਈ ਮੌਤਾਂ ਹੋਈਆਂ। ਨਰਗਿਸ ਮੁਹੰਮਦੀ ਝੰਡਾਬਰਦਾਰ ਸੀ। ਦੂਜੇ ਪਾਸੇ ਭਾਰਤ ਦੇ ਕਰਨਾਟਕ ਤੇ ਕੁਝ ਹੋਰ ਹਿੱਸਿਆਂ ਵਿਚ ਔਰਤਾਂ ਹਿਜਾਬ ਪਾਉਣ ਦੀ ਅੜੀ ਪੁਗਾਉਣ ਲਈ ਸੜਕਾਂ 'ਤੇ ਉਤਰ ਆਈਆਂ। ਦੋਨਾਂ ਤਰ੍ਹਾਂ ਦੇ ਅੰਦੋਲਨਾਂ ਨੇ ਵਿਸ਼ਵ ਦਾ ਧਿਆਨ ਖਿੱਚਿਆ। ਈਰਾਨ ਉਂਜ ਵੀ ਔਰਤਾਂ 'ਤੇ ਪਾਬੰਦੀਆਂ ਲਾਉਣ ਲਈ ਚੰਦ ਬਦਨਾਮ ਦੇਸ਼ਾਂ ਵਿਚ ਗਿਣਿਆ ਜਾਂਦਾ ਹੈ। ਈਰਾਨ ਵਿਚ ਸ਼ੀਆ-ਸੁੰਨੀ ਦੰਗੇ-ਫ਼ਸਾਦ ਵੀ ਆਮ ਵਰਤਾਰਾ ਹਨ। ਇਕ ਸਮਾਂ ਸੀ ਜਦੋਂ ਈਰਾਨ ਬੇਹੱਦ ਅਮਨ-ਪਸੰਦ ਦੇਸ਼ ਮੰਨਿਆ ਜਾਂਦਾ ਸੀ। ਈਰਾਨ 'ਚੋਂ ਆਏ ਸੂਫ਼ੀ-ਸੰਤਾਂ ਨੇ ਭਾਰਤ ਦੇ ਸੱਭਿਆਚਾਰ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਸੀ। ਪੰਜਾਬ ਦੀ ਲੋਕਧਾਰਾ ਵਿਚ ਵੀ ਈਰਾਨ ਦਾ ਬੋਲਬਾਲਾ ਹੈ। ਈਰਾਨ ਦਾ ਪ੍ਰਾਚੀਨ ਨਾਮ ਆਰੀਆਨ ਹੈ। ਫ਼ਾਰਸੀਆਂ, ਪਾਰਸੀਆਂ ਨੂੰ ਜਦੋਂ ਈਰਾਨ ਵਿਚ ਕੁੱਟ ਪਈ ਤਾਂ ਉਨ੍ਹਾਂ ਨੇ ਭਾਰਤ ਦੇ ਮਹਾਰਾਸ਼ਟਰ ਅਤੇ ਗੁਜਰਾਤ ਸੂਬਿਆਂ ਵਿਚ ਸ਼ਰਨ ਲਈ। ਦੇਸ਼ ਦੀ ਵੰਡ ਵੇਲੇ ਭੂਗੋਲਿਕ ਤੌਰ 'ਤੇ ਈਰਾਨ ਨਾਲੋਂ ਅਸੀਂ ਦੂਰ ਜ਼ਰੂਰ ਹੋਏ ਹਾਂ, ਸੰਸਕ੍ਰਿਤਕ ਤੌਰ 'ਤੇ ਨਹੀਂ। ਇਸੇ ਲਈ ਨਰਗਿਸ ਮੁਹੰਮਦੀ ਨਾਲ ਜੁੜੇ ਫਿਕਰ ਅਤੇ ਉਸ ਨੂੰ ਮਿਲੇ ਪੁਰਸਕਾਰ ਦਾ ਜ਼ਿਕਰ ਭਾਰਤ ਵਿਚ ਹੋਣਾ ਕੁਦਰਤੀ ਗੱਲ ਹੈ।

# ਜ਼ਿੰਦਗੀ ਵਿਚੋਂ ਹੀ ਮਿਲਦੇ ਹਨ ਜ਼ਿੰਦਗੀ ਦੇ ਸਬਕ

*ਕਿਸੇ ਵੀ ਸਫਲਤਾ ਲਈ ਲੱਗਣ ਵਾਲੇ ਸਮੇਂ ਦਾ ਗਿਆਨ ਬਹੁਤ ਜ਼ਰੂਰੀ ਹੈ। ਸਮੇਂ ਤੋਂ ਪਹਿਲਾਂ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਬਾਰੇ ਸੋਚਣਾ ਵੀ ਇਕ ਅਜਿਹੀ ਸਮੱਸਿਆ ਹੈ, ਜਿਹੜੀ ਅਸੀਂ ਖੁਦ ਪੈਦਾ ਕਰਦੇ ਹਾਂ। ਜ਼ਿੰਦਗੀ ਬਦਲਦੀ ਨਹੀਂ, ਬਲਕਿ ਜ਼ਿੰਦਗੀ ਪ੍ਰਤੀ ਸਾਡਾ ਨਜ਼ਰੀਆ ਬਦਲਦਾ ਹੈ। ਜ਼ਿਆਦਾਤਰ ਮੁਸ਼ਕਿਲਾਂ ਉਹ ਹੁੰਦੀਆਂ ਹਨ ਜਿਹੜੀਆਂ ਅਸਲ ਵਿਚ ਮੁਸ਼ਕਿਲਾਂ ਹੁੰਦੀਆਂ ਨਹੀਂ, ਬਲਕਿ ਉਹ ਸਾਡੇ ਆਪਣੇ ਹੀ ਖਿਆਲ, ਵਿਚਾਰ ਅਤੇ ਵਹਿਮ ਹੁੰਦੇ ਹਨ। ਸਾਡੀਆਂ ਆਪਣੀਆਂ ਗ਼ਲਤ ਆਦਤਾਂ ਹੀ ਸਭ ਤੋਂ ਵੱਡੀਆਂ ਮੁਸ਼ਕਿਲਾਂ ਹਨ। ਸਾਡਾ ਆਪਣਾ ਗ਼ਲਤ ਵਿਹਾਰ ਹੀ ਸਭ ਤੋਂ ਵੱਡੀ ਸਮੱਸਿਆ ਹੈ।*

**ਅਮਰਜੀਤ ਬਰਾੜ**

ਜੇਕਰ ਤੁਸੀਂ ਆਪਣੀ ਸੋਮਵਾਰ ਦੀ ਗ਼ਲਤੀ ਨੂੰ ਮੰਗਲਵਾਰ ਵੀ ਦੁਹਰਾਉਂਦੇ ਹੋ ਤਾਂ ਫਿਰ ਤੁਸੀਂ ਆਪਣੀ ਬੁੱਧਵਾਰ ਦੀ ਪ੍ਰੇਸ਼ਾਨੀ ਵਿਚ ਵਾਧਾ ਕਰਦੇ ਹੋ। ਦੁੱਖ ਇਸ ਗੱਲ ਦਾ ਜ਼ਿਆਦਾ ਨਹੀਂ ਹੁੰਦਾ ਕਿ ਦਵਾਈ ਬਹੁਤ



ਮਹਿੰਗੀ ਹੈ, ਸਗੋਂ ਦੁੱਖ ਇਸ ਗੱਲ ਦਾ ਜ਼ਿਆਦਾ ਹੁੰਦਾ ਹੈ ਕਿ ਦਿੱਤੀ ਜਾਣ ਵਾਲੀ ਦਵਾਈ ਹੀ ਗ਼ਲਤ ਸੀ। ਕਈ ਵਾਰ ਸਮੱਸਿਆ ਹੀ ਦੱਸਦੀ ਹੈ ਕਿ ਅਸੀਂ ਕਿਥੇ ਗ਼ਲਤ ਸੀ। ਜਵਾਬ ਉਸੇ ਤਰ੍ਹਾਂ ਦੇ ਮਿਲਦੇ ਹਨ, ਜਿਸ ਤਰ੍ਹਾਂ ਦੇ ਸਵਾਲ ਪੁੱਛੇ ਜਾਂਦੇ ਹਨ। ਅਸੀਂ ਕੀ ਦੇਖਦੇ ਹਾਂ, ਇਹ ਸਾਡੀ ਦ੍ਰਿਸ਼ਟੀ ਦਾ ਕੰਮ ਹੈ, ਅਸੀਂ ਚੀਜ਼ਾਂ ਨੂੰ ਕਿਵੇਂ ਵੇਖਦੇ ਹਾਂ। ਇਹ ਸਾਡੇ ਦ੍ਰਿਸ਼ਟੀਕੋਣ 'ਤੇ ਨਿਰਭਰ ਕਰਦਾ ਹੈ। ਜ਼ਿੰਦਗੀ ਇਕ ਜ਼ਰੀਆ ਹੈ, ਕੁਝ ਕੀਤੇ ਜਾਣ ਦਾ। ਜ਼ਿੰਦਗੀ ਇਕ ਮੌਕਾ ਹੈ, ਕਿਸੇ ਮਨੋਰਥ ਨੂੰ ਪ੍ਰਾਪਤ ਕਰਨ ਦਾ। ਜ਼ਿੰਦਗੀ ਇਕ ਸਮਾਂ ਹੈ, ਨਵੀਆਂ ਸੰਭਾਵਨਾਵਾਂ ਨੂੰ ਖੋਜਣ ਦਾ। ਬਦਲੇ ਬਾਰੇ ਸੋਚਣਾ ਤੰਗ ਨਜ਼ਰੀਏ ਦਾ ਕੰਮ ਹੈ, ਬਦਲਣ ਬਾਰੇ ਸੋਚਣਾ, ਉਸਾਰੂ ਸੋਚ ਦਾ ਕੰਮ ਹੈ। ਜੇਕਰ ਅਸੀਂ ਨਹੀਂ ਬਦਲਦੇ ਤਾਂ ਇਸ ਦਾ ਮਤਲਬ ਅਸੀਂ ਕੁਝ ਵੀ ਸਿਖ ਨਹੀਂ ਰਹੇ, ਬਲਕਿ ਜੋ ਸਾਡੇ ਕੋਲ ਹੈ, ਅਸੀਂ ਉਸੇ ਨੂੰ ਦੁਹਰਾਅ ਰਹੇ ਹਾਂ। ਕੋਈ ਕੰਮ ਕੀਤੇ ਬਗੈਰ ਪ੍ਰਸ਼ੰਸਾ ਦੀ ਆਸ ਰੱਖਣੀ ਤੁਹਾਨੂੰ ਨਿਰਾਸ਼ ਕਰਦੀ ਹੈ। ਬਿਨਾਂ ਕਿਸੇ ਯੋਗਦਾਨ ਤੋਂ ਮਿਲੀ ਪ੍ਰਸ਼ੰਸਾ ਨੂੰ ਪ੍ਰਸ਼ੰਸਾ ਨਹੀਂ, ਬਲਕਿ ਚਾਪਲੂਸੀ ਹੀ ਕਿਹਾ ਜਾਵੇਗਾ।

ਆਪਣੇ ਆਲੇ-ਦੁਆਲੇ, ਆਪਣੇ ਰਿਸ਼ਤੇਦਾਰਾਂ ਅਤੇ ਆਪਣੇ ਦੋਸਤਾਂ ਤੋਂ ਵੱਧ ਅਮੀਰ ਬਣਨ ਦੀ ਬਜਾਇ ਵੱਧ ਬਿਹਤਰ ਬਣਨ ਦੀ ਕੋਸ਼ਿਸ਼ ਕਰਨਾ ਜ਼ਿਆਦਾ ਬਿਹਤਰ ਹੈ। ਜੇਕਰ ਕਿਸੇ ਗ਼ਰੀਬ ਨੂੰ ਤੁਹਾਡੀ ਅਮੀਰੀ ਤੋਂ ਸ਼ਰਮਿੰਦਾ ਹੋਣਾ ਪੈ ਰਿਹਾ ਹੈ ਜਾਂ ਫਿਰ ਉਸ ਵਿਚ ਹੀਣ ਭਾਵਨਾ ਪੈਦਾ ਹੋ ਰਹੀ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਆਪਣੀ ਅਮੀਰੀ ਦਾ ਵਿਖਾਵਾ ਕਰ ਰਹੇ ਹੋ। ਜੇਕਰ ਕੋਈ ਤੁਹਾਡੇ ਤੋਂ ਪ੍ਰੇਰਨਾ ਲੈ ਰਿਹਾ ਹੈ ਤਾਂ ਇਸ ਦਾ ਮਤਲਬ ਤੁਸੀਂ ਸਹੀ ਦਿਸ਼ਾ ਵੱਲ ਅੱਗੇ ਵਧ ਰਹੇ ਹੋ।

ਜੇਕਰ ਤੁਹਾਡੀ ਸਮੱਸਿਆ ਕਿਸੇ ਨੂੰ ਨਜ਼ਰ ਨਹੀਂ ਆਉਂਦੀ ਤਾਂ ਫਿਰ ਤੁਹਾਡੇ ਦੱਸਣ ਨਾਲ ਵੀ ਉਨ੍ਹਾਂ ਨੂੰ ਸਮਝ ਨਹੀਂ ਆਵੇਗੀ। ਇਕ ਉਹ ਹੁੰਦੇ ਹਨ ਜਿਹੜੇ ਤੁਹਾਨੂੰ ਕਿਸੇ ਸਮੱਸਿਆ ਵਿਚ ਵੇਖ ਨਹੀਂ ਸਕਦੇ ਅਤੇ ਦੂਜੇ ਉਹ ਹੁੰਦੇ ਹਨ ਜਿਹੜੇ ਤੁਹਾਡੀ ਸਮੱਸਿਆ ਨੂੰ ਵੇਖਣਾ ਵੀ ਨਹੀਂ ਚਾਹੁੰਦੇ। ਪੁਰਾਣਾ ਤਜਰਬਾ ਸਾਨੂੰ ਨਵੀਆਂ ਗ਼ਲਤੀਆਂ ਕਰਨ ਤੋਂ ਰੋਕਦਾ ਹੈ। ਇਕ ਜੇਤੂ ਵਿਅਕਤੀ ਆਪਣੀ ਹਰ ਕੋਸ਼ਿਸ਼ ਵਿਚ ਕਾਮਯਾਬ ਨਹੀਂ ਹੁੰਦਾ, ਬਲਕਿ ਕਈ ਵਾਰ ਤਾਂ ਉਹ ਸਾਡੇ ਤੋਂ ਵੀ ਵੱਧ ਵਾਰ ਅਸਫਲ ਹੁੰਦਾ ਹੈ ਪਰ ਅਸਫਲਤਾ ਦੇ ਬਾਵਜੂਦ ਵੀ ਉਹ ਇਕ ਵਿਸ਼ਵਾਸ ਨਾਲ ਆਪਣੀ ਕੋਸ਼ਿਸ਼ ਵਿਚ ਲੱਗਾ ਰਹਿੰਦਾ ਹੈ। ਵੱਡੇ ਤੋਂ ਵੱਡੇ ਗੇਂਦਬਾਜ਼ ਦੀ ਵੀ ਹਰ ਬਾਲ ਵਿਕਟ ਨਹੀਂ ਲੈਂਦੀ। ਵੱਡੇ ਤੋਂ ਵੱਡਾ ਬੱਲੇਬਾਜ਼ ਵੀ ਹਰ ਮੈਚ ਵਿਚ ਵੱਡੇ-ਵੱਡੇ ਸਕੋਰ ਨਹੀਂ ਬਣਾਉਂਦਾ। ਜਿਹੜੇ ਸਾਨੂੰ ਅੱਜ ਸਿਖ਼ਰ 'ਤੇ ਨਜ਼ਰ ਆਉਂਦੇ ਹਨ, ਕਿਸੇ ਸਮੇਂ ਉਹ ਸਾਡੇ ਪੱਧਰ ਤੋਂ ਵੀ ਹੇਠਾਂ ਹੁੰਦੇ ਹਨ। ਕਾਮਯਾਬੀ ਇਕ ਦਿਨ ਵਿਚ ਨਹੀਂ, ਬਲਕਿ ਇਕ ਦਿਨ ਜ਼ਰੂਰ ਮਿਲਦੀ ਹੈ। ਮੰਗੀ ਜਾਣ ਵਾਲੀ ਮਦਦ ਨਾਲੋਂ ਦਿੱਤੀ ਜਾਣ ਵਾਲੀ ਮਦਦ ਜ਼ਿਆਦਾ ਲਾਭਦਾਇਕ ਹੁੰਦੀ ਹੈ, ਕਿਉਂਕਿ ਮੰਗੀ ਗਈ ਮਦਦ ਦੀ ਦੁਰਵਰਤੋਂ ਦੀ ਜ਼ਿਆਦਾ ਸੰਭਾਵਨਾ ਨਹੀਂ ਹੁੰਦੀ। ਅਕਸਰ ਬਹੁਤ ਜ਼ਿਆਦਾ ਆਸਾਨੀ ਨਾਲ ਮਿਲਣ ਵਾਲੀ ਚੀਜ਼ ਦੀ ਅਸਲ ਕੀਮਤ ਅਸੀਂ ਗੁਆ ਦਿੰਦੇ ਹਾਂ। ਅਕਸਰ ਜ਼ਿਆਦਾਤਰ ਲੋਕ ਆਪਣੀ ਜ਼ਿੰਦਗੀ ਨਾਲ ਵੀ ਅਜਿਹਾ ਹੀ ਕਰਦੇ ਹਨ।

ਕਿਸੇ ਮੁਸੀਬਤ ਸਮੇਂ ਹੀ ਅਸੀਂ ਆਪਣੇ-ਆਪ ਨੂੰ ਡੂੰਘਾਈ ਨਾਲ ਮਾਪਦੇ ਹਾਂ। ਸੌਖਾ ਅਤੇ ਖ਼ੁਸ਼ੀ ਦਾ ਸਮਾਂ ਸੁਪਨੇ ਵਾਂਗ ਲੰਘ ਜਾਂਦਾ ਹੈ ਅਤੇ ਔਖਾ ਵੇਲਾ ਸਾਨੂੰ ਹਰ ਤਰ੍ਹਾਂ ਨਾਲ ਸੋਚਣ ਲਈ ਮਜਬੂਰ ਕਰਦਾ ਹੈ। ਔਖਾ ਵੇਲਾ ਹੀ ਸਾਨੂੰ ਸੌਖੇ ਵੇਲੇ ਦੀ ਸਹੀ ਵਰਤੋਂ ਕਰਨੀ ਸਿਖਾਉਂਦਾ ਹੈ। ਵਿਗਿਆਨਿਕ ਤਰੱਕੀ ਵਿਚ ਯੋਗਦਾਨ ਪਾਉਣ ਵਾਲੇ ਮਹਾਨ ਇਨਸਾਨਾਂ ਦੇ ਯੋਗਦਾਨ ਲਈ ਸਾਨੂੰ ਉਨ੍ਹਾਂ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਕੋਈ ਸਮਾਂ ਸੀ ਜਦੋਂ ਦੁਨੀਆ ਦੇ ਵੱਡੇ-ਵੱਡੇ ਰਾਜੇ ਵੀ ਕਿਸੇ ਆਮ ਜਿਹੀ ਬਿਮਾਰੀ ਕਾਰਨ ਹੀ ਬਹੁਤ ਛੋਟੀ ਉਮਰੇ ਇਸ ਦੁਨੀਆ ਤੋਂ ਚਲੇ ਗਏ, ਜਦਕਿ ਅੱਜ ਉਨ੍ਹਾਂ ਬਿਮਾਰੀਆਂ ਦਾ ਇਲਾਜ ਬਹੁਤ ਆਮ ਜਿਹਾ ਇਨਸਾਨ ਹੀ ਬੜੀ ਆਸਾਨੀ ਨਾਲ ਕਰਵਾ ਲੈਂਦਾ ਹੈ।

ਕਿਸੇ ਵੀ ਸਫਲਤਾ ਲਈ ਲੱਗਣ ਵਾਲੇ ਸਮੇਂ ਦਾ ਗਿਆਨ ਬਹੁਤ ਜ਼ਰੂਰੀ ਹੈ। ਸਮੇਂ ਤੋਂ ਪਹਿਲਾਂ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਬਾਰੇ ਸੋਚਣਾ ਵੀ ਇਕ ਅਜਿਹੀ ਸਮੱਸਿਆ ਹੈ, ਜਿਹੜੀ ਅਸੀਂ ਖੁਦ ਪੈਦਾ ਕਰਦੇ ਹਾਂ। ਜ਼ਿੰਦਗੀ ਬਦਲਦੀ ਨਹੀਂ, ਬਲਕਿ ਜ਼ਿੰਦਗੀ ਪ੍ਰਤੀ ਸਾਡਾ ਨਜ਼ਰੀਆ ਬਦਲਦਾ ਹੈ। ਜ਼ਿਆਦਾਤਰ ਮੁਸ਼ਕਿਲਾਂ ਉਹ ਹੁੰਦੀਆਂ ਹਨ ਜਿਹੜੀਆਂ ਅਸਲ ਵਿਚ ਮੁਸ਼ਕਿਲਾਂ ਹੁੰਦੀਆਂ ਨਹੀਂ, ਬਲਕਿ ਉਹ ਸਾਡੇ ਆਪਣੇ ਹੀ ਖਿਆਲ, ਵਿਚਾਰ ਅਤੇ ਵਹਿਮ ਹੁੰਦੇ ਹਨ। ਸਾਡੀਆਂ ਆਪਣੀਆਂ ਗ਼ਲਤ ਆਦਤਾਂ ਹੀ ਸਭ ਤੋਂ ਵੱਡੀਆਂ ਮੁਸ਼ਕਿਲਾਂ ਹਨ। ਸਾਡਾ ਆਪਣਾ ਗ਼ਲਤ ਵਿਹਾਰ ਹੀ ਸਭ ਤੋਂ ਵੱਡੀ ਸਮੱਸਿਆ ਹੈ। ਸਾਡਾ ਆਪਣਾ ਗ਼ਲਤ ਨਜ਼ਰੀਆ ਹੀ ਸਭ ਤੋਂ ਵੱਡੀ ਰੁਕਾਵਟ ਹੈ। ਸਾਡੀ ਆਪਣੀ ਤੰਗ ਸੋਚ ਹੀ ਸਭ ਤੋਂ ਵੱਡੀ ਦੁਸ਼ਮਣ ਹੈ। ਜ਼ਿਆਦਾਤਰ ਸਾਡੀਆਂ ਕਾਮਯਾਬੀਆਂ, ਅਸਫਲਤਾਵਾਂ, ਜਿੱਤਾਂ, ਹਾਰਾਂ, ਚਿੰਤਾਵਾਂ, ਖ਼ੁਸ਼ੀਆਂ ਆਦਿ ਦਾ ਸੰਬੰਧ ਸਾਡੀ ਜ਼ਿੰਦਗੀ ਦੀ ਮੂਲਧਾਰਾ ਨਾਲ ਜੁੜਿਆ ਹੁੰਦਾ ਹੈ। ਜਿਉਂਦੇ ਜੀਅ ਕੋਈ ਵੀ ਚੀਜ਼ ਤੁਹਾਨੂੰ ਛੱਡ ਕੇ ਜਾ ਸਕਦੀ ਹੈ ਪਰ ਤੁਸੀਂ ਆਪਣੇ-ਆਪ ਨੂੰ ਛੱਡ ਕੇ ਕਿਤੇ ਵੀ ਨਹੀਂ ਜਾ ਸਕਦੇ। ਸਭ ਤੋਂ ਪਹਿਲਾਂ ਅਸੀਂ ਆਪਣੀਆਂ ਬੁਰੀਆਂ ਆਦਤਾਂ, ਆਪਣੇ ਬੁਰੇ ਵਿਹਾਰ, ਆਪਣੇ ਗੁੱਸੇ, ਈਰਖਾ ਅਤੇ ਹਉਮੈ ਨੂੰ ਹਰਾਉਣਾ ਹੈ। ਬੁਰੀਆਂ ਚੀਜ਼ਾਂ ਦੂਰ ਕਰਨ ਨਾਲ ਚੰਗੀਆਂ ਚੀਜ਼ਾਂ, ਚੰਗੇ ਲੋਕ ਅਤੇ ਚੰਗੀਆਂ ਪ੍ਰਾਪਤੀਆਂ ਆਪਣੇ-ਆਪ ਤੁਹਾਡੇ ਵੱਲ ਆਕਰਸ਼ਿਤ ਹੁੰਦੀਆਂ ਹਨ।

# ਨੌਜਵਾਨਾਂ ਨੂੰ ਗੈਂਗਸਟਰਵਾਦ ਤੋਂ ਬਚਾ ਕੇ, ਸਿੱਧੇ ਰਾਹੇ ਪਾਉਣਾ ਲਈ ਪ੍ਰੇਰਿਤ ਕਰੇਗੀ ਫ਼ਿਲਮ 'ਵ੍ਹਾਈਟ ਪੰਜਾਬ'



**ਜਿੰਦ ਜਵੰਦਾ**
**9779591482**

ਪੰਜਾਬੀ ਸਿਨੇਮਾ 'ਚ ਹੁਣ ਸਮੇਂ ਦੀ ਹਕੀਕਤ ਅਤੇ ਪੰਜਾਬ ਦੀ ਸਥਿਤੀ ਵੀ ਪੇਸ਼ ਹੋਣ ਲੱਗੀ ਹੈ।ਪੰਜਾਬ ਦੇ ਮੌਜੂਦਾ ਦੌਰ ਵਿੱਚ ਵਧਦੀ ਜਾ ਰਹੀ ਗੁੰਡਾਗਰਦੀ, ਗੈਂਗਸਟਰਵਾਦ ਅਤੇ ਸਮਾਜਿਕ ਮੁਦਿਆਂ ਤੇ ਤਿੱਖਾ ਵਿਅੰਗ ਕਰਦੀ ਅਜਿਹੀ ਹੀ ਇੱਕ ਪੰਜਾਬੀ ਫ਼ਿਲਮ ਹੈ 'ਵ੍ਹਾਈਟ ਪੰਜਾਬ'। 'ਥੀਏਟਰ ਆਰਮੀ ਫ਼ਿਲਮਜ਼' ਬੈਨਰ ਹੇਠ ਬਣੀ ਇਹ ਫ਼ਿਲਮ ਕੁਰਾਹੇ ਪਏ ਨੌਜਵਾਨਾਂ ਅਤੇ ਸਮਾਜਿਕ ਹਾਲਾਤਾਂ ਦੀ ਗੱਲ ਕਰਦੀ ਇੱਕ ਅਰਥਭਰਪੂਰ ਫ਼ਿਲਮ ਹੈ। ਜਿਸ ਵਿੱਚ ਇਹ ਦੱਸਿਆ ਗਿਆ ਹੈ ਕਿ ਸਾਨੂੰ ਹੁਣ ਖੁਦ ਅੱਗੇ ਹੋ ਕੇ ਆਪਣੇ ਨੌਜਵਾਨਾਂ ਨੂੰ ਗੈਂਗਸਟਰਵਾਦ ਵਿੱਚ ਫੱਸਣ ਤੋਂ ਬਚਾਉਣਾ ਪਏਗਾ।ਆਉਣ ਵਾਲੀ 13 ਅਕਤੂਬਰ ਨੂੰ ਸਿਨੇਮਾ ਘਰਾਂ ਦਾ ਸ਼ਿੰਗਾਰ ਬਨਣ ਜਾ ਰਹੀ ਨਿਰਦੇਸ਼ਕ ਅਤੇ ਲੇਖਕ ਗੱਬਰ ਸਿੰਘ ਸੰਗਰੂਰ ਦੀ ਇਸ ਫ਼ਿਲਮ ਵਿੱਚ ਗਾਇਕ ਕਾਕਾ ਪੰਜਾਬੀ ਫਿਲਮ ਇੰਡਸਟਰੀ ਵਿੱਚ ਕਦਮ ਧਰਨ ਜਾ ਰਹੇ ਹਨ ਅਤੇ ਉਨ੍ਹਾਂ ਦੇ ਨਾਲ ਅਦਾਕਾਰ ਕਰਤਾਰ ਚੀਮਾ, ਮਹਾਂਬੀਰ ਭੁੱਲਰ, ਸੈਮੁਅਲ ਜੌਨ, ਇੰਦਰਜੀਤ, ਦਕਸ਼ ਅਜੀਤ ਸਿੰਘ, ਰੱਬੀ ਕੰਡੋਲਾ, ਯਾਸ਼ਮੀਨ, ਤਾਰਾਪਾਲ ਤੇ ਸੁਪਨੀਤ ਸਿੰਘ ਆਦਿ ਨਾਮੀ ਕਲਾਕਾਰ ਆਪਣੀ ਅਦਾਕਾਰੀ ਦੇ ਰੰਗ ਦਿਖਾਉਂਦੇ ਨਜ਼ਰ ਆਉਣਗੇ। ਜ਼ਿਕਰਯੋਗ ਹੈ ਕਿ ਗੱਬਰ ਸਿੰਘ ਸੰਗਰੂਰ ਹਮੇਸ਼ਾ ਹੀ ਸਮਾਜਿਕ ਦਾਇਰੇ ਦੀਆਂ ਚੰਗੀਆਂ ਫਿਲਮਾਂ ਬਣਾਉਣ ਵਾਲੇ ਲੇਖਕ-ਨਿਰਦੇਸ਼ਕ ਵਜੋਂ ਜਾਣੇ ਜਾਂਦੇ ਹਨ ਅਤੇ ਇਸ ਫਿਲਮ ਰਾਹੀਂ ਉਨ੍ਹਾਂ ਨੌਜਵਾਨਾਂ ਦੇ ਅਹਿਮ ਮੁੱਦੇ ਨੂੰ ਛੋਹਿਆ ਹੈ। ਫ਼ਿਲਮ ਸਬੰਧੀ ਗੱਲਬਾਤ ਕਰਦਿਆਂ ਗੱਬਰ ਸਿੰਘ ਨੇ ਕਿਹਾ ਕਿ ਇਸ ਫ਼ਿਲਮ ਰਾਹੀਂ ਜਿੱਥੇ 'ਵ੍ਹਾਈਟ ਪੰਜਾਬ' ਅਪਰਾਧ ਤੋਂ ਪਰੇ ਦੁਨੀਆਂ ਨੂੰ ਦਿਖਾਉਣ ਦਾ ਇੱਕ ਗੰਭੀਰ ਅਤੇ ਸੁਹਿਰਦ ਯਤਨ ਹੈ, ਉੱਥੇ ਕਾਲਜਾਂ, ਯੂਨੀਵਰਸਿਟੀਆਂ 'ਚ ਪੜ੍ਹਦੇ ਨੌਜਵਾਨਾਂ ਦੀ ਜ਼ਿੰਦਗੀ, ਮੁਸ਼ਕਿਲਾਂ ਤੇ ਹਾਲਾਤਾਂ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲਈ ਉਨ੍ਹਾਂ ਦੇ ਦਿਲ 'ਚ ਇੱਕ ਦਰਦ ਹੈ ਅਤੇ ਬਹੁਤ ਦੁੱਖ ਹੁੰਦਾ ਹੈ ਜਦੋਂ ਪੰਜਾਬ ਦੇ ਨੌਜਵਾਨ ਦਿਨ-ਬ-ਦਿਨ ਗੈਂਗਵਾਰ ਦਾ ਹਿੱਸਾ ਬਣ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ 'ਜੇ ਫਿਲਮ ਘੱਟੋਂ-ਘੱਟ ਇੱਕ ਨੌਜਵਾਨ ਨੂੰ ਵੀ ਗੈਂਗਸਟਰਵਾਦ ਵਿੱਚ ਨਾ ਪੈਣ ਲਈ ਪ੍ਰੇਰਿਤ ਕਰੇਗੀ ਤਾਂ ਮੈਂ ਮਹਿਸੂਸ ਕਰਾਂਗਾ ਕਿ ਮੇਰੀ ਫਿਲਮ ਨੇ ਮਕਸਦ ਪੂਰਾ ਕੀਤਾ ਹੈ। ਇਸ ਫ਼ਿਲਮ ਰਾਹੀਂ ਗਾਇਕ ਤੋਂ ਨਾਇਕ ਬਣੇ ਕਾਕਾ ਦਾ ਕਹਿਣਾ ਹੈ ਕਿ "ਪੰਜਾਬ ਵਿੱਚ ਗਾਇਕਾਂ ਨੂੰ ਨੌਜਵਾਨਾਂ ਵੱਲੋਂ ਰੋਲ ਮਾਡਲ ਵਜੋਂ ਦੇਖਿਆ ਜਾਂਦਾ ਹੈ। ਇੱਕ ਕਲਾਕਾਰ ਹੋਣ ਦੇ ਨਾਤੇ, ਜਦੋਂ ਮੈਂ ਗਾਇਕਾਂ ਨੂੰ ਗੈਂਗਸਟਰਾਂ ਦੁਆਰਾ ਨਿਸ਼ਾਨਾ ਬਣਦੇ ਦੇਖਦਾ ਹਾਂ, ਤਾਂ ਇਹ ਮੇਰਾ ਫਰਜ਼ ਬਣਦਾ ਹੈ ਕਿ ਮੈਂ ਉਸ ਅਰਥ ਭਰਪੂਰ ਸਿਨੇਮਾ ਦਾ ਹਿੱਸਾ ਬਣਾ, ਜੋ ਨੌਜਵਾਨਾਂ ਨੂੰ ਤਬਾਹ ਕਰ ਰਹੇ ਗੈਂਗ ਦੇ ਲੈਂਡਸਕੇਪ 'ਤੇ ਰੌਸ਼ਨੀ ਪਾਉਂਦਾ ਹੈ। ਉਨਾਂ ਕਿਹਾ ਕਿ ਸਾਨੂੰ ਆਸ ਹੈ ਕਿ ਚੰਗਾ ਸਿਨੇਮਾ ਵੇਖਣ ਵਾਲੇ ਦਰਸ਼ਕਾਂ ਦੀ ਪਸੰਦ 'ਤੇ ਇਹ ਫ਼ਿਲਮ ਖਰੀ ਉੱਤਰੇਗੀ।

SINGH TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

# ਜਦੋਂ ਹੋਈ ਮੇਰੀ ਡੋਲੀ ਮਾਏ ਅੱਖੀਆਂ ਤੋਂ ਓਹਲੇ



*ਧੀ ਦੀ ਮਾਂ ਜਾਂ ਪਰਿਵਾਰ ਦੀ ਕੋਈ ਹੋਰ ਬਜ਼ੁਰਗ ਔਰਤ ਨਵਵਿਆਹੀ ਜੋੜੀ ਨੂੰ ਸ਼ਗਨ ਦਿੰਦੀ ਹੈ ਅਤੇ ਉਨ੍ਹਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਉਂਦੀ ਹੈ। ਉਸ ਤੋਂ ਬਾਅਦ ਧੀ ਜਾਂਦੇ ਸਮੇਂ ਆਪਣੇ ਬਾਬਲ ਦੇ ਘਰ ਵਿੱਚ ਚੌਲਾਂ ਦਾ ਛਿੱਟਾ ਦਿੰਦੀ ਹੋਈ ਜਾਂਦੀ ਹੈ ਤਾਂ ਕਿ ਉਸ ਦੇ ਬਾਬਲ ਦਾ ਘਰ, ਉਸ ਦੇ ਵੀਰਾਂ ਦਾ ਸੰਸਾਰ ਉਸੇ ਤਰ੍ਹਾਂ ਹਰਿਆ-ਭਰਿਆ ਅਤੇ ਹੱਸਦਾ ਵੱਸਦਾ ਰਹੇ।*

**ਜਸਪ੍ਰੀਤ ਕੌਰ ਸੰਘਾ**

ਪੰਜਾਬੀ ਸੱਭਿਆਚਾਰ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਆਪਣੇ ਅੰਦਰ ਅਨੇਕਾਂ ਰਸਮਾਂ ਤੇ ਰੀਤੀ-ਰਿਵਾਜਾਂ ਨੂੰ ਸਮੋਈ ਬੈਠਾ ਹੈ। ਸਾਡੇ ਸੱਭਿਆਚਾਰ ਵਿੱਚ ਜਨਮ ਤੋਂ ਲੈ ਕੇ ਮਰਨ ਤੱਕ ਦੇ ਸਫ਼ਰ ਨਾਲ ਸਬੰਧਿਤ ਅਨੇਕਾਂ ਰਸਮਾਂ ਤੇ ਰੀਤੀ-ਰਿਵਾਜ ਹਨ। ਜ਼ਿੰਦਗੀ ਦੇ ਸਫ਼ਰ ਦਾ ਇੱਕ ਖ਼ੂਬਸੂਰਤ ਪੜਾਅ ਹੈ ਵਿਆਹ। ਪੁਰਾਣੇ ਸਮੇਂ ਵਿੱਚ ਵਿਆਹ ਕਈ ਦਿਨ ਚੱਲਦੇ ਸਨ, ਪਰ ਵਰਤਮਾਨ ਸਮੇਂ ਵਿੱਚ ਵਿਆਹਾਂ ਦਾ ਸਰੂਪ ਬਿਲਕੁਲ ਹੀ ਬਦਲ ਗਿਆ ਹੈ। ਸਾਡੇ ਸਮਾਜ ਵਿੱਚ ਵਿਆਹ ਸਮੇਂ ਅਨੇਕਾਂ ਰਸਮਾਂ ਨਿਭਾਈਆਂ ਜਾਂਦੀਆਂ ਹਨ ਜਿਵੇਂ ਆਟੇ ਪਾਣੀ ਪਾਉਣਾ, ਵਟਣਾ ਮਲਣਾ, ਨ੍ਹਾਈ-ਧੋਈ, ਨਾਨਕ ਸ਼ੱਕ, ਜਾਗੋ, ਸਿਹਰਾਬੰਦੀ, ਸੁਰਮਾ ਪਾਉਣਾ, ਰਬਨਿ ਕਟਵਾਉਣਾ, ਮਿਲਣੀ ਕਰਨੀ, ਆਨੰਦ ਕਾਰਜ ਦੀ ਰਸਮ, ਡੋਲੀ ਤੋਰਨ ਦੀ ਰਸਮ ਅਤੇ ਪਾਣੀ ਵਾਰਨਾ ਆਦਿ। ਇਨ੍ਹਾਂ ਤੋਂ ਇਲਾਵਾ ਅਨੇਕਾਂ ਹੋਰ ਛੋਟੀਆਂ ਛੋਟੀਆਂ ਰਸਮਾਂ ਹਨ ਜੋ ਅਜੋਕੇ ਯੁੱਗ ਵਿੱਚ ਅਲੋਪ ਹੁੰਦੀਆਂ ਜਾ ਰਹੀਆਂ ਹਨ।

ਵਿਆਹ ਦੀਆਂ ਇਨ੍ਹਾਂ ਰਸਮਾਂ ਵਿੱਚੋਂ ਬਹੁਤ ਮਹੱਤਵਪੂਰਨ ਰਸਮ ਹੈ ਡੋਲੀ ਤੋਰਨ ਦੀ। ਜਦੋਂ ਵਿਆਹ ਦੀ ਸਮਾਪਤੀ ਤੋਂ ਬਾਅਦ ਧੀ ਦੀ ਡੋਲੀ ਤੋਰੀ ਜਾਂਦੀ ਹੈ ਤਾਂ ਘਰ ਦੀਆਂ ਕੰਧਾਂ ਵੀ ਰੋਂਦੀਆਂ ਹਨ। ਕਿੱਡਾ ਵੱਡਾ ਜਿਗਰਾ ਹੁੰਦਾ ਹੈ ਉਸ ਪਿਓ ਦਾ ਜੋ ਆਪਣੇ ਜਿਗਰ ਦਾ ਟੋਟਾ ਦੂਜੇ ਨੂੰ ਸੌਂਪ ਦਿੰਦਾ ਹੈ। ਕਿੰਨਾ ਹੌਸਲਾ ਹੁੰਦਾ ਹੈ ਉਸ ਮਾਂ ਦਾ ਜੋ ਆਪਣੀ ਲਾਡਲੀ ਧੀ ਨੂੰ ਬੇਗਾਨੇ ਹੱਥੀਂ ਸੌਂਪਦੀ ਹੈ, ਪਰ ਜੱਗ ਦੀ ਰੀਤ ਹੈ ਕਿ ਧੀਆਂ ਨੂੰ ਪਰਾਇਆ ਧਨ ਹੀ ਸਮਝਿਆ ਜਾਂਦਾ ਹੈ ਤੇ ਧੀ ਦੇ ਹੱਥ ਪੀਲੇ ਕਰਕੇ ਉਸ ਦੀ ਡੋਲੀ ਤੋਰ ਕੇ ਹੀ ਮਾਪਿਆਂ ਨੂੰ ਚੈਨ ਮਿਲਦਾ ਹੈ:

**ਗਲੀਆਂ ਤੇ ਹੋਈਆਂ ਬਾਬਲ ਭੀੜੀਆਂ**
**ਤੇਰਾ ਆਂਗਨ ਹੋਇਆ ਪ੍ਰਦੇਸ ਵੇ ਬਾਬਲ**
**ਰੱਖ-ਰੱਖ ਬਾਬਲ ਘਰ ਆਪਣੇ**
**ਧੀ ਚੱਲੀ ਬਿਗਾਨੜੇ ਦੇਸ ਵੇ ਬਾਬਲ।**

ਪੁਰਾਣੇ ਸਮੇਂ ਵਿੱਚ ਵਿਆਹ ਘਰਾਂ ਵਿੱਚ ਕੀਤੇ ਜਾਂਦੇ ਸਨ ਅਤੇ ਧੀ ਦੀ ਡੋਲੀ ਵੀ ਘਰੋਂ ਹੀ ਵਿਦਾ ਕੀਤੀ ਜਾਂਦੀ ਸੀ, ਪਰ ਹੁਣ ਵਿਆਹ ਘਰ ਦੀ ਬਜਾਏ ਮੈਰਿਜ ਪੈਲੇਸਾਂ ਵਿੱਚ ਕੀਤੇ ਜਾਂਦੇ ਹਨ ਅਤੇ ਧੀ ਦੀ ਡੋਲੀ ਵੀ ਆਮ ਤੌਰ ’ਤੇ ਮੈਰਿਜ ਪੈਲੇਸ ਵਿੱਚੋਂ ਹੀ ਵਿਦਾ ਕਰ ਦਿੱਤੀ ਜਾਂਦੀ ਹੈ। ਪਹਿਲਾਂ ਧੀ ਨੂੰ ਡੋਲੀ ਵਿੱਚ ਵਿਦਾ ਕੀਤਾ ਜਾਂਦਾ ਸੀ। ਅੱਜ ਡੋਲੀ ਦੀ ਜਗ ?ਹਾ ਕਾਰਾਂ ਨੇ ਲੈ ਲਈ ਹੈ, ਪਰ ਧੀ ਦੀ ਜੁਦਾਈ ਦੀ ਜੋ ਪੀੜ ਹੈ ਉਹ ਅੱਜ ਵੀ ਉਹੀ ਹੈ ਜੋ ਪਹਿਲਾਂ ਹੁੰਦੀ ਸੀ। ਧੀ ਦੇ ਵਿਛੋੜੇ ਦੇ ਦਰਦ ਨੂੰ ਤਾਂ ਉਹੀ ਮਹਿਸੂਸ ਕਰ ਸਕਦਾ ਹੈ ਜਿਸ ਨੇ ਹੱਥੀਂ ਧੀ ਵਿਦਾ ਕੀਤੀ ਹੋਵੇ:

**ਜਦੋਂ ਹੋਈ ਮੇਰੀ ਡੋਲੀ ਮਾਏ ਅੱਖੀਆਂ ਤੋਂ ਓਹਲੇ**
**ਪਿੱਛੋਂ ਦੇਖ ਦੇਖ ਰੋਵੀਂ ਮੇਰੇ ਗੁੱਡੀਆਂ ਪਟੋਲੇ।**

ਧੀ ਦੀ ਡੋਲੀ ਤੋਰਨ ਲਈ ਸ਼ਰੀਕੇ ਦੇ ਸਾਰੇ ਲੋਕ, ਰਿਸ਼ਤੇਦਾਰ, ਸੱਜਣ ਤੇ ਮਿੱਤਰ ਇਕੱਠੇ ਹੁੰਦੇ ਹਨ ਜੋ ਕਿ ਧੀ ਨੂੰ ਪਿਆਰ ਤੇ ਅਸੀਸਾਂ ਅਤੇ ਮਾਪਿਆਂ ਨੂੰ ਦਿਲਾਸਾ ਦਿੰਦੇ ਹਨ। ਡੋਲੀ ਤੁਰਨ ਸਮੇਂ ਸਾਕ-ਸਬੰਧੀਆਂ ਵੱਲੋਂ ਨਵ ਵਿਆਹੀ ਜੋੜੀ ਨੂੰ ਸ਼ਗਨ ਦਿੱਤਾ ਜਾਂਦਾ ਹੈ। ਧੀ ਦੀ ਮਾਂ ਜਾਂ ਪਰਿਵਾਰ ਦੀ ਕੋਈ ਹੋਰ ਬਜ਼ੁਰਗ ਔਰਤ ਨਵਵਿਆਹੀ ਜੋੜੀ ਨੂੰ ਸ਼ਗਨ ਦਿੰਦੀ ਹੈ ਅਤੇ ਉਨ੍ਹਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਉਂਦੀ ਹੈ। ਉਸ ਤੋਂ ਬਾਅਦ ਧੀ ਜਾਂਦੇ ਸਮੇਂ ਆਪਣੇ ਬਾਬਲ ਦੇ ਘਰ ਵਿੱਚ ਚੌਲਾਂ ਦਾ ਛਿੱਟਾ ਦਿੰਦੀ ਹੋਈ ਜਾਂਦੀ ਹੈ ਤਾਂ ਕਿ ਉਸ ਦੇ ਬਾਬਲ ਦਾ ਘਰ, ਉਸ ਦੇ ਵੀਰਾਂ ਦਾ ਸੰਸਾਰ ਉਸੇ ਤਰ੍ਹਾਂ ਹਰਿਆ-ਭਰਿਆ ਅਤੇ ਹੱਸਦਾ ਵੱਸਦਾ ਰਹੇ। ਵੀਰ ਵੀ ਡੋਲੀ ਵਾਲੀ ਕਾਰ ਨੂੰ ਧੱਕਾ ਲਾ ਕੇ ਆਪਣੀ ਲਾਡਲੀ ਭੈਣ ਨੂੰ ਵਿਦਾ ਕਰਦੇ ਹਨ। ਡੋਲੀ ਤੁਰਨ ਸਮੇਂ ਧੀ ਰੋ- ਰੋ ਕੇ ਮਾਂ ਅੱਗੇ ਉਸ ਨੂੰ ਇੱਕ ਦਨਿ ਹੋਰ ਰੱਖਣ ਲਈ ਵਾਸਤੇ ਪਾਉਂਦੀ ਹੋਈ ਆਖਦੀ ਹੈ:

**ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਂ**
**ਰਹਾਂ ਬਾਪ ਦੀ ਮੈਂ ਬਣ ਕੇ ਗੋਲੀ ਨੀਂ ਮਾਂ**

ਇਸੇ ਤਰ੍ਹਾਂ ਧੀ ਆਪਣੇ ਬਾਬਲ ਅੱਗੇ ਫਰਿਆਦ ਕਰਦੀ ਹੈ ਕਿ ਉਹ ਉਸ ਨੂੰ ਆਪਣੇ ਘਰ ਵਿੱਚ ਰੱਖ ਲਵੇ, ਪਰ ਬਾਬਲ ਸਮਾਜਿਕ ਬੰਦਸ਼ਾਂ ਅਤੇ ਰੀਤੀ- ਰਵਿਾਜਾਂ ਤੋਂ ਮਜਬੂਰ ਧੀ ਨੂੰ ਆਪਣੇ ਘਰ ਜਾਣ ਲਈ ਆਖਦਾ ਹੈ। ਧੀ ਬਾਬਲ ਨੂੰ ਵਾਸਤਾ ਪਾਉਂਦੀ ਹੈ:

**ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ**
**ਬਾਬਲ ਗੁੱਡੀਆਂ ਕੌਣ ਖੇਡੂ**
**ਮੇਰੀਆਂ ਖੇਡਣ ਪੋਤਰੀਆਂ**
**ਧੀਏ ਘਰ ਜਾ ਆਪਣੇ।**

ਇਸੇ ਤਰ੍ਹਾਂ ਜਦੋਂ ਧੀ ਨੂੰ ਡੋਲੀ ਬਿਠਾਇਆ ਜਾਂਦਾ ਹੈ ਅਤੇ ਧੀ ਰੋਂਦੀ- ਕੁਰਲਾਉਂਦੀ ਹੈ ਤਾਂ ਸਾਕ- ਸਬੰਧੀ ਧੀ ਨੂੰ ਦਿਲਾਸਾ ਦਿੰਦੇ ਹਨ ਅਤੇ ਉਸ ਦੀ ਝੋਲੀ ਅਸੀਸਾਂ ਨਾਲ ਭਰ ਦਿੰਦੇ ਹਨ। ਜਵਿੇਂ ਕਿਹਾ ਜਾਂਦਾ ਹੈ:

**ਨਾ ਰੋ ਬੀਬੀ ਗੌਰਜਾਂ**
**ਕੋਈ ਗੁੱਝੜੇ ਰੋਣੇ ਨਾ ਰੋ**
**ਮਾਪਿਆਂ ਡੋਲੀ ਪਾ ਦਿੱਤੀ**
**ਤੂੰ ਤਾਂ ਬੁੱਢ ਸੁਹਾਗਣ ਹੋ**
**ਇਸੇ ਤਰ੍ਹਾਂ ਕਿਹਾ ਜਾਂਦਾ ਹੈ:**
**ਲਾਲ ਭੈਣੇ ਤੇਰੇ ਕੱਪੜੇ**
**ਕਾਲੇ ਤੇਰੇ ਕੇਸ**
**ਮਾਪਿਆਂ ਨੇ ਡੋਲੇ ਪਾ ਦਿੱਤੀ**
**ਕੋਈ ਖਾਈ ਆਪਣੇ ਲੇਖ।**

ਸਾਡੇ ਸਮਾਜ ਦੀ ਇੱਕ ਧਾਰਨਾ ਹੈ ਕਿ ਸਭ ਤੋਂ ਵੱਡਾ ਦਾਨ ਧੀ ਦਾ ਹੁੰਦਾ ਹੈ ਜਿਸ ਨੇ ਧੀ ਦੇ ਦਿੱਤੀ ਸਮਝੋ ਉਸ ਨੇ ਆਪਣਾ ਸਭ ਕੁਝ ਦੇ ਦਿੱਤਾ, ਪਰ ਪੈਸੇ ਦੀ ਲੋਭੀ ਦੁਨੀਆ ਤਾਂ ਧੀਆਂ ਦੀ ਬਜਾਏ ਧਨ-ਦੌਲਤ ਅਤੇ ਦਾਜ ਨੂੰ ਜ਼ਿਆਦਾ ਮਹੱਤਵ ਦਿੰਦੀ ਹੈ। ਧੀਆਂ ਦੇ ਮਾਪੇ ਤਾਂ ਸਾਰੀ ਉਮਰ ਮੁੰਡੇ ਵਾਲਿਆਂ ਅੱਗੇ ਝੁਕੇ ਹੀ ਰਹਿੰਦੇ ਹਨ। ਡੋਲੀ ਤੋਰਨ ਲੱਗਿਆਂ ਵੀ ਧੀ ਦਾ ਪਿਓ ਆਪਣੇ ਕੁੜਮ ਅੱਗੇ ਬੇਨਤੀ ਕਰਦਾ ਹੈ ਕਿ ਉਹ ਉਨ੍ਹਾਂ ਦੁਆਰਾ ਦਿੱਤੇ ਕੱਪੜੇ, ਗਹਿਣਿਆਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਦੁਆਰਾ ਦਿੱਤੀ ਤਿਲਫੁਲ ਭੇਟਾ ਨੂੰ ਸਵੀਕਾਰ ਕਰ ਲੈਣ ਅਤੇ ਉਨ੍ਹਾਂ ਦੀ ਧੀ ਨੂੰ ਸਹੁਰੇ ਪਰਿਵਾਰ ਵਿੱਚ ਪੂਰਾ ਮਾਣ ਬਖ਼ਸ਼ਣ।

**ਸੁਣਿਓ ਵੇ ਸੁਣਿਓ ਨਵਿਓਂ ਕੁੜਮੋ**
**ਅਰਜ ਬੰਦੀ ਦੀ ਸੁਣਿਓ ਜੀ**
**ਜੋ ਅਸੀਂ ਦਿੱਤੀਆਂ ਪਾਟੀਆਂ ਲੀਰਾਂ**
**ਰੇਸ਼ਮ ਕਰਕੇ ਜਾਣਿਓ ਜੀ**
**ਜੋ ਅਸੀਂ ਦਿੱਤੇ ਚਾਂਦੀ ਦੇ ਗਹਿਣੇ**
**ਸੋਨਾ ਕਰਕੇ ਜਾਣਿਓ ਜੀ।**

ਅੱਗੇ ਜੇ ਕੁੜਮ ਵੀ ਸੂਝ-ਸਿਆਣਪ ਵਾਲਾ ਹੋਵੇ ਤਾਂ ਉਹ ਆਪਣੇ ਕੁੜਮ ਨੂੰ ਦਿਲਾਸਾ ਦਿੰਦਾ ਹੋਇਆ ਆਖਦਾ ਹੈ:

**ਸਾਡਾ ਅੰਦਰ ਵੀ ਭਰਿਆ**
**ਸਾਡਾ ਬਾਹਰ ਵੀ ਭਰਿਆ**
**ਕੁੜਮ ਰਾਜਿਓ ਜੀ**
**ਸਾਡਾ ਭਰਿਆ ਪੱਖ ਪਰਿਵਾਰ**
**ਹੋ ਜੇ ਧੀ ਜੁ ਦਿੱਤੀ ਤੁਸਾਂ ਡਾਹਢੀ ਸੋਹਣੀ**
**ਸਾਡੇ ਘਰ ਦਾ ਹੋਇਆ ਸ਼ਿੰਗਾਰ**
**ਹੋ ਸਾਈ ਵਸਦੇ ਰਹੋ।**

ਧੀਆਂ ਤਾਂ ਅਸਲ ਵਿੱਚ ਹਨ ਹੀ ਚਿੜੀਆਂ ਜਿਨ੍ਹਾਂ ਨੇ ਇੱਕ ਨਾ ਇੱਕ ਦਨਿ ਉਡਾਰੀ ਮਾਰਨੀ ਹੀ ਹੁੰਦੀ ਹੈ। ਧੀਆਂ ਨੂੰ ਤਾਂ ਰਾਜੇ-ਰਜਵਾੜੇ ਵੀ ਘਰ ਨਹੀਂ ਰੱਖ ਸਕਦੇ। ਧੀ ਦੇ ਮਾਪਿਆਂ ਦੀ ਚਿੰਤਾ ਉਸ ਨੂੰ ਸਹੁਰੇ ਘਰ ਤੋਰ ਕੇ ਹੀ ਖਤਮ ਹੁੰਦੀ ਹੈ। ਧੀ ਭਾਵੇਂ ਕਦੇ ਵੀ ਆਪਣੇ ਬਾਬਲ ਦਾ ਘਰ ਛੱਡਣਾ ਨਹੀਂ ਚਾਹੁੰਦੀ। ਉਹ ਨਹੀਂ ਚਾਹੁੰਦੀ ਕਿ ਉਹ ਕਦੀ ਵੀ ਉਸ ਸਵਰਗ ਤੋਂ ਦੂਰ ਜਾਵੇ ਜਿੱਥੇ ਉਸ ਦਾ ਬਚਪਨ ਬੀਤਿਆ, ਜਿੱਥੇ ਉਸ ਨੂੰ ਜਵਾਨੀ ਚੜ੍ਹੀ ਹੋਵੇ ਅਤੇ ਜਿੱਥੇ ਉਸ ਨੇ ਜ਼ਿੰਦਗੀ ਦੇ ਦੁੱਖ-ਸੁੱਖ ਮਾਣੇ ਹੋਣ:

**ਕਾਹਨੂੰ ਕਰਨਾ ਗੁਮਾਨ ਬਾਬਲਾ**
**ਵੇ ਧੀਆਂ ਪਰਦੇਸਣਾਂ**
**ਕਾਹਨੂੰ ਹੋਈਆਂ ਸੀ ਜਵਾਨ ਬਾਬਲਾ**
**ਵੇ ਧੀਆਂ ਪਰਦੇਸਣਾਂ।**

ਭਾਵੇਂ ਵਰਤਮਾਨ ਸਮੇਂ ਵਿਆਹਾਂ ਦਾ ਸਰੂਪ ਬਦਲ ਗਿਆ ਹੈ, ਪਰ ਡੋਲੀ ਤੁਰਨ ਸਮੇਂ ਜੋ ਦਰਦ ਕੱਲ੍ਹ ਹੁੰਦਾ ਸੀ, ਉਹੀ ਅੱਜ ਹੁੰਦਾ ਹੈ। ਸੱਚਮੁੱਚ ਕਿੰਨਾ ਵੱਡਾ ਜਿਗਰਾ ਹੁੰਦਾ ਹੈ ਉਨ੍ਹਾਂ ਮਾਪਿਆਂ ਦਾ ਜੋ ਆਪਣੇ ਹੱਥੀਂ ਪਾਲੀਆਂ ਧੀਆਂ ਨੂੰ ਬੇਗਾਨੇ ਹੱਥੀਂ ਸੌਂਪ ਦਿੰਦੇ ਹਨ। ਸੱਚਮੁੱਚ ਕਿੰਨਾ ਵੱਡਾ ਜਿਗਰਾ ਹੁੰਦਾ ਹੈ ਇਨ੍ਹਾਂ ਮਾਸੂਮ ਕੁੜੀਆਂ- ਚਿੜੀਆਂ ਦਾ ਜੋ ਆਪਣੀ ਵਸੀ- ਵਸਾਈ ਦੁਨੀਆ ਛੱਡ ਕੇ ਇੱਕ ਨਵੀਂ ਦੁਨੀਆ ਨੂੰ ਅਪਣਾਉਂਦੀਆਂ ਹਨ ਅਤੇ ਉਸ ਦੁਨੀਆ ਨੂੰ ਸਵਰਗ ਬਣਾਉਣ ਲਈ ਆਪਣਾ ਆਪਾ ਵਾਰ ਦਿੰਦੀਆਂ ਹਨ:

**ਮੇਰੀ ਡੋਲੀ ਨੂੰ ਰੱਜ ਕੇ ਵੇਖ ਨੀਂ ਮਾਂ**
**ਮੈਂ ਤਾਂ ਜਾਣਾ ਬਿਗਾਨੜੇ ਦੇਸ ਨੀਂ ਮਾਂ।**


Uscipp Insurance Services
1050 N Carpenter RD STE C, Modesto, CA 95351
TRUCK INSURANCE
TRUCK TAX
IFTA


Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

# ਇਕਾਗਰਤਾ ਲਈ ਚਿੰਤਾ



ਉਨ੍ਹਾਂ ਦੇ ਵਾਰਡਾਂ ਬਾਰੇ ਮਾਪਿਆਂ ਦੀ ਆਮ ਸ਼ਿਕਾਇਤ ਉਨ੍ਹਾਂ ਦੀ ਇਕਾਗਰਤਾ ਦੀ ਘਾਟ ਹੈ। ਅਧਿਐਨ ਕਰਦੇ ਸਮੇਂ, ਉਹ ਅਕਸਰ ਕਈ ਚੀਜ਼ਾਂ ਦੁਆਰਾ ਵਿਚਲਿਤ ਹੋ ਜਾਂਦੇ ਹਨ ਜਿਸ ਦੇ ਨਤੀਜੇ ਵਜੋਂ ਉਨ੍ਹਾਂ ਲਈ ਸਿੱਖਣਾ ਬਹੁਤ ਵੱਡਾ ਕੰਮ ਬਣ ਜਾਂਦਾ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ: ਬੇਚੈਨੀ, ਖਿਲਵਾੜ, ਸੁਪਨੇ ਵਾਲਾ ਸੁਭਾਅ, ਸਮਝ ਦੀ ਕਮੀ ਜਾਂ ਪੜ੍ਹਾਈ ਵਿੱਚ ਦਿਲਚਸਪੀ ਜਾਂ ਕੁਝ ਤਣਾਅ।

ਅਸੀਂ ਕੁਝ ਸਧਾਰਨ ਸੁਝਾਅ ਦਿੰਦੇ ਹਾਂ ਜੋ ਤੁਹਾਡੇ ਬੱਚੇ ਦੀ ਇਕਾਗਰਤਾ ਨੂੰ ਕੁਝ ਹੱਦ ਤੱਕ ਵਧਾਉਣ ਵਿੱਚ ਮਦਦ ਕਰਨਗੇ। ਉਹਨਾਂ ਨੂੰ ਅਜ਼ਮਾਓ...

**ਨੋਟ ਲੈਂਦੇ ਹੋਏ :** ਕਲਾਸਾਂ ਦੌਰਾਨ ਨੋਟ ਲਿਖਣਾ ਇੱਕ ਆਦਤ ਹੈ ਜੋ ਬੱਚਿਆਂ ਵਿੱਚ ਪੈਦਾ ਹੋਣੀ ਚਾਹੀਦੀ ਹੈ। ਅਧਿਆਪਕ ਦੁਆਰਾ ਸਿਖਾਈ ਜਾ ਰਹੀ ਕਿਸੇ ਮਹੱਤਵਪੂਰਨ ਚੀਜ਼ ਦਾ ਨੋਟ ਬਣਾਉਣਾ ਬੱਚੇ ਨੂੰ ਜੋ ਸਿਖਾਇਆ ਗਿਆ ਹੈ ਉਸ ਨੂੰ ਹੋਰ ਮਜ਼ਬੂਤ ??ਕਰਨ ਵਿੱਚ ਮਦਦ ਕਰਦਾ ਹੈ। ਪਾਠ ਨੂੰ ਸੰਸ਼ੋਧਿਤ ਕਰਦੇ ਸਮੇਂ, ਇਹ ਨੋਟਸ ਉਸਦੀ ਇਕਾਗਰਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨਗੇ ਕਿਉਂਕਿ ਉਸਨੂੰ ਅਧਿਆਪਕ ਕੀ ਕਹਿ ਰਿਹਾ ਹੈ ਤੇ ਪੂਰਾ ਧਿਆਨ ਦੇਣਾ ਹੁੰਦਾ ਹੈ ਅਤੇ ਬਾਅਦ ਵਿੱਚ ਉਸਦੇ ਨੋਟਸ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰਨ 'ਤੇ ਧਿਆਨ ਦੇਣਾ ਹੁੰਦਾ ਹੈ।

**ਇੱਕ ਗੱਲ 'ਤੇ ਧਿਆਨ ਦਿਓ :** ਮਲਟੀਟਾਸਕਿੰਗ ਹਰ ਕਿਸੇ ਲਈ ਚਾਹ ਦਾ ਕੱਪ ਨਹੀਂ ਹੈ। ਖ਼ਾਸਕਰ ਬੱਚਿਆਂ ਵਿੱਚ, ਇਹ ਕਾਫ਼ੀ ਕੰਮ ਹੋ ਸਕਦਾ ਹੈ। ਇਹ ਸੁਨਿਸ਼ਚਿਤ ਕਰਨਾ ਕਿ ਬੱਚਾ ਹੱਥ ਵਿਚ ਇਕ ਹੀ ਕੰਮ 'ਤੇ ਧਿਆਨ ਕੇਂਦਰਤ ਕਰਦਾ ਹੈ, ਉਸ ਦੀ ਇਕਾਗਰਤਾ ਦੇ ਪੱਧਰ ਨੂੰ ਕਾਫੀ ਹੱਦ ਤੱਕ ਸੁਧਾਰ ਸਕਦਾ ਹੈ।

**ਇਸ ਉੱਤੇ ਸੌਂ ਜਾਓ :** ਖੋਜ ਨੇ ਸਾਬਤ ਕੀਤਾ ਹੈ ਕਿ ਜਦੋਂ ਤੁਸੀਂ ਸੌਣ ਤੋਂ ਪਹਿਲਾਂ ਕਿਸੇ ਵਿਸ਼ੇ ਦਾ ਅਧਿਐਨ ਕਰਦੇ ਹੋ, ਤਾਂ ਜਾਣਕਾਰੀ ਲੰਬੀ ਮਿਆਦ ਦੀ ਯਾਦਾਸ਼ਤ ਵਿੱਚ ਤਬਦੀਲ ਹੋ ਜਾਂਦੀ ਹੈ। ਇਹ ਸਾਬਤ ਕਰਦਾ ਹੈ ਕਿ ਇਕਾਗਰਤਾ

ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਅਤੇ ਚੰਗੀ ਯਾਦਦਾਸ਼ਤ ਲਈ ਕਾਫ਼ੀ ਆਰਾਮ ਬਹੁਤ ਮਹੱਤਵਪੂਰਨ ਹੈ। ਜੇ ਸਹੀ ਨੀਂਦ ਤੋਂ ਬਿਨਾਂ ਜਾਣਕਾਰੀ ਦਾ ਭਾਰ ਹੈ, ਤਾਂ ਇਹ ਸਿੱਖਣ ਦੀ ਵਿਅਰਥ ਕਸਰਤ ਹੋਵੇਗੀ।

**ਛੁਟੀ ਲਯੋ :** ਇਹ ਦੇਖਿਆ ਗਿਆ ਹੈ ਕਿ ਜਦੋਂ ਬੱਚੇ ਅਧਿਐਨ ਦੇ ਦੋ ਸੈਸ਼ਨਾਂ ਵਿਚਕਾਰ ਬ੍ਰੇਕ ਦਿੱਤੇ ਜਾਂਦੇ ਹਨ ਤਾਂ ਉਹ ਬਿਹਤਰ ਧਿਆਨ ਕੇਂਦਰਤ ਕਰਦੇ ਹਨ। ਇਹ ਬ੍ਰੇਕ ਉਹਨਾਂ ਦੀ ਦਿਲਚਸਪੀ ਨੂੰ ਮੁੜ ਸੁਰਜੀਤ ਕਰਨ ਅਤੇ ਨਵਿਆਉਣ ਵਾਲੀ ਊਰਜਾ ਨਾਲ ਦੁਬਾਰਾ ਸ਼ੁਰੂ ਕਰਨ ਵਿੱਚ ਉਹਨਾਂ ਦੀ ਮਦਦ ਕਰਦੇ ਹਨ। ਇਹ ਕਿਸੇ ਹੋਰ ਵਿਸ਼ੇ ਜਾਂ ਵਿਸ਼ੇ 'ਤੇ ਸ਼ਿਫਟ ਕਰਨਾ ਸੌਖਾ ਬਣਾਉਂਦਾ ਹੈ। ਉਹ ਇਸ ਬਰੇਕ ਦੀ ਵਰਤੋਂ ਖੇਡਣ, ਪੜ੍ਹਨ, ਸੰਗੀਤ ਸੁਣਨ ਜਾਂ ਕੋਈ ਆਰਾਮਦਾਇਕ ਗਤੀਵਿਧੀ ਕਰਨ ਲਈ ਕਰ ਸਕਦੇ ਹਨ।

**ਜੀਵਨ ਸ਼ੈਲੀ ਵਿੱਚ ਬਦਲਾਅ :** ਇਹ ਸਿਰਫ਼ ਬੱਚੇ ਦੀਆਂ ਆਦਤਾਂ ਹੀ ਨਹੀਂ ਹਨ ਜਿਨ੍ਹਾਂ ਨੂੰ ਉਨ੍ਹਾਂ ਦੀ ਇਕਾਗਰਤਾ ਦੀ ਕਮੀ ਲਈ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਕਈ ਵਾਰ, ਉਸਦੇ ਆਲੇ ਦੁਆਲੇ ਦੇ ਲੋਕ ਅਤੇ ਵਾਤਾਵਰਣ ਵਰਗੇ ਕੁਝ ਹੋਰ ਕਾਰਕ ਹੁੰਦੇ ਹਨ ਜਿਨ੍ਹਾਂ ਨੂੰ ਸੁਧਾਰਨ ਦੀ ਜ਼ਰੂਰਤ ਹੁੰਦੀ ਹੈ। ਸਕੂਲ ਤੋਂ ਇਲਾਵਾ, ਘਰ ਵਿੱਚ ਵੀ, ਕਿਸੇ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਉਸਦੀ ਇਕਾਗਰਤਾ ਸਰਵੋਤਮ ਹੋਵੇ। ਆਲੇ-ਦੁਆਲੇ ਦੀਆਂ ਆਦਤਾਂ ਨੂੰ ਦੇਖੋ ਜੋ ਉਸਦਾ ਧਿਆਨ ਭਟਕਾਉਣ ਵਿੱਚ ਸਹਾਇਕ ਹੋ ਸਕਦੀਆਂ ਹਨ, ਜਿਵੇਂ ਕਿ ਉੱਚ ਆਵਾਜ਼ 'ਤੇ ਸੰਗੀਤ ਜਾਂ ਟੀਵੀ ਸੁਣਨਾ। ਪਰਿਵਾਰ ਦੇ ਕਿਸੇ ਮੈਂਬਰ ਜਾਂ ਗੁਆਂਢੀਆਂ ਦਾ ਉੱਚਾ ਵਿਵਹਾਰ ਵੀ ਵਿਗਾੜ ਵਾਲੀ ਖੇਡ ਖੇਡ ਰਿਹਾ ਹੋ ਸਕਦਾ ਹੈ। ਇਸੇ ਤਰ੍ਹਾਂ ਜਾਂਚ ਕਰੋ ਕਿ ਕੀ ਤੁਹਾਡੇ ਬੱਚੇ ਦੀ ਪੜ੍ਹਾਈ ਦੇ ਹਰ ਪਹਿਲੂ ਦੀ ਨਿਗਰਾਨੀ ਕਰਨ ਦੀ ਤੁਹਾਡੀ ਆਦਤ ਉਸ ਦੇ ਇਕਾਗਰਤਾ ਦੇ ਪੱਧਰ ਨੂੰ ਪ੍ਰਭਾਵਿਤ ਕਰ ਰਹੀ ਹੈ?

ਇਹ ਵੀ ਸੁਨਿਸ਼ਚਿਤ ਕਰੋ ਕਿ ਉਹ ਚੰਗੀ ਹਵਾਦਾਰੀ ਵਾਲੇ ਇੱਕ ਚੰਗੀ ਰੋਸ਼ਨੀ ਵਾਲੇ ਕਮਰੇ ਵਿੱਚ ਅਧਿਐਨ ਕਰਨ ਲਈ ਬੈਠਦਾ ਹੈ ਜਿਸ ਵਿੱਚ ਬੈਕਗ੍ਰਾਉਂਡ ਵਿੱਚ ਘੱਟ ਤੋਂ ਘੱਟ ਸੰਭਵ ਸ਼ੋਰ ਹੋਵੇ। ਇਹ ਛੋਟੀਆਂ ਪਰ ਮਹੱਤਵਪੂਰਨ ਚੀਜ਼ਾਂ ਉਸਦੀ ਇਕਾਗਰਤਾ ਦੇ ਪੱਧਰ ਨੂੰ ਮੁੜ ਪ੍ਰਾਪਤ ਕਰਨ ਵਿੱਚ ਉਸਦੀ ਮਦਦ ਕਰਨ ਵਿੱਚ ਇੱਕ ਲੰਮਾ ਸਫ਼ਰ ਤੈਅ ਕਰ ਸਕਦੀਆਂ ਹਨ।

**ਤਣਾਅ ਦੇ ਪੱਧਰ :** ਉਸ ਦੀਆਂ ਆਦਤਾਂ ਤੋਂ ਇਲਾਵਾ, ਤੁਹਾਡੇ ਬੱਚੇ ਨੂੰ ਮਨੋਵਿਗਿਆਨਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੋ ਉਸ ਦੀ ਇਕਾਗਰਤਾ ਪੱਧਰ ਨੂੰ ਕਮਜ਼ੋਰ ਕਰ ਸਕਦਾ ਹੈ। ਉਦਾਹਰਨ ਲਈ ਮਾਪਿਆਂ ਵਿਚਕਾਰ ਲਗਾਤਾਰ ਲੜਾਈਆਂ, ਸਕੂਲ ਜਾਂ ਘਰ ਵਿੱਚ ਧੱਕੇਸ਼ਾਹੀ, ਹਾਣੀਆਂ ਨਾਲ ਮੁਕਾਬਲਾ ਜਾਂ ਕਿਸੇ ਕਿਸਮ ਦਾ ਫੋਬੀਆ ਕੁਝ ਅਜਿਹੀਆਂ ਘਟਨਾਵਾਂ ਹਨ ਜੋ ਬੱਚੇ ਦਾ ਧਿਆਨ ਭਟਕਾਉਂਦੀਆਂ ਹਨ। ਸਮੱਸਿਆ ਦੀ ਪਛਾਣ ਕਰਨਾ ਅਤੇ ਜਿੰਨੀ ਜਲਦੀ ਹੋ ਸਕੇ ਇਸ ਨੂੰ ਠੀਕ ਕਰਨਾ ਮਹੱਤਵਪੂਰਨ ਹੈ।

**ਤਕਨੀਕੀ ਪਰਤਾਵੇ**

ਅੱਜਕੱਲ੍ਹ, ਬੱਚਿਆਂ ਕੋਲ ਸ਼ਾਮਲ ਹੋਣ ਲਈ ਕਈ ਇਲੈਕਟ੍ਰਾਨਿਕ ਯੰਤਰ ਹਨ। ਚਾਹੇ ਇਹ ਟੈਲੀਵਿਜ਼ਨ ਸ਼ੋਅ, ਵਰਚੁਅਲ ਗੇਮਜ਼, ਸੋਸ਼ਲ ਮੀਡੀਆ ਆਦਿ ਅਤੇ ਹੋਰ ਲੁਭਾਉਣ ਵਾਲੇ ਯੰਤਰ ਹੋਣ ਜੋ ਯਕੀਨੀ ਤੌਰ 'ਤੇ ਇਕਾਗਰਤਾ ਬਸਟਰ ਹਨ। ਆਪਣੇ ਬੱਚੇ ਦੇ ਇਕਾਗਰਤਾ ਦੇ ਪੱਧਰਾਂ ਨੂੰ ਉਤਸ਼ਾਹਿਤ ਕਰਨ ਲਈ ਇਹਨਾਂ ਬੇਲੋੜੀਆਂ ਭਟਕਣਾਂ ਤੋਂ ਛੁਟਕਾਰਾ ਪਾਓ।

# ਸਿਆਸੀ ਆਗੂਆਂ ਨੂੰ ਅਕਸ ਸੁਧਾਰਨ ਦੀ ਜ਼ਰੂਰਤ


-ਗਿਆਨ ਸਿੰਘ

ਲੋਕ ਸਭਾ ਚੋਣਾਂ-2024 ਜਿਵੇਂ-ਜਿਵੇਂ ਨੇੜੇ ਆ ਰਹੀਆਂ ਹਨ, ਪੰਜਾਬ ਦੀ ਰਾਜਨੀਤਕ ਸਥਿਤੀ ਵਿਚ ਵੀ ਦਿਨ-ਬ-ਦਿਨ ਉਤਰਾਅ-ਚੜ੍ਹਾਅ ਆ ਰਿਹਾ ਹੈ। ਕਿਸੇ ਵੀ ਸਿਆਸੀ ਪਾਰਟੀ ਦਾ ਆਗੂ ਆਪਣੀ ਪਾਰਟੀ ਦੇ ਵਰਕਰਾਂ ਉੱਪਰ ਪੂਰਨ ਰੂਪ ਵਿਚ ਵਿਸ਼ਵਾਸ ਨਹੀਂ ਕਰ ਸਕਦਾ। ਸਾਰੀਆਂ ਸਿਆਸੀ ਪਾਰਟੀਆਂ ਅੰਦਰੂਨੀ ਫੁੱਟ ਦਾ ਸਾਹਮਣਾ ਕਰ ਰਹੀਆਂ ਹਨ। ਪਹਿਲਾਂ ਪਾਰਟੀਆਂ ਦੇ ਵਰਕਰ ਵਫ਼ਾਦਾਰੀਆਂ ਨਿਭਾਉਂਦੇ ਸਨ ਅਤੇ ਆਪੋ-ਆਪਣੀ ਪਾਰਟੀ ਪ੍ਰਤੀ ਸਮਰਪਣ-ਭਾਵਨਾ ਨਾਲ ਕੰਮ ਕਰਦੇ ਸਨ।

ਜ਼ਮਾਨਾ ਬਦਲਣ ਦੇ ਨਾਲ-ਨਾਲ ਪਾਰਟੀਆਂ ਦੇ ਵਰਕਰਾਂ ਨੇ ਵੀ ਆਪਣੇ ਆਗੂਆਂ ਦੇ ਪਦਚਿੰਨ੍ਹਾਂ 'ਤੇ ਚੱਲਣਾ ਸ਼ੁਰੂ ਕਰ ਦਿੱਤਾ ਹੈ। ਸਿਆਸੀ ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਵਿਚ ਲਾਹਾ ਲੈਣ ਦੀ ਨੀਤੀ ਭਾਰੂ ਹੋ ਰਹੀ ਹੈ। ਇਸ ਵੇਲੇ ਸਥਿਤੀ ਇਹ ਬਣੀ ਹੋਈ ਹੈ ਕਿ ਕੋਈ ਵੀ ਪਾਰਟੀ ਦਮਗਜਾ ਮਾਰ ਕੇ ਨਹੀਂ ਕਹਿ ਸਕਦੀ ਕਿ ਉਸ ਦੇ ਵਰਕਰ ਚੱਟਾਨ ਵਾਂਗ ਉਸ ਦੇ ਨਾਲ ਖੜ੍ਹੇ ਹਨ।

ਸਿਆਸੀ ਪਾਰਟੀਆਂ ਪ੍ਰਤੀ ਵਫ਼ਾਦਾਰੀਆਂ ਦਾਅ 'ਤੇ ਲੱਗੀਆਂ ਹੋਈਆਂ ਹਨ। ਪਾਰਟੀਆਂ ਦੇ ਆਗੂ ਤੇ ਵਰਕਰ ਆਪਣੇ ਨਿੱਜੀ ਲਾਭਾਂ ਦੀ ਖ਼ਾਤਰ ਦਲਬਦਲੂ ਨੀਤੀ ਨੂੰ ਤਰਜੀਹ ਦੇਣ ਲੱਗ ਪਏ ਹਨ। ਇਸ ਬਿਰਤੀ ਦਾ ਮੂਲ ਕਾਰਨ ਅਹੁਦਾ, ਸਿਆਸੀ ਤਾਕਤ ਤੇ ਪੈਸਾ ਹੈ। ਸਾਡੇ ਨੇਤਾ ਭਾਵੇਂ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਸਬੰਧਤ ਹੋਣ, ਜਦੋਂ ਉਨ੍ਹਾਂ ਦੇ ਪਿਛੋਕੜ ਵੱਲ ਝਾਤੀ ਮਾਰਦੇ ਹਾਂ ਤਾਂ ਉਨ੍ਹਾਂ ਬਾਰੇ ਭੇਤ ਖੁੱਲ੍ਹਦੇ ਹਨ। ਸੱਤਾ ਪਰਿਵਰਤਨ ਦੇ ਨਾਲ-ਨਾਲ ਰਾਜ ਕਰ ਚੁੱਕੇ ਨੇਤਾਵਾਂ ਦੀਆਂ ਜ਼ਮੀਨਾਂ-ਜਾਇਦਾਦਾਂ, ਕੋਠੀਆਂ-ਕਾਰਾਂ, ਬੰਗਲੇ ਅਤੇ ਰਿਸ਼ਤੇਦਾਰਾਂ ਦੀਆਂ ਸੰਪਤੀਆਂ ਤੇ ਉਨ੍ਹਾਂ ਦੇ ਰਹਿਣ-ਸਹਿਣ ਵੱਲ ਆਮ ਨਾਗਰਿਕ ਵੇਖਦੇ ਹਨ ਤਾਂ ਉਨ੍ਹਾਂ ਦੇ ਮਨ ਵਿਚ ਵੀ ਲਾਲਸਾ ਪੈਦਾ ਹੁੰਦੀ ਹੈ। ਸੱਤਾ ਵਿਚ ਆਈ ਨਵੀਂ ਸਰਕਾਰ ਦੇ ਕਰਤੇ-ਧਰਤੇ ਰਾਜਭਾਗ ਭੋਗ ਚੁੱਕੇ ਨੇਤਾਵਾਂ ਵੱਲੋਂ ਕੀਤੀਆਂ ਧਾਂਦਲੀਆਂ ਦਾ ਪਰਦਾਫ਼ਾਸ਼ ਕਰ ਕੇ ਲੋਕਾਂ/ਵੋਟਰਾਂ ਸਾਹਮਣੇ ਆਪਣੇ-ਆਪ ਨੂੰ ਲੋਕ ਸੇਵਕ ਹੋਣ ਦਾ ਦਾਅਵਾ ਕਰਦੇ ਹਨ। ਸਿਆਸਤ ਲੋਕ ਸੇਵਾ ਦਾ ਖੇਤਰ ਨਹੀਂ ਰਹੀ ਸਗੋਂ ਇਸ ਨੂੰ ਵੀ ਸਾਡੇ ਨੇਤਾਵਾਂ ਨੇ ਵਪਾਰ ਬਣਾ ਦਿੱਤਾ ਹੈ।

ਲੋਕਤੰਤਰ ਵਿਚ ਸਭ ਤੋਂ ਛੋਟੀ ਇਕਾਈ ਪਿੰਡ ਦੀ ਪੰਚਾਇਤ ਹੈ। ਉਸ ਦੀ ਚੋਣ ਵੀ ਆਰਥਿਕ ਅਤੇ ਸਿਆਸੀ ਪ੍ਰਭਾਵ ਤੋਂ ਮੁਕਤ ਨਹੀਂ ਰਹੀ। ਪੰਚਾਇਤਾਂ, ਰਾਜ ਸਰਕਾਰ ਦੇ ਵਿਧਾਨਕਾਰਾਂ ਤੇ ਸਰਬਉੱਚ ਸੰਸਥਾ ਲੋਕ ਸਭਾ ਅਤੇ ਰਾਜ ਸਭਾ ਮੈਂਬਰਾਂ ਦੀ ਜਿਸ ਤਰੀਕੇ ਨਾਲ ਸਿਆਸੀ ਪਾਰਟੀਆਂ ਚੋਣ ਕਰਦੀਆਂ ਹਨ, ਉਸ ਵਿਚ ਖ਼ਰੀਦੋ-ਫ਼ਰੋਖ਼ਤ ਕੀਤੀ ਜਾਂਦੀ ਹੈ। ਚੋਣ ਜਿੱਤਣ ਲਈ ਸਿਰ-ਧੜ ਦੀ ਬਾਜ਼ੀ ਲੱਗ ਜਾਂਦੀ ਹੈ ਤੇ ਪੈਸੇ ਦੇ ਖ਼ਰਚੇ ਦੀ ਕੋਈ ਸੀਮਾ ਨਹੀਂ ਹੁੰਦੀ। ਦਲਬਦਲੀ ਕਰਨ ਵਾਲੇ ਆਗੂ, ਵਫ਼ਾਦਾਰ ਵਰਕਰਾਂ ਲਈ ਮੁਸੀਬਤ ਬਣ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਟਿਕਟਾਂ ਤੇ ਅਹੁਦਿਆਂ ਦੇ ਵਾਅਦੇ ਕੀਤੇ ਜਾਂਦੇ ਹਨ।



ਅਜਿਹੀ ਸਥਿਤੀ ਵਿਚ ਪਾਰਟੀ ਦੇ ਵਫ਼ਾਦਾਰ ਵਰਕਰ ਦੂਜੀਆਂ ਪਾਰਟੀਆਂ ਵੱਲ ਰੁਖ਼ ਕਰ ਲੈਂਦੇ ਹਨ। ਪੰਜਾਬ ਵਿਚ ਡੇਢ ਸਾਲ ਪਹਿਲਾਂ ਲੋਕਾਂ ਨੇ ਕਾਂਗਰਸ, ਅਕਾਲੀ ਦਲ ਪਾਰਟੀਆਂ ਦੇ ਬਦਲ ਵਜੋਂ ਆਮ ਆਦਮੀ ਪਾਰਟੀ ਦੇ ਮੈਂਬਰਾਂ ਦੀ ਚੋਣ ਕੀਤੀ ਸੀ ਕਿ ਸ਼ਾਇਦ ਪੰਜਾਬ ਦੇ ਹਾਲਾਤ ਵਿਚ ਸੁਧਾਰ ਆਵੇਗਾ। ਕੇਂਦਰ ਵਿਚ ਭਾਜਪਾ ਦੀ ਸਰਕਾਰ ਹੋਣ ਕਰਕੇ ਪੰਜਾਬ ਵਿਚ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਨੂੰ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੇਂਦਰ ਸਰਕਾਰ ਰਾਜਾਂ ਦੀਆਂ ਸ਼ਕਤੀਆਂ ਆਪਣੇ ਹੱਥ ਵਿਚ ਕਰਨਾ ਚਾਹੁੰਦੀ ਹੈ ਤੇ ਰਾਜ ਸਰਕਾਰ ਅੰਦਰੂਨੀ ਸਾਰੀਆਂ ਸ਼ਕਤੀਆਂ 'ਤੇ ਆਪ ਕਬਜ਼ਾ ਕਰਨਾ ਚਾਹੁੰਦੀ ਹੈ। ਇਸੇ ਕਰਕੇ ਆਮ ਲੋਕਾਂ ਵਿਚ ਮਾਯੂਸੀ ਹੈ। ਪੰਜਾਬ ਦੇ ਰਾਜਪਾਲ ਤੇ ਮੁੱਖ ਮੰਤਰੀ ਦਾ ਟਕਰਾਅ, ਪੰਜਾਬ ਦੇ ਵਿਕਾਸ 'ਤੇ ਸਵਾਲੀਆ ਚਿੰਨ੍ਹ ਹੈ। ਪੰਜਾਬ ਸਰਕਾਰ ਨੂੰ ਕਰੋੜਾਂ ਰੁਪਏ ਦਾ ਵਿਰਾਸਤ ਵਿਚ ਮਿਲਿਆ ਕਰਜ਼ਾ ਅਤੇ ਖ਼ਜ਼ਾਨੇ ਦੀ ਚਿੰਤਾਜਨਕ ਸਥਿਤੀ ਹੋਣ ਦੇ ਬਾਵਜੂਦ ਵਿਕਾਸ ਦੇ ਨਾਂ 'ਤੇ ਲਏ ਜਾ ਰਹੇ ਕਰੋੜਾਂ ਰੁਪਏ ਦੇ ਕਰਜ਼ੇ 'ਤੇ ਵੀ ਸਵਾਲੀਆ ਚਿੰਨ੍ਹ ਲੱਗ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੋਟਰਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕਰਨ ਵੱਲ ਕਿੰਨਾ ਕੁ ਧਿਆਨ ਦਿੱਤਾ ਹੈ, ਲੋਕ ਕਿੰਨੇ ਕੁ ਸੰਤੁਸ਼ਟ ਹਨ?

ਪੰਜਾਬ ਦੇ ਕਿਸਾਨਾਂ, ਮੁਲਾਜ਼ਮਾਂ, ਦੁਕਾਨਦਾਰਾਂ, ਔਰਤਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ 'ਚੋਂ ਕਿੰਨੇ ਵਾਅਦੇ ਪੂਰੇ ਹੋਏ ਤੇ ਲੋਕਾਂ ਦੇ ਆਮ ਜੀਵਨ 'ਤੇ ਕੀ ਪ੍ਰਭਾਵ ਪਿਆ? ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਪੰਜਾਬ ਦੀ ਜਵਾਨੀ ਦਾ ਰੁਝਾਨ ਵਿਦੇਸ਼ਾਂ ਵੱਲ ਵਧਦਾ ਜਾ ਰਿਹਾ ਹੈ। ਬੇਰੁਜ਼ਗਾਰ ਟੈਂਕੀਆਂ 'ਤੇ ਚੜ੍ਹਨ ਲਈ ਮਜਬੂਰ ਹੋ ਰਹੇ ਹਨ। ਕਿਸਾਨਾਂ ਤੇ ਮੁਲਾਜ਼ਮਾਂ ਦੀਆਂ ਜੱਥੇਬੰਦੀਆਂ, ਪੈਨਸ਼ਨਰਜ਼ ਐਸੋਸੀਏਸ਼ਨਾਂ ਆਪਣੇ ਹੱਕਾਂ ਲਈ ਧਰਨੇ/ਮੁਜ਼ਾਹਰੇ ਕਰਨ ਲਈ ਮਜਬੂਰ ਹਨ।

ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇ ਉਹ ਸੱਤਾ ਵਿਚ ਆਈ ਤਾਂ ਨਸ਼ਾ ਖ਼ਤਮ ਕਰੇਗੀ ਪਰ ਨਸ਼ਾ ਅਜੇ ਵੀ ਵਿਕ ਰਿਹਾ ਹੈ ਕਿਉਂਕਿ ਇਸ ਕਾਲੇ ਕਾਰੋਬਾਰ ਦੀਆਂ ਜੜ੍ਹਾਂ ਡੂੰਘੇਰੀਆਂ ਹਨ। ਬੇਰੁਜ਼ਗਾਰਾਂ ਦਾ ਰੁਝਾਨ ਲੁੱਟਾਂ-ਖੋਹਾਂ ਵੱਲ ਹੋ ਰਿਹਾ ਹੈ। ਅਮਨ-ਕਾਨੂੰਨ ਦੀ ਸਥਿਤੀ ਚਿੰਤਾਜਨਕ ਹੋ ਰਹੀ ਹੈ। ਰਿਸ਼ਵਤਖੋਰੀ ਰੁਕ ਨਹੀਂ ਰਹੀ ਜਿਸ ਦਾ ਕਾਰਨ ਸਾਡੇ ਨੇਤਾ ਹੀ ਹਨ। ਵਿਦੇਸ਼ਾਂ ਵਿਚ ਚੁਣੇ ਹੋਏ ਨੁਮਾਇੰਦੇ ਆਪਣੀਆਂ ਗੱਡੀਆਂ ਆਪ ਚਲਾਉਂਦੇ ਹਨ। ਉਨ੍ਹਾਂ ਨਾਲ ਕੋਈ ਬਾਡੀਗਾਰਡ ਨਹੀਂ ਹੁੰਦਾ।

ਪੰਜਾਬ ਵਿਚ ਕੋਈ ਸਮਾਂ ਸੀ ਜਦੋਂ ਵਿਧਾਇਕ ਸਰਕਾਰੀ ਬੱਸਾਂ ਵਿਚ ਸਫ਼ਰ ਕਰਦੇ ਸਨ ਤੇ ਲੋਕਾਂ ਦੇ ਕੰਮ ਵੀ ਸੌਖੇ ਹੋ ਜਾਂਦੇ ਸਨ। ਅਜੋਕੇ ਦੌਰ ਵਿਚ ਸਾਡੇ ਵਿਧਾਇਕਾਂ ਨੂੰ ਸਰਕਾਰੀ ਗੱਡੀਆਂ ਤੇ ਨਾਲ ਹੀ ਸੁਰੱਖਿਆ ਅਮਲਾ ਵੀ ਮਿਲਿਆ ਹੋਇਆ ਹੈ।

ਇਹੀ ਨਹੀਂ, ਵੋਟਾਂ ਵੇਲੇ ਮਦਦ ਕਰਨ ਵਾਲੇ ਦਰਜਨਾਂ ਲੋਕ ਹਰ ਵੇਲੇ ਨਾਲ ਤੁਰੇ ਫਿਰਦੇ ਹਨ। ਉਨ੍ਹਾਂ ਦੀ ਆਮਦਨ ਤੇ ਖ਼ਰਚ ਦੇ ਕਿਹੜੇ ਸਾਧਨ ਹਨ। ਰਿਸ਼ਵਤ ਰੋਕਣ ਲਈ ਸਰਕਾਰ ਨੂੰ ਪਹਿਲਾਂ ਆਪਣੇ ਵਿਧਾਇਕਾਂ, ਅਹੁਦੇਦਾਰਾਂ ਦਾ ਮੁਲਾਂਕਣ ਕਰਨਾ ਹੋਵੇਗਾ। ਪੰਜਾਬ ਸਰਕਾਰ ਇਸ ਸਾਲ ਦੇ ਰਹਿੰਦੇ ਤਿੰਨ ਮਹੀਨਿਆਂ ਅੰਦਰ ਸਾਰਾ ਕੰਮ ਚੁਸਤ-ਦਰੁਸਤ ਕਰਨ ਲਈ 23 ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਤੇ ਐਸਐਸਪੀ ਇਮਾਨਦਾਰ ਅਫ਼ਸਰਾਂ ਨੂੰ ਲਗਾਵੇ ਜੋ ਆਪਣੇ ਹਿੱਤਾਂ ਤੋਂ ਉੱਪਰ ਉੱਠ ਕੇ ਹੇਠਲੇ ਅਫ਼ਸਰਾਂ ਤੇ ਕਰਮਚਾਰੀਆਂ ਦੀ ਨਿਗਰਾਨੀ ਕਰ ਸਕਣ।

ਮਹਿਕਮਿਆਂ ਜਾਂ ਮੁਲਾਜ਼ਮਾਂ ਉੱਪਰ ਵਾਧੂ ਖ਼ਰਚਾ ਪਾਉਣਾ ਬੰਦ ਕੀਤਾ ਜਾਵੇ ਅਤੇ ਖ਼ਰਚਿਆਂ ਦੀ ਪੂਰਤੀ ਸਰਕਾਰ ਕਰੇ। ਜ਼ਿਲ੍ਹਿਆਂ ਵਿੱਚੋਂ ਠੇਕੇਦਾਰੀ ਸਿਸਟਮ ਬੰਦ ਕਰ ਕੇ ਨਵੀਆਂ ਅਸਾਮੀਆਂ ਪੈਦਾ ਕਰਨ ਦੀ ਲੋੜ ਹੈ। ਲੋਕਾਂ ਦੀ ਸੁਵਿਧਾ ਲਈ ਖੋਲ੍ਹੇ ਸੁਵਿਧਾ ਕੇਂਦਰ ਲੋਕਾਂ ਲਈ ਅਸੁਵਿਧਾ ਦਾ ਕਾਰਨ ਹਨ ਕਿਉਂਕਿ ਸਰਕਾਰੀ ਮਹਿਕਮੇ ਉਨ੍ਹਾਂ ਠੇਕੇ ਦੇ ਮੁਲਾਜ਼ਮਾਂ ਦੇ ਮੋਢਿਆਂ 'ਤੇ ਬੰਦੂਕ ਰੱਖ ਕੇ ਚਲਾਉਂਦੇ ਹਨ। ਫਾਈਲ ਸੁਵਿਧਾ ਕੇਂਦਰ ਵਿਖੇ ਜਮ ?ਹਾ ਕਰਵਾਓ ਤੇ ਰਸੀਦ ਲੈ ਕੇ ਸਬੰਧਤ ਸਰਕਾਰੀ ਮੁਲਾਜ਼ਮਾਂ ਕੋਲ ਜਾਓ ਤਾਂ ਉਹ ਲੋਕਾਂ ਨਾਲ ਸਿੱਧੇ ਮੂੰਹ ਗੱਲ ਨਹੀਂ ਕਰਦੇ। ਹਰ ਸਰਕਾਰੀ ਮਹਿਕਮੇ ਦਾ ਵੱਖਰਾ-ਵੱਖਰਾ ਸੁਵਿਧਾ ਕਾਊਂਟਰ ਬਣੇ ਤੇ ਸਰਕਾਰੀ ਮੁਲਾਜ਼ਮਾਂ ਦੀ ਸਿੱਧੀ ਜ਼ਿੰਮੇਵਾਰੀ ਫਿਕਸ ਕਰਨ ਦੀ ਲੋੜ ਹੈ।

ਕੈਨੇਡਾ-ਭਾਰਤ ਦੀਆਂ ਸਰਕਾਰਾਂ ਵਿਚਕਾਰ ਜੋ ਕਸ਼ਮਕਸ਼ ਚੱਲ ਰਹੀ ਹੈ, ਉਸ ਦਾ ਸਿੱਧਾ ਪ੍ਰਭਾਵ ਪੰਜਾਬ ਦੇ ਲੋਕਾਂ ਤੇ ਪੈਣਾ ਹੈ ਕਿਉਂਕਿ ਵੱਡੀ ਗਿਣਤੀ ਵਿਚ ਪੰਜਾਬੀ ਕੈਨੇਡਾ ਜਾ ਕੇ ਵਸੇ ਹੋਏ ਹਨ ਜਾਂ ਵਸਣ ਦੀਆਂ ਯੋਜਨਾਵਾਂ ਬਣਾ ਰਹੇ ਹਨ।

ਪੰਜਾਬ ਸਰਕਾਰ ਨੇ 5 ਜਨਵਰੀ ਨੂੰ ਐਨਆਰਆਈ ਚੋਣਾਂ ਦਾ ਬਿਗੁਲ ਵਜਾ ਕੇ ਵਿਦੇਸ਼ੀ ਪੰਜਾਬੀਆਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਸੁਰੂ ਕਰ ਦਿੱਤੀ ਸੀ ਪਰ ਕੇਂਦਰ ਦੀ ਭਾਜਪਾ ਸਰਕਾਰ ਇਸ ਨੂੰ ਰੋਕਣ ਲਈ ਯਤਨਸ਼ੀਲ ਹੈ। ਕੇਂਦਰ ਸਰਕਾਰ ਨੇ ਔਰਤਾਂ ਲਈ 33% ਸੀਟਾਂ ਰਾਖਵੀਆਂ ਕਰ ਕੇ ਨਵਾਂ ਪੱਤਾ ਖੇਡਿਆ ਹੈ। ਭਾਜਪਾ ਨੇ ਪੰਜਾਬ ਵਿਚ ਨਵੀਆਂ ਨਿਯੁਕਤੀਆਂ ਕਰ ਕੇ ਆਪਣਾ ਆਧਾਰ ਮਜ਼ਬੂਤ ਕਰਨ ਲਈ ਯਤਨ ਕੀਤਾ ਹੈ। ਉਹ ਹਰ ਹੀਲੇ ਪੰਜਾਬ 'ਤੇ ਕਬਜ਼ਾ ਕਰਨ ਲਈ ਯਤਨਸ਼ੀਲ ਹੈ। ਨਵੇਂ ਬਣੇ ਆਈਐਨਡੀਆਈਏ (ਇੰਡੀਆ) ਗੱਠਜੋੜ ਵੱਲੋਂ ਖੇਤਰੀ ਪਾਰਟੀਆਂ ਨਾਲ ਗੱਠਜੋੜ ਦਾ ਦੌਰ ਜਾਰੀ ਹੈ। ਪੰਜਾਬ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਗੱਠਜੋੜ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਸਿਆਸੀ ਬਦਲਾਖੋਰੀ ਦੀ ਰਾਜਨੀਤੀ ਦਾ ਦੌਰ ਸ਼ੁਰੂ ਹੋਣਾ ਪੰਜਾਬ ਦੇ ਭਵਿੱਖ ਲਈ ਖ਼ਤਰੇ ਦੀ ਘੰਟੀ ਹੈ।

ਪੰਜਾਬ ਵਿਚ ਸੱਤਾ ਦਾ ਆਨੰਦ ਮਾਣ ਚੁੱਕੀਆਂ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ ਦੁਬਾਰਾ ਪੰਜਾਬ 'ਤੇ ਕਾਬਜ਼ ਹੋ ਸਕਣਗੀਆਂ ਜਾਂ ਨਹੀਂ, ਇਹ ਤਾਂ ਸਮਾਂ ਹੀ ਦੱਸੇਗਾ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹਾਲੇ ਦੂਰ ਹਨ। ਉਸ ਤੋਂ ਪਹਿਲਾਂ ਲੋਕ ਸਭਾ ਚੋਣਾਂ ਪਾਰਟੀਆਂ ਦੇ ਭਵਿੱਖ ਬਾਰੇ ਫ਼ੈਸਲਾ ਕਰ ਦੇਣਗੀਆਂ। ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਆਪਣੇ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਆਪਣਾ ਅਕਸ ਸੁਧਾਰਨ ਅਤੇ ਲੋਕ ਸੇਵਕ ਬਣਨ ਦੀ ਲੋੜ ਹੈ।

# ਤੰਦਰੁਸਤੀ ਲਈ ਖਾਓ ਖਜੂਰ



*''ਸਰੀਰ-ਮਨ ਦੀ ਅੰਦਰੂਨੀ ਤਾਕਤ 'ਤੇ ਜੋਸ਼ ਬਰਕਰਾਰ ਰੱਖਣ ਲਈ ਠੰਢੇ ਮੌਸਮ 'ਚ ਸੁਆਦੀ ਫੱਲ ਖਜੂਰ ਗਰਮ ਦੁੱਧ ਨਾਲ ਲਵੋ। ਡਾਇਬਟੀਜ਼ ਦੇ ਰੋਗੀ ਮਾਹਿਰ ਦੀ ਸਲਾਹ ਨਾਲ ਲੈਣ''- ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ*

ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਵਧਾਉਣ ਲਈ ਠੰਢੇ ਮੌਸਮ ਦਾ ਫੱਲ ਖਜੂਰ ਖਾਣ ਦਾ ਸਮਾਂ ਆ ਗਿਆ ਹੈ। ਵਿਸ਼ਵ ਭਰ ਵਿਚ ਠੰਡ ਦੇ ਮੌਸਮ ਵਿੱਚ ਸ਼ਰੀਰ ਅੰਦਰ ਗਰਮੀ ਮਹਿਸੂਸ ਕਰਨ ਲਈ ਸੁਆਦੀ ਫਲ ਖਜੂਰ ਦੀ ਆਪਣੀ ਹੀ ਮਹੱਤਤਾ ਹੈ। ਹਜ਼ਾਰਾਂ ਸਾਲਾਂ ਤੋਂ ਮੱਧ ਪੂਰਬ ਅਤੇ ਸਿੰਧ ਘਾਟੀ ਵਿਚ ਖਜੂਰ ਭੋਜਨ ਦਾ ਖਾਸ ਹਿੱਸਾ ਰਹੀ ਹੈ। ਮੱਧ ਪੂਰਬ 'ਤੇ ਉੱਤਰੀ ਅਫਰੀਕਾ ਦੇ ਦੇਸ਼ ਮੁੱਖ ਉਤਪਾਦਕ ਰਹੇ ਹਨ। ਸਲਾਨਾ ਵਿਸ਼ਵ ਉਤਪਾਦਨ 8.5 ਮਿਲੀਅਨ ਮੀਟ੍ਰਿਕ ਦੇ ਬਰਾਬਰ ਹੈ। ਇਰਾਕ, ਈਰਾਨ, ਅਰਬ, ਉੱਤਰੀ ਅਫਰੀਕਾ ਪੱਛਮ ਤੋਂ ਮੋਰਾਕੋ ਤੱਕ ਅਤੇ ਖਜੂਰ ਮੇਡਜੂਲ, ਡੇਗਲਟ ਨੌਰ ਅਮਰੀਕਾ ਤੇ ਦੱਖਣੀ ਕੈਲੀਫੋਰਨੀਆ, ਐਰੀਜ਼ੋਨਾ, ਦੱਖਣੀ ਫਲੋਰਿਡਾ ਵਿਚ ਅਤੇ ਮੈਕਸੀਕੋ ਵਿਚ ਸਨੋਰਾ ਤੇ ਬਾਜਾ ਕੈਲੀਫੋਰਨੀਆ ਵਿਚ ਕਾਸ਼ਤ ਜਾ ਰਹੀ ਹੈ। ਇਸਦਾ ਇਸਤੇਮਾਲ ਘਰੇਲੂ ਰਸੋਈ, ਮਿਠਾਈਆਂ ਤੇ ਬੇਕਰੀ ਪ੍ਰਾਡਕਟਸ ਵਿੱਚ ਕੀਤਾ ਜਾ ਰਿਹਾ ਹੈ। 100 ਗ੍ਰਾਮ ਫੱਲ ਖਜੂਰ ਵਿਚ ਕੈਲੋਰੀਜ਼-277, ਕਾਰਬਜ਼-75 ਗ੍ਰਾਮ, ਫਾਈਬਰ-7 ਗ੍ਰਾਮ, ਪ੍ਰੋਟੀਨ-2 ਗ੍ਰਾਮ, ਪੋਟਾਸ਼ਿਅਮ-20%,



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਮੈਗਨੀਸ਼ੀਅਮ-14%, ਕੌਪਰ-18%, ਮੈਂਗਨੀਜ਼-15%, ਆਇਰਨ-5% ਅਤੇ ਵਿਟਾਮਿਨ ਬੀ-6 12%, ਬੋਰਾਨ, ਕੋਬਾਲਟ, ਫਲੋਰਾਈਨ, ਸੇਲੇਨੀਅਮ, ਜ਼ਿੰਕ ਵਗੈਰਾ ਮਿਲਦਾ ਹੈ। ਖਜੂਰ ਅੰਦਰ ਐਂਟੀ-ਆਕਸੀਡੈਂਟ, ਯਾਨਿ ਜੋ ਆਕਸੀਕਰਨ ਦੀ ਪ੍ਰਕਿਰਿਆ ਰੋਕ ਕੇ ਸਰੀਰ ਅੰਦਰ ਸੈੱਲਾਂ ਨੂੰ ਸੇਫ ਕਰਕੇ ਖਤਰਨਾਕ ਰੇਡੀਕਲਸ ਨੂੰ ਘੱਟ ਕਰਦਾ ਹੈ।



ਸਰੀਰਕ 'ਤੇ ਮਾਨਸਿਕ ਕਮਜ਼ੋਰੀ ਦੂਰ ਕਰਨ ਲਈ ਬੱਚੇ, ਔਰਤਾਂ, ਨੌਜਵਾਨ ਤੇ ਸੀਨੀਅਰਜ਼ ਤੰਦਰੁਸਤੀ ਲਈ ਇਸਦਾ ਫਾਇਦਾ ਲੈ ਸਕਦੇ ਹਨ।

ਖਜੂਰ ਅੰਦਰ ਮੌਜੂਦ ਤੱਤ ਇਮੀਉਨਿਟੀ ਦੇ ਨਾਲ ਸ਼ਰੀਰਕ ਤੇ ਮਾਨਸਿਕ ਤਾਕਤ ਦਿੰਦੇ ਹਨ।

ਸ਼ਾਦੀ-ਸ਼ੁਦਾ ਜੋੜਿਆਂ ਦੀ ਆਮ ਸਮੱਸਿਆ ਬਾਂਝਪਨ, ਜਿਸਦਾ ਕਾਰਨ ਤੰਬਾਕੂਨੋਸ਼ੀ, ਅਲਕੋਹਲ ਦਾ ਵੱਧ ਸੇਵਨ, ਰੇਡੀਏਸ਼ਨ ਦੇ ਵੱਧ ਐਕਸਪੋਜਰ ਵਗੈਰਾ ਮੰਨਿਆ ਜਾ ਰਿਹਾ ਹੈ। ਤੰਦਰੁਸਤ ਬੱਚੇ ਲਈ ਔਰਤ-ਮਰਦ ਰੋਜ਼ਾਨਾ 5-5 ਦਾਨੇ ਗਰਮ ਦੁੱਧ ਨਾਲ ਇਸਤੇਮਾਲ ਕਰ ਸਕਦੇ ਹਨ।

ਖਜੂਰ ਅੰਦਰ ਮੌਜੂਦ ਤੱਤ ਬੀਟਾ ਡੀ-ਗਲੁਕਨ ਖਤਰਨਾਕ ਬਿਮਾਰੀ ਕੈਂਸਰ ਵਿਚ ਸਰੀਰ ਅੰਦਰ ਟਿਉਮਰ ਦੇ ਵੱਧਣ ਦੀ ਪ੍ਰਕਿਰਿਆ ਨੂੰ ਘੱਟ ਕਰਦਾ ਹੈ। ਕਮਜ਼ੋਰੀ ਕਾਰਨ ਚੱਕਰ ਆਉਣ ਦੀ ਹਾਲਤ ਵਿੱਚ ਸਰਦੀ ਦੇ ਮੌਸਮ ਵਿੱਚ 5-7 ਬਿਨਾ ਗੁਠਲੀ ਖਜੂਰ ਦੇ ਦਾਨੇ ਦੁੱਧ ਵਿੱਚ ਉਬਾਲ ਕੇ ਜਾਂ ਗਰਮ ਦੁੱਧ ਨਾਲ ਲਗਾਤਾਰ ਸੇਵਨ ਕਰੋ।

ਪਿੱਠ ਦਰਦ ਦੀ ਹਾਲਤ ਵਿੱਚ 1 ਕੱਪ ਪਾਣੀ ਵਿੱਚ 5 ਦਾਨੇ ਬਿਨਾ ਗੁਠਲੀ ਖਜੂਰ ਦੇ, 1 ਚਮਚ ਮੇਥੀ ਪਾਉਡਰ ਮਿਕਸ ਕਰਕੇ ਉਬਾਲੋ। ਪਾਣੀ ਅੱਧਾ ਰਹਿ ਜਾਣ ਤੇ ਕੁਨਕੁਨਾ ਕਰਕੇ ਸਵੇਰੇ ਸ਼ਾਮ ਲਗਾਤਾਰ ਪੀਓ।

ਕਬਜ ਦੀ ਹਾਲਤ ਵਿੱਚ ਰਾਤ ਨੂੰ ਸੌਣ ਵੇਲੇ ਬਿਨਾ ਗੁਠਲੀ ਖਜੂਰ ਦੇ 6 ਦਾਨੇ 1 ਕੱਪ ਪਾਣੀ ਵਿੱਚ ਰਾਤ ਭਰ ਭੇਂ ਕੇ ਰੱਖੋ। ਸਵੇਰੇ ਹਾਗਦੇ ਹੀ ਬਿਨਾ ਬ੍ਰਸ਼ ਕੀਤੇ ਇਹ ਪਾਣੀ ਪੀਣ ਤੇ ਨਾਲ ਚਮਚੇ ਨਾਲ ਖਜੂਰ ਦੇ ਦਾਨੇ ਵੀ ਖਾ ਲੈਣ ਨਾਲ ਰਾਹਤ ਮਿਲਦੀ ਹੈ।

ਕਮਜ਼ੋਰ ਪਾਚਨ ਸ਼ਕਤੀ ਵਾਲੇ ਅੱਧਾ ਚਮਚ ਅਜਵੈਨ 1 ਕੱਪ ਪਾਣੀ ਵਿੱਚ ਉਬਾਲੋ। ਇਸ ਪਾਣੀ ਦੇ ਨਾਲ ਸਵੇਰੇ ਸ਼ਾਮ 3-4 ਦਾਨੇ ਖਜੂਰ ਦੇ ਸੇਵਨ ਕਰੋ।

ਗਠਿਆ ਤੋਂ ਪ੍ਰੇਸ਼ਾਨ ਬਿਨਾ ਗੁਠਲੀ 5 ਦਾਨੇ ਖਜੂਰ ਦੇ ਅੱਧਾ ਚਮਚ ਗਰਮ ਦੇਸੀ ਘਿਓ ਵਿੱਚ ਮਿਕਸ ਕਰਕੇ ਸੁਆਦ ਮੁਤਾਬਕ ਨਮਕ ਮਿਕਸ ਕਰਕੇ ਸਵੇਰੇ ਸ਼ਾਮ ਲਗਾਤਾਰ ਸਿਤੇਮਾਲ ਕਰੋ।

ਚਲ ਰਹੀ ਖੋਜ ਅਨੁਸਾਰ ਖਜੂਰ ਸਰੀਰ ਅੰਦਰ ਇਨਸੁਲਿਨ ਦੇ ਉਤਪਾਦਨ ਨੂੰ ਵਧਾਉਂਦੀ ਹੈ ਜੋ ਗਲੂਕੋਜ਼ ਦੇ ਲੈਵਲ ਨੂੰ ਘੱਟ ਕਰਨ ਵਿਚ ਮਦਦ ਕਰ ਸਕਦੀ ਹੈ। ਫੱਲ ਖਜੂਰ ਡਾਇਬਟੀਜ਼ ਦੀਆਂ ਮੌਜੂਦ ਸਿੰਥੈਟਿਕ ਦਵਾਈਆਂ ਦਾ ਬਦਲ ਬਣ ਸਕਦਾ ਹੈ।

ਝੱੜਦੇ ਵਾਲਾਂ ਨੂੰ ਰੋਕਣ ਲਈ ਖਜੂਰ ਅੰਦਰ ਮੌਜੂਦ ਤੱਤਾਂ 'ਤੇ ਰਿਸਰਚ ਕੀਤੀ ਜਾ ਰਹੀ ਹੈ। ਖਜੂਰ ਵਿਚ ਮੌਜੂਦ ਆਇਰਨ ਆਦਿ ਤੱਤਾਂ ਕਾਰਨ ਬਲੱਡ ਸਰਕੂਲੇਸ਼ਨ ਵਧਾ ਕੇ ਖੋਪੜੀ ਨੂੰ ਪੋਸ਼ਣ ਮਿਲਦਾ ਹੈ।

ਨੋਟ: ਸੀਨੀਆਰਜ਼, ਡਾਇਬਟੀਜ਼ ਦੇ ਰੋਗੀ ਅਤੇ ਗਰਭਵਤੀ ਔਰਤਾਂ ਨੂੰ ਖਜੂਰ ਦਾ ਇਸਤੇਮਾਲ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਕਰਨਾ ਚਾਹੀਦਾ ਹੈ।

# ਟਿੰਡੇ ਖਾਣ ਨਾਲ ਹੁੰਦੇ ਹਨ ਬੇਮਿਸਾਲ ਫ਼ਾਇਦੇ, ਕਈ ਬੀਮਾਰੀਆਂ ਹੁੰਦੀਆਂ ਹਨ ਦੂਰ

ਗਰਮੀਆਂ ਵਿਚ ਟਿੰਡਾ, ਲੌਕੀ, ਘੀਆ ਆਦਿ ਸਬਜ਼ੀਆਂ ਸੱਭ ਤੋਂ ਜ਼ਿਆਦਾ ਮਿਲਦੀਆਂ ਹਨ। ਗੱਲ ਟਿੰਡੇ ਦੀ ਕਰੀਏ ਤਾਂ ਇਸ ਨੂੰ ਬੱਚੇ ਹੋਣ ਜਾਂ ਵੱਡੇ ਜ਼ਿਆਦਾਤਰ ਖਾਣਾ ਪਸੰਦ ਨਹੀਂ ਕਰਦੇ। ਪਰ ਅਸਲ ਵਿਚ ਇਸ ਵਿਚ ਪੌਸ਼ਟਿਕ ਅਤੇ ਐਂਟੀ-ਆਕਸੀਡੈਂਟ ਗੁਣ ਹੁੰਦੇ ਹਨ। ਮਾਹਰਾਂ ਅਨੁਸਾਰ ਇਸ ਦਾ ਸੇਵਨ ਕਰਨਾ ਪਾਚਨ ਤੰਤਰ ਮਜ਼ਬੂਤ ਹੋਣ ਨਾਲ ਵਧੀਆ ਵਿਕਾਸ ਹੋਣ ਵਿਚ ਸਹਾਇਤਾ ਮਿਲਦੀ ਹੈ। ਨਾਲ ਹੀ ਇਸ ਵਿਚ 94 ਫ਼ੀ ਸਦੀ ਪਾਣੀ ਹੋਣ ਨਾਲ ਡੀਹਾਈਡਰੇਸ਼ਨ ਦੀ ਸਮੱਸਿਆ ਤੋਂ ਬਚਾਅ ਹੁੰਦਾ ਹੈ। ਇਸ ਵਿਚ ਵਿਟਾਮਿਨ ਏ, ਸੀ, ਕੈਲਸ਼ੀਅਮ, ਆਇਰਨ, ਪੋਟਾਸ਼ੀਅਮ, ਫ਼ਾਈਬਰ, ਓਮੇਗਾ-6 ਫ਼ੈਟੀ ਐਸਿਡ, ਕੈਰੋਟੀਨੋਇਡਜ਼, ਐਂਟੀ-ਆਕਸੀਡੈਂਟਸ, ਐਂਟੀ-ਬੈਕਟਰੀਅਲ ਗੁਣ ਹੁੰਦੇ ਹਨ। 94 ਫ਼ੀ ਸਦੀ ਪਾਣੀ ਹੋਣ ਦੇ ਨਾਲ ਕੈਲੋਰੀ ਘੱਟ ਹੁੰਦੀ ਹੈ। ਅੱਜ ਅਸੀਂ ਤੁਹਾਨੂੰ ਟਿੰਡੇ ਦੇ ਸੱਭ ਤੋਂ ਵਧੀਆ ਗੁਣਾਂ ਬਾਰੇ ਦਸਾਂਗੇ:

-ਇਸ ਵਿਚ ਕੈਲੋਰੀ ਘੱਟ ਅਤੇ ਫ਼ਾਈਬਰ ਜ਼ਿਆਦਾ ਹੁੰਦਾ ਹੈ। ਅਜਿਹੇ ਵਿਚ ਟਿੰਡਾ ਸਰੀਰ 'ਚ ਸ਼ੱਕਰ ਨੂੰ ਜਜ਼ਬ ਕਰ ਕੇ ਸ਼ੂਗਰ ਨੂੰ ਕੰਟਰੋਲ ਕਰਨ ਵਿਚ ਸਹਾਇਤਾ ਕਰਦਾ ਹੈ। ਮਾਹਰਾਂ ਅਨੁਸਾਰ ਇਸ ਦੇ ਛਿਲਕਿਆਂ ਵਿਚ ਮੌਜੂਦ ਫ਼ੋਟੋਕੈਮੀਕਲ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਇਹ ਸਰੀਰ 'ਚ ਮੌਜੂਦ ਗੰਦਗੀ ਨੂੰ ਬਾਹਰ ਕੱਢਣ ਵਿਚ ਮਦਦ ਕਰਦਾ ਹੈ। ਅਜਿਹੇ ਵਿਚ ਕਿਡਨੀ ਸਿਹਤਮੰਦ ਰਹਿਣ ਨਾਲ ਪੱਥਰੀ ਦੀ ਸਮੱਸਿਆ ਤੋਂ ਬਚਾਅ ਰਹਿੰਦਾ ਹੈ। ਇਸ ਵਿਚ ਐਂਟੀ-ਆਕਸੀਡੈਂਟ, ਐਂਟੀ-ਬੈਕਟਰੀਅਲ ਗੁਣ ਹੁੰਦੇ ਹਨ। ਅਜਿਹੇ ਵਿਚ ਇਹ ਸਰੀਰ ਦਾ ਫ਼ ?ਰੀ ਰੈਡੀਕਲਜ਼ ਤੋਂ ਬਚਾਅ



ਕਰਦਾ ਹੈ। ਇਹ ਕੈਂਸਰ ਸੈੱਲਾਂ ਨੂੰ ਸਰੀਰ ਵਿਚ ਵਧਣ ਤੋਂ ਰੋਕਦਾ ਹੈ। ਨਾਲ ਹੀ ਜਲਣ ਦੀ ਸਮੱਸਿਆ ਤੋਂ ਵੀ ਅਰਾਮ ਮਿਲਦਾ ਹੈ। ਖ਼ਾਸਕਰ ਮਰਦਾਂ ਵਿਚ ਹੋਣ ਵਾਲਾ ਪ੍ਰੋਸਟੇਟ ਕੈਂਸਰ ਤੋਂ ਬਚਾਅ ਰਹਿੰਦਾ ਹੈ।

- ਟਿੰਡੇ ਵਿਚ ਫ਼ਾਈਬਰ ਦੀ ਮਾਤਰਾ ਜ਼ਿਆਦਾ ਅਤੇ ਕੈਲੋਰੀ ਘੱਟ ਹੁੰਦੀ ਹੈ। ਅਜਿਹੇ ਵਿਚ ਭੁੱਖ ਲੰਮੇ ਸਮੇਂ ਤਕ ਸ਼ਾਂਤ ਰਹਿੰਦੀ ਹੈ। ਅਜਿਹੇ ਵਿਚ ਭਾਰ ਕੰਟਰੋਲ ਹੇਠ ਰਹਿੰਦਾ ਹੈ। ਐਂਟੀ-ਆਕਸੀਡੈਂਟ, ਐਂਟੀ-ਬੈਕਟਰੀਅਲ ਗੁਣਾਂ ਨਾਲ ਭਰਪੂਰ ਟਿੰਡਾ ਪਾਚਨ ਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਵਿਚ ਪਾਣੀ ਦੀ ਜ਼ਿਆਦਾ ਮਾਤਰਾ ਹੋਣ ਨਾਲ ਸਰੀਰ ਡੀਟੌਕਸੀਫ਼ਾਈ ਹੁੰਦਾ ਹੈ। ਮੈਟਾਬੋਲਿਜ਼ਮ ਤੇਜ਼ ਹੋਣ ਨਾਲ ਗੈਸ, ਐਸਿਡਿਟੀ, ਕਬਜ਼ ਆਦਿ ਪੇਟ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲਦਾ ਹੈ। ਇਸ ਵਿਚ ਗਲੋਬੂਲਿਨ ਨਾਮਕ ਪ੍ਰੋਟੀਨ ਇਮਿਊਨਿਟੀ ਵਧਾਉਣ ਵਿਚ ਮਦਦ ਕਰਦਾ ਹੈ। ਇਹ ਪ੍ਰੋਟੀਨ ਮੁੱਖ ਤੌਰ 'ਤੇ ਖ਼ੂਨ ਵਿਚ ਹੁੰਦਾ ਹੈ। ਅਜਿਹੇ ਵਿਚ ਟਿੰਡੇ ਦਾ ਸੇਵਨ ਮੌਸਮੀ ਅਤੇ ਹੋਰ ਬੀਮਾਰੀਆਂ ਤੋਂ ਬਚਾਉਂਦਾ ਹੈ। ਕੋਰੋਨਾ ਦੌਰਾਨ ਹਰ ਇਕ ਨੂੰ ਇਮਿਊਨਿਟੀ ਵਧਾਉਣ ਦੀ ਸਲਾਹ ਦਿਤੀ ਜਾ ਰਹੀ ਹੈ। ਅਜਿਹੇ ਵਿਚ ਇਸ ਦਾ ਸੇਵਨ ਕਰਨਾ ਸੱਭ ਤੋਂ ਵਧੀਆ ਹੈ।

-ਬੁਖ਼ਾਰ ਦੀ ਸਮੱਸਿਆ ਵਿਚ ਟਿੰਡੇ ਦਾ ਸਲਾਦ ਦੇ ਰੂਪ ਵਿਚ ਸੇਵਨ ਕਰਨਾ ਲਾਭਕਾਰੀ ਹੁੰਦਾ ਹੈ। ਇਸ ਵਿਚ ਪਾਣੀ ਦੀ ਜ਼ਿਆਦਾ ਮਾਤਰਾ ਹੋਣ ਨਾਲ ਸਰੀਰ ਦੀ ਅੰਦਰੋਂ ਸਫ਼ਾਈ ਹੁੰਦੀ ਹੈ। ਇਸ ਤੋਂ ਇਲਾਵਾ ਇਸ ਦਾ ਪੇਸਟ ਬਣਾ ਕੇ ਮੱਥੇ 'ਤੇ ਪੱਟੀ ਵਾਂਗ ਲਗਾਉਣ ਨਾਲ ਬੁਖ਼ਾਰ ਘੱਟ ਕਰਨ ਵਿਚ ਮਦਦ ਮਿਲਦੀ ਹੈ। ਐਂਟੀ-ਆਕਸੀਡੈਂਟ ਗੁਣਾਂ ਅਤੇ ਪਾਣੀ ਨਾਲ ਭਰਪੂਰ ਟਿੰਡਾ ਵਾਲਾਂ ਲਈ ਵੀ ਫ਼ਾਇਦੇਮੰਦ ਮੰਨਿਆ ਜਾਂਦਾ ਹੈ। ਇਸ ਦੇ ਸੇਵਨ ਨਾਲ ਵਾਲ ਹਾਈਡਰੇਟ ਹੋਣ ਨਾਲ ਪੋਸ਼ਿਤ ਹੁੰਦੇ ਹਨ। ਅਜਿਹੇ ਵਿਚ ਰੁੱਖੇ, ਬੇਜਾਨ ਵਾਲਾਂ ਦੀ ਸਮੱਸਿਆ ਦੂਰ ਹੋ ਕੇ ਵਾਲ ਸੁੰਦਰ, ਸੰਘਣੇ, ਨਰਮ ਅਤੇ ਖ਼ੂਬਸੂਰਤ ਦਿਖਾਈ ਦਿੰਦੇ ਹਨ। ਸਿਹਤ ਦੇ ਨਾਲ ਟਿੰਡਾ ਚਮੜੀ ਲਈ ਵੀ ਫ਼ਾਇਦੇਮੰਦ ਹੁੰਦਾ ਹੈ। ਇਸ ਦਾ ਪੇਸਟ ਬਣਾ ਕੇ ਚਿਹਰੇ 'ਤੇ ਲਗਾਉਣ ਨਾਲ ਦਾਗ, ਧੱਬੇ, ਛਾਈਆਂ, ਝੁਰੜੀਆਂ ਆਦਿ ਦੀ ਸਮੱਸਿਆ ਦੂਰ ਹੁੰਦੀ ਹੈ। ਚਮੜੀ ਨੂੰ ਗਹਿਰਾਈ ਨਾਲ ਪੋਸ਼ਣ ਮਿਲਣ ਨਾਲ ਨਮੀ ਲੰਬੇ ਸਮੇਂ ਤਕ ਰਹਿੰਦੀ ਹੈ।

ਟਿੰਡੇ ਖਾਣ ਦੇ ਨੁਕਸਾਨ: ਵੈਸੇ ਤਾਂ ਇਹ ਸਿਹਤ ਅਤੇ ਸੁੰਦਰਤਾ ਨੂੰ ਨਿਖ਼ਾਰਨ ਦਾ ਕੰਮ ਕਰਦਾ ਹੈ। ਪਰ ਇਸ ਦਾ ਜ਼ਿਆਦਾ ਸੇਵਨ ਕਰਨ ਨਾਲ ਕੁੱਝ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਦੇ ਜ਼ਿਆਦਾ ਸੇਵਨ ਨਾਲ ਪੇਟ ਦਰਦ, ਬਦਹਜ਼ਮੀ, ਕੜਵੱਲ, ਡਾਇਰੀਆ ਦੀ ਸਮੱਸਿਆ ਹੋ ਸਕਦੀ ਹੈ। ਇਸ ਤੋਂ ਇਲਾਵਾ ਗਰਭਵਤੀ ਔਰਤਾਂ ਨੂੰ ਇਸ ਦਾ ਸੇਵਨ ਡਾਕਟਰੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ।



## ਜੋ ਬੀਜੋਗੇ ਉਹੀ ਕੱਟੋਗੇ

ਔਲਾਦ ਆਪਣੇ ਮਾ-ਪਿਉ ਦਾ ਕਰਜ਼ ਇਸ ਜਨਮ ਉਤਾਰ ਨਹੀਂ ਸਕਦੀ,
ਬਜ਼ੁਰਗ ਆਖਿਰ ਸਮੇਂ ਜਾਣ ਲਈ ਔਲਾਦ ਦੇ ਮੋਢਿਆਂ ਨੂੰ ਹੀ ਤਰਸਣਗੇ।

ਦੇਕੇ ਜੋ ਖੁਦ ਮੁਖਤਿਆਰੀ, ਇੱਕ ਦਿਨ ਲਾਲਚ ਵੱਸ ਪਈ ਔਲਾਦ ਨੂੰ,
ਸ਼ਹਿਰ ਦੇ ਕਿਸੇ ਵੱਡੇ ਬਿਰਧ ਆਸ਼ਰਮ ਵਿੱਚ ਧੁੱਪਾਂ ਛਾਵਾਂ ਉਹ ਸੇਕਣਗੇ।

ਇੱਕ ਗੱਲ ਜ਼ਰੂਰ ਯਾਦ ਰਖੀਏ ਦੋਸਤੋ, ਕਦੇ ਨਾ ਭੁੱਲ ਨਾ ਜਾਇਓ,
ਕੁਦਰਤ ਦਾ ਨਿਯਮ ਹੈ, ਤੁਸੀਂ ਜੋ ਫਸਲ ਬੀਜੋਗੇ, ਉਹੀ ਤੁਸੀਂ ਕੱਟੋਗੇ।

ਛੱਡੇ ਹੋਏ ਪਾਣੀ ਕਦੀ ਪਿੱਛੇ ਨਹੀਂ ਮੁੜਦੇ, ਸਗੋਂ ਅੱਗੇ ਵੱਲ ਨੂੰ ਵਗਣਗੇ।
ਜਿਹੜੇ ਅੱਜ ਚੁੱਪ ਚਾਪ ਨੇ, ਸਮਾਂ ਆਉਣ ਤੇ ਉਹੀ ਕੋਠੇ ਚੜ੍ਹ ਨੱਚਣਗੇ।



ਅੱਜ ਜਿਨਾ ਮਾਪਿਆਂ ਨੂੰ ਬਿਰਧ ਆਸ਼ਰਮ ਚ ਭੇਜਣ ਦੀ ਤੁਸੀ ਸੋਚ ਰਹੇ ਹੋ,
ਕੱਲ ਨੂੰ ਇਹਨਾਂ ਦੇ ਪੋਤੇ ਵੀ ਇਕ ਦਿਨ ਤੁਹਾਨੂੰ ਘਰ ਤੋਂ ਇੰਝ ਹੀ ਕੱਢਣਗੇ।

ਜਸਪਾਲ ਸਿੰਘ ਮਹਿਰੋਕ,
ਸਨੌਰ (ਪਟਿਆਲਾ)

## ਔਰਤ ਕਮਜ਼ੋਰ ਨਹੀਂ ਹੁੰਦੀ

ਜਿਸ ਨੂੰ ਇੱਕ ਘਰ ਛੱਡ ਕੇ ਦੂਜੇ ਘਰ ਵਿੱਚ ਵਸਣਾ ਆ ਜਾਵੇ ਉਹ ਕਮਜ਼ੋਰ ਹੋ ਹੀ ਨਹੀਂ ਸਕਦੀ।
ਜਿਹਨੂੰ ਇਹ ਪਤਾ ਹੋਵੇ ਕਿ ਦੂਜਿਆਂ ਨੂੰ ਆਪਣੇ ਤੋਂ ਪਹਿਲਾਂ ਕਿਵੇਂ ਰੱਖਿਆ ਜਾਂਦਾ ਹੈ ਉਹ ਕਮਜ਼ੋਰ ਹੋ ਹੀ ਨਹੀਂ ਸਕਦੀ।

ਜਿਹਨੂੰ ਇਹ ਪਤਾ ਹੋਵੇ ਕਿ ਸਮਝੌਤਾ ਕਰਨ ਨਾਲ ਜ਼ਿੰਦਗੀ ਸੁਖਾਲੀ ਹੋ ਸਕਦੀ ਹੈ ਉਹ ਕਮਜ਼ੋਰ ਨਹੀਂ ਹੋ ਸਕਦੀ।
ਜਿਸ ਨੂੰ ਆਪਣਾ ਅਹਿਮ ਛੱਡ ਕੇ ਗੱਲ ਨੂੰ ਨਿਭਾਉਣਾ ਆਉਂਦਾ ਹੋਵੇ ਓਸ ਕਮਜ਼ੋਰ ਨਹੀਂ ਹੋ ਸਕਦੀ।

ਜਿਸ ਦੀ ਜ਼ਿੰਦਗੀ ਵਿੱਚ ਆਪਣੇ ਤੋਂ ਵੱਧ ਦੂਜਿਆਂ ਦਾ ਮਹੱਤਵ ਹੋਵੇ ਉਹ ਕਮਜ਼ੋਰ ਨਹੀਂ ਹੋ ਸਕਦੀ।
ਜਿਸ ਨੂੰ ਘਾਹ ਦੀ ਤਿੜ ਵਾਂਗ ਲਤਾੜੇ ਜਾਣ ਦੇ ਬਾਵਜੂਦ ਵੀ ਜਿਉਣਾ ਆਉਂਦਾ ਹੋਵੇ ਉਹ ਕਮਜ਼ੋਰ ਨਹੀਂ ਹੋ ਸਕਦੀ।

ਜਿਸ ਵਿੱਚ ਅੰਤਾਂ ਦੀ ਸਹਿਣਸ਼ੀਲਤਾ ਹੋਵੇ ਉਹ ਕਮਜ਼ੋਰ ਨਹੀਂ ਹੋ ਸਕਦੀ।

ਜਿਸ ਨੂੰ ਆਪਣੀਆਂ ਟਾਹਣੀਆਂ ਨੂੰ ਆਪਣੇ ਫੁੱਲਾਂ ਨੂੰ ਫਲਾਂ ਨੂੰ ਵੱਧਦੇ ਫੁੱਲਦੇ ਦੇਖ ਕੇ ਖੁਸ਼ੀ ਹੁੰਦੀ ਹੋਵੇ ਉਹ ਕਮਜ਼ੋਰ ਨਹੀਂ ਹੋ ਸਕਦੀ।
ਆਪਣੇ ਹਿੱਸੇ ਦੀ ਰੋਟੀ ਦੂਜੇ ਨੂੰ ਦੇ ਦੇਣ ਵਾਲੀ ਕਮਜ਼ੋਰ ਨਹੀਂ ਹੋ ਸਕਦੀ।

ਜਿਸ ਨੂੰ ਇੱਛਾਵਾਂ ਅਤੇ ਕਾਬੂ ਕਰ ਦੂਜਿਆਂ ਦੀਆਂ ਇੱਛਾਵਾਂ ਪੂਰੀਆਂ ਕਰਨਾ ਆਉਂਦਾ ਹੋਵੇ ਉਹ ਕਮਜ਼ੋਰ ਨਹੀਂ ਹੋ ਸਕਦੀ।
ਜਿਸ ਨੂੰ ਮੁਹੱਬਤ ਕਰਨ ਤੇ ਨਿਭਾਉਣ ਦਾ ਵੱਲ ਹੋਵੇ ਉਹ ਕਮਜ਼ੋਰ ਨਹੀਂ ਹੋ ਸਕਦੀ।
ਜਿਸ ਨੂੰ ਔਂਜੜ ਰਾਹਾਂ ਤੇ ਤੁਰਨਾ ਆਉਂਦਾ ਹੋਵੇ ਉਹ ਕਮਜ਼ੋਰ ਨਹੀਂ ਹੋ ਸਕਦੀ।

ਜੋ ਜ਼ਮਾਨੇ ਦੀਆਂ ਸਾਰੀਆਂ ਤੋਹਮਤਾਂ ਆਪਣੇ ਸਿਰ ਲੈ ਮਜਬੂਤੀ ਨਾਲ ਅੱਗੇ ਵੱਧਦੀ ਹੈ ਤੇ ਸਫਲਤਾ ਦੇ ਸਿਖਰ ਤੇ ਪਹੁੰਚਦੀ ਹੈ ਉਹ ਕਮਜ਼ੋਰ ਨਹੀਂ ਹੋ ਸਕਦੀ।
ਜਿਸ ਲਈ ਦੂਜਿਆਂ ਦੀ ਖੁਸ਼ੀ ਆਪਣੀ ਖੁਸ਼ੀ ਤੋਂ ਜਿਆਦਾ ਮਹੱਤਵ ਰੱਖੇ ਉਹ ਕਮਜ਼ੋਰ ਨਹੀਂ ਹੋ ਸਕਦੀ।

ਜੋ ਸਿਰਫ ਦੂਜਿਆਂ ਲਈ ਜਿਉਣਾ ਜਾਣਦੀ ਹੈ ਉਹ ਕਮਜ਼ੋਰ ਨਹੀਂ ਹੋ ਸਕਦੀ।
ਜਿਸ ਦੇ ਸਿਰ ਤੇ ਘਰ ਛੱਡ ਕੇ ਪੀਰਾਂ ਪੈਗੰਬਰਾਂ ਨੇ ਦੁਨੀਆ ਨੂੰ ਗਿਆਨ ਦਿੱਤਾ ਉਹ ਕਮਜ਼ੋਰ ਨਹੀਂ ਹੋ ਸਕਦੀ।

ਦੁਨੀਆਂ ਦੇ ਦਿੱਤੇ ਚਿੱਕੜ ਵਿੱਚ ਫੁੱਲ ਬਣਕੇ ਖਿੜਨ ਵਾਲੀ ਕਮਜ਼ੋਰ ਨਹੀਂ ਹੋ ਸਕਦੀ।
ਜੋ ਪੁਰਸ਼ ਲਈ ਅਨੇਕਾਂ ਰੂਪਾਂ ਵਿੱਚ ਆਪਣਾ ਆਪ ਵਾਰਦੀ ਹੈ ਉਹ ਕਮਜ਼ੋਰ ਨਹੀਂ ਹੋ ਸਕਦੀ।

ਹਰਪ੍ਰੀਤ ਕੌਰ ਸੰਧੂ

## ਕਾਸ਼ !

ਇਹ ਲਿਖ਼ਤ ਮੇਰੀ ਇਜ਼ੱਤ ਦੀ ਚਾਦਰ ਹੁੰਦੀ
ਲੁਕਾ ਲੈਂਦੀ ਮੈਂ ਹਰ ਮਜ਼ਲੂਮ ਔਰਤ
ਐਸਾ ਕਵਚ ਹੁੰਦੀ

ਨਫ਼ਰਤਾਂ ਦੇ ਬੀਜੇ ਜਿਨ੍ਹਾਂ ਬੀਜ
ਫਿਰਦੇ ਨਾ ਹਰਲ ਹਰਲ
ਜੇ ਕੌਮ ਦੀ ਰਾਖੀ ਸੱਚੀ ਤਲਵਾਰ ਹੁੰਦੀ

'ਮਰਦ ਪ੍ਰਧਾਨ' ਸਮਾਜ ਅੰਦਰ
ਬਣ ਮਾਂ ਲੋਰੀਆਂ ਚ ਮਰਦਅਗੰਮੜਾ ਗਾ ਦਿੰਦੀ ਜੇ ਮਾਂ
ਹਰ ਛੱਤ ਥੱਲੇ ਸੁੱਰਖਿਅਤ ਹਰ ਨਾਰ ਹੁੰਦੀ

ਨੱਚਣ ਨਾ ਸਟੇਜਾਂ ਤੇ ਮਜਬੂਰੀਆਂ
ਗਾਉਣ ਨਾ ਲੱਚਰ ਗਾਣੇ
ਸਰਸਵਤੀ ਰੱਬ ਨੂੰ ਦਸਤਕ ਦੇ ਸਕਦੀ
ਸੁਰ ਨਾਚ ਵੰਦਨਾ ਹੁੰਦੀ ,ਪਾਠ ਪੜ੍ਹਾ ਦਿੰਦੀ

ਮੁਹੱਬਤ ਹੁੰਦੀ ਨਾ ਗਿਰਵੀ, ਗਲੀ-ਕੂਚਿਆਂ ਦੇ ਆਸ਼ਕਾਂ ਕੋਲ
ਅਸ਼ਲੀਲ ਹੁੰਦਾ ਨਾ ਕੋਈ ਮਰਦ ਔਰਤ
ਜੇ ਮੁਹੱਬਤ, ਇਬਾਦਤ ਦਾ ਪੂਰਨ ਰੂਪ ਸਮਝਾ ਦਿੰਦੀ

ਕੋਟਾਂ ਕਚਿਹਰੀਆਂ ਚ ਰੁਲਦੀ ਨਾ ਧੀ
ਨਾ ਚੜ੍ਹਦੀਆਂ ਬਲੀ ਦਾਜ ਦੀ
ਬਾਲੜ੍ਹੀ ਕੋਈ ਹਵਸ਼ ਦਾ ਸ਼ਿਕਾਰ ਨਾ ਹੁੰਦੀ
ਜੇ ਧੀ-ਪੁੱਤ ਇੱਕ ਸਮਾਨ ਹਰ ਮਾਂ ਸਮਝਾ ਦਿੰਦੀ

ਕਲਮ ਬੋਲਦੀ ਦੁੱਖ਼ਦੇ ਨਾਸੂਰਾਂ ਤੋਂ
ਲਿਖ਼ਤਾਂ ਚ ਦੁਖ਼ਦੀ ਆਵਾਜ਼ ਸੁਣਦੀ ਜ਼ਰੂਰ
ਜੇ,ਆਪ ਚੁਕ ਪੰਡ ਦੁੱਖ਼ਾਂ ਦੀ ਪਿਠ ਤੇ ਹੰਢਾਈ ਹੁੰਦੀ
ਦੁਖਾਂ ਦੀ ਅਜਮਾਇਸ਼ ਘੜੀ ਆਪ ਜੇ ਬਿਤਾਈ ਹੁੰਦੀ



ਕਾਸ਼
ਇਹ ਲਿਖ਼ਤ ਮੇਰੀ ਇੱਜ਼ਤ ਦੀ ਚਾਦਰ ਹੁੰਦੀ
ਲੁਕਾ ਲੈਂਦੀ ਮੈਂ ਹਰ ਮਜ਼ਲੂਮ ਔਰਤ
ਐਸਾ ਮੈਂ ਕਵਜ਼ ਹੁੰਦੀ

ਨਿਮਾਣੀ ਨਵਜੋਤ ਕੌਰ।

## ਕਵਿਤਾ

ਨਫ਼ਰਤ ਕਰ
ਮੈਨੂੰ ਕਰ
ਉਹ ਚੰਦ ਲਹਮੇ ਇੰਝ
ਮਹਿਫੂਜ਼ ਰਹਿਣ ਦੇ
ਤਾਜ਼ੇ ਤਾਜ਼ੇ ਹਰੇ ਭਰੇ
ਕੱਚੀ ਕਰੂੰਬਲ ਵਰਗੇ
ਆਬਾਦ!

ਤੂੰ
ਨਫ਼ਰਤ ਕਰ
ਪਰ ਮੈਨੂੰ ਕਰ
ਸੋਚ ਦੀ ਲਤੜ ਥੱਲੇ
ਉਸ ਦੌਰ ਨੂੰ ਨਾ ਮਧੋਲ
ਤੇ
ਅੱਖਾਂ ਦੇ ਕੋਇਆ ਨੂੰ
ਕੁਝ ਪਲ ਆਰਾਮ ਲੈਣ ਦੇ
ਆਮੀਨ!

ਤੂੰ
ਨਫ਼ਰਤ ਕਰ
ਫੇਰ ਮੈਨੂੰ ਕਰ
ਦਿਲ ਨੂੰ ਹੱਸਣ ਦੇ
ਉਸੇ ਤਰ੍ਹਾਂ
ਜਦੋਂ ਬਚਪਨ ਵਿੱਚ
ਮੇਰੀ ਗੁੱਤ ਬੰਨ੍
ਜਾਇਆ ਕਰਦਾ ਸੀ
ਮੰਜੀ ਦੇ ਨਾਲ
ਕਮਲਾ!

ਤੂੰ
ਨਫ਼ਰਤ ਕਰ
ਹਰ ਵਾਰ ਕਰ
ਮੈਨੂੰ ਕਰ
ਉਸ ਬੂਟੇ ਨੂੰ ਪਾਣੀ
ਲਾਇਆ ਕਰ
ਜੋ ਆਪਾਂ ਮਿਲਕੇ ਲਾਇਆ ਸੀ
ਮੈਨੂੰ ਪਸੰਦ ਏ
ਅੱਜ ਵੀ
ਗੁਲਮੋਹਰ!

ਤੂੰ ਕਰ
ਨਫ਼ਰਤ ਕਰ
ਸਿਰਫ ਮੈਨੂੰ ਕਰ
ਉਸ ਅੱਧੀ ਰੋਟੀ
ਕੱਚੀ ਪੈਨਸਿਲ
ਕਾਲੀ ਸਿਆਹੀ
ਤੇ ਮੇਰੇ ਅਣਲਿਖੇ
ਖਤਾਂ ਨੂੰ ਨਹੀਂ
ਕਿਉਂਕਿ
ਮੌਤ ਦੀ ਸਲੇਟ
ਤੇ ਲਿਖਿਆ ਸੀ
ਮੇਰਾ ਨਾਂ ਜ਼ਿੰਦਗੀ



ਸਿਮਰਨਜੀਤ ਕੌਰ ਸਿਮਰ

## ਬਲਦਾ ਰੁੱਖ

ਬਲਦਾ ਰੁੱਖ ਦੁਖੜਾ ਸੁਣਾਉਣ ਲੱਗਾ
ਧਾਹਾਂ ਮਾਰ ਵਾਸਤਾ ਪਾਉਣ ਲੱਗਾ

ਓਏ! ਉੱਠ ਕੋਈ ਤਾਂ ਖ਼ਿਆਲ ਕਰ
ਮੇਰੇ ਧੀਆਂ ਪੁੱਤਰਾਂ ਦਾ ਵੀ ਧਿਆਨ ਕਰ

ਕਿਉਂ ਆਪਣੇ ਲਾਲਚ ਦਾ ਕੁਹਾੜਾ ਚਲਾਉਣ ਲੱਗਾਂ
ਸਾਡੇ ਵਸਦੇ ਗਰਾਂ ਨੂੰ ਕਬਰੀਸਤਾਨ ਬਣਾਉਣ ਲੱਗਾਂ

ਤਿਣਕਾ ਤਿਣਕਾ ਜੋੜ ਘਰ ਜੋ ਬਣਾਏ
ਕਿਉਂ ਵਾਂਗ ਸੁੱਕੇ ਪੱਤਿਆਂ ਓਡਾਉਣ ਲੱਗਾਂ

ਮੇਰੇ ਤੋਂ ਹੀ ਲੈ ਕੇ ਸਾਹ ਉਧਾਰੇ
ਅੱਜ ਮੈਨੂੰ ਹੀ ਬਲੀ ਚੜ੍ਹਾਉਣ ਲੱਗਾਂ

ਖਾ ਕੇ ਸਾਡੀਆਂ ਹੀ ਜੜ੍ਹਾਂ ਤੂੰ
ਸਾਡੇ ਤੇ ਹੀ ਤਾਕਤ ਅਜ਼ਮਾਉਣ ਲੱਗਾਂ

ਉੱਡਾ ਕੇ ਮੇਰੇ ਬੋਟਾ ਦੀਆਂ ਨੀਂਦਾਂ ਤੂੰ
ਆਪ ਨਿਵਾਰੀ ਪਲੰਘ ਸੌਣ ਲੱਗਾਂ

ਪਾਈਆਂ ਮਹਿੰਗੀਆ ਪੁਸ਼ਾਕਾਂ ਵੀ ਸਾਡੀਆਂ
ਫਿਰ ਕਿਸ ਗੱਲ ਦਾ ਰੋਅਬ ਜਮਾਉਣ ਲੱਗਾਂ

ਨਿੱਤ ਠੰਢੀਆਂ ਹਵਾਵਾਂ ਦੇ ਬੁੱਲੇ ਜੋ ਤੂੰ ਮਾਣੇ
ਮੈਂ ਤੇਰੇ ਲਈ ਘੋਰ ਪੌਣਾਂ ਲਿਆਉਣ ਲੱਗਾ

ਭਿਆਨਕ ਬਿਮਾਰੀਆਂ ਤੋਂ ਬਚਣ ਲਈ
ਸਾਡਾ ਹੀ ਖ਼ੂਨ ਚੂਸ ਅਰਕ ਬਣਾਉਣ ਲੱਗਾਂ

ਅਸੀਂ ਤਾਂ ਤੇਰੇ ਲਈ ਪੈਦਾ ਹੋਏ ਹਾਂ
'ਪ੍ਰੀਤ' ਫੇਰ ਤੂੰ ਕਿਉਂ ਅਕ੍ਰਿਤਘਣ ਅਖਵਾਉਣ ਲੱਗਾਂ



ਪ੍ਰੀਤ ਪ੍ਰਿਤਪਾਲ

## ਰੋਜ-ਰੋਜ

ਫੁੱਲ ਆਪਣੀ ਕਿਸਮਤ 'ਤੇ ਇਤਰਾਵੇ ਰੋਜ-ਰੋਜ।
ਯਾਰ ਮੇਰਾ ਵਾਲਾਂ 'ਚ ਫੁੱਲ ਸਜਾਵੇ ਰੋਜ-ਰੋਜ।

ਰੇਸ਼ਮੀ ਲਹਿਰਾਂ ਦਾ ਪਿੱਛਾ ਕਰ ਕਰਕੇ ਬੰਦਾ,
ਆਤਮਾ ਵਿਚਾਰੀ ਦਾ ਚਸ਼ਮਾ ਸੁਕਾਵੇ ਰੋਜ-ਰੋਜ।

ਕੰਨ ਫੜਕੇ ਪਾਪ ਤੋਂ ਪਹਿਲਾਂ ਤੋਬਾ ਕਰੇ ਬੰਦਾ,
ਫਿਰ ਓਸੇ ਪਾਪ ਨੂੰ ਮੁੜਕੇ ਦੁਹਰਾਵੇ ਰੋਜ-ਰੋਜ।

ਹੈਰਾਨ ਹੈ ਮੌਤ ਵੀ ਅਜਬ ਵਰਤਾਰਾ ਤੱਕ ਕੇ,
ਸ਼ਮਾ ਉੱਤੇ ਪ੍ਰਵਾਨਾ ਜਦ ਮੰਡਰਾਵੇ ਰੋਜ-ਰੋਜ।

ਜਨਤਾ ਮੇਰੇ ਸ਼ਹਿਰ ਦੀ ਥੱਕੇ ਨ ਮੂਰਖ ਬਣਕੇ,
ਨੇਤਾ ਫ਼ਰੇਬੀ ਨਾਅਰੇ ਮੁੜ ਲਗਾਵੇ ਰੋਜ-ਰੋਜ।



ਦੁੱਖ-ਸੁੱਖ ਦੀ ਅੱਖ ਮਚੌਲੀ, ਖੇਡੇ ਸ਼ੌਕ ਨਾਲ,
ਸਾਥ ਦੋਹਾਂ ਦਾ 'ਤਜਿੰਦਰ' ਹੱਸ ਨਿਭਾਵੇ ਰੋਜ-ਰੋਜ।

ਡਾ. ਤੇਜਿੰਦਰ

## ਸ਼ਾਇਦ

ਲੋਕਾਂ ਨੂੰ ਉਹਦੇ ਨੈਣਾਂ ਅੰਦਰ ਮੱਧਵਾ ਦਿਸਦਾ ਏ
ਮੈਨੂੰ ਹੀ ਕਿਉਂ ਹੰਝੂਆਂ ਦਾ ਦਰਿਆ ਦੀਂਹਦਾ ਏ
ਸਾਰੇ ਕਹਿੰਦੇ ਕਾਤਿਲ ਆ ਮੁਸਕਾਨ ਉਹਦੀ
ਮੈਨੂੰ ਹੀ ਕਿਉਂ ਹਰ ਮਰਿਆ ਉਹਦਾ ਚਾਅ ਦੀਂਹਦਾ ਏ
ਸ਼ਾਇਦ ਕਿਸੇ ਨੇ ਗੌਰ ਨਾਲ ਉਹਨੂੰ ਤੱਕਿਆ ਈ ਨਹੀਂ
ਮੇਰੇ ਬਿਨ ਹੋ ਸਕਦਾ ਏ ਮੈਨੂੰ ਤਾਂ ਦੀਂਹਦਾ ਏ

ਖ਼ੂਬਸੂਰਤੀ ਵੇਖ ਲੈਂਦਾ ਹੈ ਹਰ ਕੋਈ
ਅੰਦਰ ਵੜ ਕੇ ਉਹਦੇ ਕਿਸੇ ਨੇ ਵੇਖਿਆ ਈ ਨਹੀਂ
ਦੁੱਖ ਖ਼ਰੀਦ ਲੈਣਾ ਸੀ ਮਹਿੰਗੇ ਭਾਅ ਉਹਦਾ
ਨਾਂ ਮਹਿੰਗਾ ਨਾ ਸਸਤਾ ਉਹਨੇ ਵੇਚਿਆ ਈ ਨਹੀਂ
ਫੁੱਲਾਂ ਵਰਗੀ ਕੰਡਿਆਂ ਦੇ ਵਿੱਚ ਜਾਨ ਫਸੀ
ਔਖਾ ਉਹਨੂੰ ਆਉਂਦਾ ਮੈਨੂੰ ਸਾਹ ਦੀਂਹਦਾ ਏ
ਸ਼ਾਇਦ ਕਿਸੇ ਨੇ ਗੌਰ ਨਾਲ ਉਹਨੂੰ ਤੱਕਿਆ ਈ ਨਹੀਂ
ਮੇਰੇ ਬਿਨ ਹੋ ਸਕਦਾ ਏ ਮੈਨੂੰ ਤਾਂ ਦੀਂਹਦਾ ਏ

ਬਹੁਤ ਕਿਤਾਬਾਂ ਪੜ੍ਹੀਆਂ ਸੀ ਅੱਜ ਚੇਹਰਾ ਪੜਿਆ ਮੈਂ
ਖੜ੍ਹੇ ਰੌਂਗਟੇ ਹੋਗੇ ਸੀ ਸੱਚ ਜਾਣ ਮੇਰੇ
ਵੀਰਪਾਲ ਦੀ ਜ਼ਿੰਦਗੀ ਦਾ ਹਰ ਸੱਚ ਹੀ ਕੜਬਾ ਸੀ
ਚੜ੍ਹੇ ਪਏ ਨੇ ਉਹਦੇ ਦੁੱਖ ਜ਼ੁਬਾਨ ਮੇਰੇ
ਕਿਵੇਂ ਵੰਡਾਵਾਂ ਸਮਝ ਨਹੀਂ ਆਉਂਦੀ ਦੁੱਖ ਉਹਦਾ
ਮੈਨੂੰ ਤਾਂ ਉਹਦੇ ਦਿਲ ਦਾ ਹਰ ਬੰਦ ਰਾਹ ਦੀਂਹਦਾ ਏ
ਸ਼ਾਇਦ ਕਿਸੇ ਨੇ ਗੌਰ ਨਾਲ ਉਹਨੂੰ ਤੱਕਿਆ ਈ ਨਹੀਂ
ਮੇਰੇ ਬਿਨ ਹੋ ਸਕਦਾ ਏ ਮੈਨੂੰ ਤਾਂ ਦੀਂਹਦਾ ਏ



ਵੀਰਪਾਲ ਕੌਰ ਭੱਠਲ

## ਕਵਿਤਾ-

ਜਿੰਦਰ ਦੀ ਵੀ ਲੰਘੀ ਜ਼ਹਿਰ ਖਿਲਾਰ ਗਈ ।
ਬੁਰਿਆਈ ਨਫ਼ਰਤ ਦੀ ਕੰਧ ਉਸਾਰ ਗਈ ।

ਮੁੜ ਖ਼ਲਕਤ ਨੂੰ ਸੁੱਟ ਗਈ ਲਾ ਕੇ ਠਿੱਬੀ,
ਨ੍ਹੇਰੇ ਦੀ ਹੁਸ਼ਿਆਰੀ ਕਹਿਰ ਗੁਜ਼ਾਰ ਗਈ ।

ਫਿਰ ਡਾਂਗਾਂ ਖਾਂਦੀ ਫਿਰਦੀ ਗੁਰਬਤ ਮਾਰੀ,
ਜਿੱਤਣ ਪਿੱਛੋਂ ਰਈਅਤ ਬਾਜ਼ੀ ਹਾਰ ਗਈ ।

ਦਿਨ ਬਦਲੇ ਨਾ ਗੁਰਬਤ ਮਾਰੇ ਲੋਕਾਂ ਦੇ,
ਭਾਵੇਂ ਬਦਲ ਕਈ ਵਾਰੀ ਸਰਕਾਰ ਗਈ।

ਬੰਦੇ ਝੂਠੇ ਦੀ ਚੌਧਰ ਹਰ ਥਾਂ ਵੇਖੀ ,
ਨੌਟੰਕੀਬਾਜ਼ਾਂ ਦੀ ਹੋ ਭਰਮਾਰ ਗਈ ।

ਘੋਰ ਉਜਾੜਾ ਕੀਤਾ ਚੰਦਰਿਆਂ ਸੂਰਾਂ,
ਉੱਲੂਆਂ ਦੀ ਪਹਿਰੇਦਾਰੀ ਮਾਰ ਗਈ।

ਕਲਪ ਨਿਸ਼ਾਨ ਰਹੀ ਜਨਤਾ ਦੁੱਖਾਂ ਮਾਰੀ ,
ਪਰ ਨੇਤਾ ਜੀ ਆਖਣ ਆ ਗੁਲਜ਼ਾਰ ਗਈ ।

ਨਿਸ਼ਾਨ ਸਿੰਘ
9646540249

## ਪੰਜਾਬ ਦੀਏ ਨੀ ਧੀਏ....

ਪੰਜਾਬ ਦੀਏ ਨੀ ਧੀਏ ਹੱਸਦੀ ਵੱਸਦੀ ਜਿਉਂਦੀ ਰਹਿ।
ਨਿੱਤ ਅੰਬਰੀਂ ਖੇਲਣ ਦੇ ਲਈ ਤੂੰ ਉਡਾਰੀ ਲਾਉਂਦੀ ਰਹਿ।

ਲੀਰਾਂ ਵਰਗੇ ਕੱਪੜੇ ਪਾਉਣ ਦਾ ਵੱਧ ਰਿਵਾਜ ਗਿਆ,
ਸੂਟ ਪੰਜਾਬੀ ਆਪਣੇ ਤਨ ਤੇ ਤੂੰ ਹੰਢਾਉਂਦੀ ਰਹਿ।

ਕਿਹਾ ਸਿਆਣਿਆਂ ਦਾ ਬੰਨ ਪੱਲੇ ਆਪਣੇ ਰੱਖੀਂ ਤੂੰ,
ਚੰਗੇ ਕਰਮ ਕਮਾ ਕੇ ਵਾਹਵਾ ਸ਼ਾਨ ਬਣਾਉਂਦੀ ਰਹਿ।

ਸੋਹਣਾ ਸਭਿਆਚਾਰ ਸੀ ਭਾਰੂ ਲੱਚਰਪੁਣਾ ਹੋਇਆ,
ਸਦਾ ਵਿਰੋਧ ਚ ਆਪਣੀ ਤੂੰ ਅਵਾਜ਼ ਉਠਾਉਂਦੀ ਰਹਿ।

ਚੁੰਨੀ ਹੁੰਦੀ ਇੱਜ਼ਤ ਗਲ਼ ਚੋਂ ਸਿਰ ਤੇ ਰੱਖ ਲਵੀਂ,
ਬੀਬੀ ਰਾਣੀ ਬਣ ਕੇ ਸਭ ਤੋਂ ਪਿਆਰ ਵੰਡਾਉਂਦੀ ਰਹਿ।

ਪੈਰ ਪੈਰ ਤੇ ਹੋਊ ਟਾਕਰਾ ਤੇਰਾ ਭੈੜੇ ਲੋਕਾਂ ਨਾਲ,
ਸ਼ੀਹਣੀ ਬਣ ਕੇ ਹੱਥ ਫੌਲਾਦੀ ਤੂੰ ਚਲਾਉਂਦੀ ਰਹਿ।

ਵਿੱਦਿਆ ਐਸਾ ਗਹਿਣਾ ਹੈ ਨਾ ਲੁੱਟ ਸਕੇ ਕੋਈ।
ਪਾ ਡਿਗਰੀਆਂ ਮਾਪਿਆਂ ਦੀ ਤੂੰ ਸ਼ਾਨ ਵਧਾਉਂਦੀ ਰਹਿ।

ਹੱਥ ਜੋੜ ਕੇ ਕਰੇ ਦੁਆਵਾਂ ਤੇਰੇ ਲਈ 'ਬੁਜਰਕ ',
ਸੱਚ ਦਾ ਮਾਰਗ ਸਭ ਨੂੰ ਬੱਚੀਏ ਤੂੰ ਵਿਖਾਉਂਦੀ ਰਹਿ।

ਹਰਮੇਲ ਸਿੰਘ ਧੀਮਾਨ

## ਲੱਡੂ

ਥਾਲੀ ਵਿੱਚ ਤਾਜ਼ਾ ਲੱਡੂ,
ਵੇਖੇ ਮੈਨੂੰ ਘੂਰ ਕੇ।
ਅੱਜ ਹੀ ਬਣਾਇਆ ਲੱਗੇ,
ਮੰਮੀ ਜੀ ਨੇ ਮੋਤੀ ਚੂਰ ਕੇ।
ਹੱਥ ਨਾ ਲਗਾਈਂ ਮੈਨੂੰ,
ਇੰਝ ਜਾਪੇ ਆਖਦਾ।
ਕਾਜੂ ਵਾਲੀਆਂ ਅੱਖਾਂ ਰਾਹੀਂ,
ਮੈਨੂੰ ਕੌੜਾ ਕੌੜਾ ਝਾਕਦਾ।
ਹਿੰਮਤ ਜਿਹੀ ਕਰਕੇ ਮੈਂ,
ਹੱਥ ਉਹਨੂੰ ਪਾ ਲਿਆ।
ਇੱਧਰ ਉੱਧਰ ਵੇਖਦੇ ਨੇ,
ਸਿੱਧਾ ਅੰਦਰ ਲੰਘਾ ਲਿਆ।
ਲੱਡੂ ਵਾਂਗੂੰ ਢਿੱਡ ਹੋਇਆ,
ਜਦ ਵੇਖਿਆ ਸ਼ੀਸ਼ਾ ਜਾ ਕੇ।
ਬਹੁਤ ਹੀ ਨਜ਼ਾਰਾ ਆਇਆ,
ਗੋਲ ਮਟੋਲ ਲੱਡੂ ਖਾ ਕੇ।



**ਮਨਜੀਤ ਕੌਰ ਧੀਮਾਨ**
**9464633059**

## ਅਲਟੀਮੇਟਮ...

ਮੈਂ ਹਾਂ ਓਸ ਦੇਸ਼ ਦੀ ਜਾਈ
ਜਿਸ ਦੀ ਕੁੱਖ 'ਚੋਂ ਦਹਿਸ਼ਤ ਜੰਮੇ!
ਰੋਜ਼ ਕੋਈ ਹਥਿਆਰਾਂ ਵਾਲ਼ਾ
ਨੀਂਦ ਮੇਰੀ ਦਾ ਬੂਹਾ ਭੰਨੇ!

ਕੋਠੇ ਜਿੱਡਾ ਚਿੱਟਾ ਪੀ ਕੇ
ਮੇਰੀ ਗਵਾਂਢੇ ਥੰਮ ਹੈ ਡਿੱਗਾ
ਨੀਹਾਂ ਵਿੱਚੋਂ ਚੀਕਾਂ ਸੁਣੀਆਂ
ਮੇਰੇ ਘਰ ਦੀ ਛੱਤ ਹੈ ਕੰਬੀ!

ਮੇਰੇ ਪਿੰਡ ਦੇ ਰੜੇ ਮੈਦਾਨੀ
ਬਾਲਾਂ ਦੀ ਨਾ ਕੂਕਰ ਗੂੰਜੇ
ਸੱਥਾਂ ਦੇ ਵਿੱਚ ਸੁੰਨਾਂ ਪਈਆਂ
ਫਿਰੇ ਬੁਢਾਪਾ ਸੋਗੀ ਹੋਇਆ!

ਕੋਠੇ 'ਤੇ ਨਾ ਲੀੜੇ ਸੁੱਕਣ
ਸੂਹੇ ਗੂੜ੍ਹੇ ਰੰਗਾਂ ਵਾਲ਼ੇ
ਕਿੰਨ੍ਹੇ ਸਫ਼ੈਦੀ ਕਰ ਦਿੱਤੀ ਐ?
ਪਿੰਡ ਮੇਰੇ ਦੇ ਚਾਰ ਚੁਫੇਰੇ!

ਯਾਦਾਂ ਦੀ ਅਲਮਾਰੀ ਦੇ ਵਿੱਚ
ਖੂੰਝੀਂ ਵਿੱਥੀਂ ਹੱਥ ਮਾਰ ਕੇ
ਬੀਤੇ ਦਾ ਕੋਈ ਰੰਗ ਫ਼ਰੋਲ਼ਾਂ
ਮੈਂ ਸਮਿਆਂ ਦੇ ਹਾਸੇ ਲੱਭਾਂ!


ਕੱਲ ਮੈਂ ਜਿਸ ਚੌਰਾਹੇ ਦੇ ਵਿੱਚ
ਸੁਣੀ ਸੀ ਚੱਲੀ ਅੰਨ੍ਹੀ ਗੋਲ਼ੀ
ਓਥੋਂ ਕੋਈ ਲਾਸ਼ ਨਾ ਲੱਭੀ
ਬਸ ਗੋਲ਼ੀ ਦੇ ਖੋਖੇ ਲੱਭੇ!

ਅੰਨ੍ਹੇ ਦੇਸ਼ 'ਚ ਕਾਣੇ ਰਾਜੇ
ਵੱਢਿਆ ਟੁੱਕਿਆ ਰਾਜ ਚਲਾਉਂਦੇ
ਚੁੱਪੀ ਉੱਤੇ ਸਿਆਸਤ ਹੁੰਦੀ
ਬੋਲਾਂ ਉੱਤੇ ਧਰਨੇ ਲਗਦੇ!

ਮੱਘਰ ਦੇ ਸੂਰਜ ਦੀ ਅੱਖ 'ਚ
ਧਰਮ ਕਿਸੇ ਦੀ ਛਿਲਤਰ ਚੁਭ ਗਈ
ਦਿਨ ਚੜ੍ਹਿਆ ਅੱਜ ਕੱਚੀ ਨੀਂਦੇ
ਮੇਰੇ ਫਿੱਕੇ ਲੀੜੇ ਵਰਗਾ!

ਜਾਓ! ਓਸ ਸਿਆਸਤ ਤਾਈਂ
ਪਾਓ ਲਾਹਣਤ! ਗਾਲ਼ਾਂ ਕੱਢੋ!
ਜਿਸਨੇ ਮੇਰੇ ਬੁੱਢੇ ਪਿਓ ਦੇ
ਮੋਢੇ ਉੱਤੇ ਅਰਥੀ ਰੱਖੀ!

ਕੌਣ ਹੈ ਮੇਰੇ ਸੁਪਨੇ ਅੰਦਰ?
ਕਿਸਦਾ ਮੈਨੂੰ ਖ਼ਤ ਆਇਆ ਐ?
ਲਿਖਿਆ ਕਿਸ ਨੇ ਨਾਲ਼ ਲਹੂ ਦੇ?
ਕਤਲ ਮੇਰੇ ਦਾ ਅਲਟੀਮੇਟਮ!



**ਰਿੱਤੂ ਵਾਸੂਦੇਵ**

## ਕਲਮ..

ਕਲਮ ਕੀ ਚੀਜ਼ ਏ ਸਾਈਆਂ,
ਅੱਜ ਤੱਕ ਸਮਝ ਨਾ ਆਈ..
ਦਿਖਣ ਨੂੰ ਨਾਜ਼ੁਕ ਕਿੰਨੀ ਏ,
ਪਰ ਬੜੀ ਸ਼ਾਤਰ ਤੂੰ ਬਣਾਈ ..

ਖ਼ੂਨ-ਏ ਜਿਗਰ ਦੇ ਅਪਣਾ,
ਸਾਡੇ ਇਹ ਦਰਦ ਲਿਖਦੀ ਏ...
ਕਿਤੇ ਏ ਬਣ ਪੀੜ ਮੁਹੱਬਤਾਂ ਦੀ,
ਹੰਝੂਆਂ ਦੇ ਨਾਲ ਵਹਿ ਤੁਰਦੀ ਏ...

ਕਦੇ ਬਣ ਵਸਲ ਦੀ ਰਾਗਨੀ,
ਰਾਗ ਮਲ੍ਹਾਰ ਗਾ ਤੁਰਦੀ ਏ...
ਕਦੇ ਜਦ ਵੈਰਾਗੀ ਹੋ ਜਾਵੇ,
ਤਾਂ ਵੈਣ ਪਾਵੇ ਪਿੱਟ ਛਾਤੀ ਤੁਰਦੀ ਏ..

ਕਦੇ ਸਿਫਤਾਂ ਦੇ ਬੰਨਦੀ ਪੁੱਲ,
ਕਦੇ ਬੁਰਾਈਆਂ ਦੀਆਂ ਪਰਤਾਂ ਖੋਲਦੀ ਏ..
ਜਦੋ ਇਹ ਬੋਲਣ ਤੇ ਆਵੇਂ ਤਾਂ,
ਕਿੰਨਾ ਸੱਚ ਇਹ ਬੋਲਦੀ ਏ...

ਲਿਆਉਦੀ ਇਨਕਲਾਬ ਇਹ ਦੁਨੀਆ ਤੇ,
ਜਦੋ ਜੁਝਾਰੂ ਹੱਥਾਂ ਵਿੱਚ ਆਉਂਦੀ ਏ ..
ਫੇਰ ਇਹ ਨਰਮ ਨਾਜ਼ੁਕ ਨਾਂ ਰਹਿੰਦੀ,
ਖ਼ੁੱਦ ਨੂੰ ਤਲਵਾਰ ਕਹਾਉਂਦੀ ਏ...

ਕਰ ਏ ਸਤਿਆ ਨਾਸ ਦਿੰਦੀ ਏ,
ਜਦੋ ਹੋ ਗੁਲਾਮ ਇਹ ਲਿਖਦੀ ਏ,
ਫ਼ਿਰ ਰੋਲ ਦਿੰਦੀ ਦੁਨੀਆ ਨੂੰ,
ਜਦ ਚੰਦ ਠੀਕਰਾ ਪਿੱਛੇ ਇਹ ਵਿਕਦੀ ਏ..

ਕਲਮਾਂ ਵਾਲਿਓ ਯੋਧਿਓ ਸੁਣੋ,
ਅੱਜ ਹੱਥ ਜੋੜ ਕਰਾਂ ਅਰਜੋਈ,
ਲਿਖੋ ਇਸ਼ਕ ਕੋਈ ਇਲਾਹੀ 'ਪ੍ਰੀਤ',
ਰੂਹਾਂ ਨੂੰ ਸਕੂਨ ਸੱਚੇ ਦਰ ਦੀ ਢੋਈ...

ਲਿਖੋ ਕੋਈ ਗੀਤ ਸੱਭਿਆਚਾਰਾਂ ਲਈ,
ਕਰੋ ਕੁਝ ਟੁੱਟਦੇ ਜਾਂਦੇ ਪਰਿਵਾਰਾਂ ਲਈ...
ਜਿਸਮਾਂ ਦੀ ਮਿਣਤੀ ਗਿਣਤੀ ਛੱਡ ਕੇ,
ਲਿਖੋ ਕੁਝ ਬਹਾਦੁਰ ਸ਼ੇਰ ਨਾਰਾ ਲਈ....

ਛੱਡੋ ਲਿਖਣਾ ਬੰਦੂਕਾਂ ਅਸਲੇ ਲੈ ਕੇ,
ਧੀਆਂ, ਭੈਣਾਂ, ਔਰਤਾਂ ਉੱਤੇ ਲਿਖਣਾ...
ਲਿਖੋ ਸੂਰਮੇ ਯੋਧਿਆਂ ਦੀਆਂ ਵਾਰਾਂ,
ਨਹੀਂ ਤਾਂ ਆਉਂਦੇ ਸਮੇਂ 'ਚ
ਕੋਈ ਮਰਦ ਨਹੀਂ ਦਿਖਣਾ...

**ਡਾ. ਲਵਪ੍ਰੀਤ ਕੌਰ 'ਜਵੰਦਾ'**
**9814203357**

## ਪਾਣੀਆ ਤੇ ਹੱਕ

ਮੈਂ ਪਾਣੀ ਪੰਜ+ਆਬ ਦਾ
ਮੈਂ ਨਾਮ ਰੱਖਿਆ ਪੰਜਾਬ

ਪਾਣੀ ਦਾ ਹੱਕ ਮੇਰਾ ਹੈ ਆਪਣਾ
ਤੁਹਾਡੀ ਨੀਤ ਹੈ ਖਰਾਬ

ਮੈ ਅੰਨ ਦੇ ਭਰਾਂ ਭੰਡਾਰ ਮੈਂ
ਭਾਵੇਂ ਚੜ ਆਵੇ ਸਲਾਬ

ਮੈਂ ਪਾਣੀ ਤੇ ਡਾਕਾ ਵੱਜਣ ਨਹੀਂ ਦੇਣਾ
ਭਾਵੇਂ ਭਰਿਆ ਹੋਵੇ ਝਨਾਬ

ਹਿੱਕ ਤਾਣ ਆਖਰੀ ਸਾਹ ਲੜਾਗਾਂ
ਜੋ ਮਰਜੀ ਕਰ ਲਿਓ ਜਨਾਬ

ਅਸੀ ਹੜ ਵਰਗੀਆਂ ਆਫਤਾਂ ਝੱਲਦੇ
ਸਾਡੀਆਂ ਫਸਲਾਂ ਹੋਣ ਖਰਾਬ

ਸਾਡੀ ਧਰਤੀ ਹੇਠ ਪਾਣੀ ਹੋ ਡੂੰਘੇਂ ਗਏ
ਸਾਰੇ ਸੁੱਕ ਗਏ ਛੱਪੜ ਢਾਬ

ਤੂੰ ਜਿੰਨੀਆਂ ਮਰਜੀ ਸਿਆਸਤਾਂ ਖੇਡ ਲਵੀਂ
ਤੇਰੇ ਨਾਲ ਕਰਾਂਗੇ ਅਸੀ ਹਿਸਾਬ

ਅਸੀਂ ਸਿਰ ਦੇਕੇ ਲਈਆਂ ਸਰਦਾਰੀਆਂ
ਸਾਨੂੰ ਦੇਣਾ ਆਉਦਾਂ ਜਵਾਬ

ਸਮਾਂ ਆਉਣ ਤੇ ਤੈਨੂੰ ਦੱਸਾਂਗੇ
ਜਦੋ ਹਿੱਕ ਤਾਣ ਖੜਿਆ ਪੰਜਾਬ



**ਗੁਰਚਰਨ ਸਿੰਘ ਧੰਜੂ**

## ਅੰਦਰ ਝਾਤ

ਧਰਤੀ ਦੀ ਗੋਦ 'ਚੋਂ ਲੱਭੇ ਸੋਨਾ ਚਾਂਦੀ,
ਫਿਰ ਹੀਰੇ ਮੋਤੀਆਂ ਦੇ, ਲੈ ਖ਼ੁਆਬ ਬੈਠਾ।

ਅਕਾਸ਼ 'ਤੇ ਮਾਰ ਉਡਾਰੀ ਭਾਲੇ ਗ੍ਰਹਿ,
ਮੱਥੇ 'ਚੋਂ ਦੇਖਦਾ ਸੀ ਜੋ, ਲੈ ਜਵਾਬ ਬੈਠਾ।

ਅੰਦਰ ਦੀ ਖੋਜ 'ਚੋਂ ਪੰਜ ਵੈਰੀ ਲੱਭ ਲਏ,
ਤੇ ਰਿਜ਼ਕ ਸਾਗਰਾਂ ਨੂੰ, ਲੈ ਸ਼ਰਾਬ ਬੈਠਾ।

ਨਾਂਹੀ ਚਿੰਤਾ ਘਟੀ ਨਾਂਹੀ ਤ੍ਰਿਸ਼ਨਾ ਬੁਝੀ,
ਕਰਮਾਂ ਦਾ ਲੇਖਾ ਜੋਖਾ, ਲੈ ਹਿਸਾਬ ਬੈਠਾ।

ਹਉਮੈਂ ਦੀ ਕਰ ਸਵਾਰੀ ਭੁੱਲਿਆ ਸਭ ਨੂੰ,
ਝੂਠ ਦਾ ਪੁਲੰਦਾ ਹੱਥ, ਲੈ ਨਵਾਬ ਬੈਠਾ।

ਨਫ਼ਰਤ ਦੀ ਹਨ੍ਹੇਰੀ ਦਾ ਮੰਜ਼ਰ ਹੈ ਚੁਫ਼ੇਰੇ,
ਅਰਮਾਂ ਬੇਕਸਾਂ ਦੇ ਭੁੰਨੇ, ਲੈ ਕਬਾਬ ਬੈਠਾ।

ਲੈ ਰਾਜ ਦੇ ਸੁਫ਼ਨੇ ਕਰੇ ਜ਼ੁਲਮ ਇੰਤਹਾ,
ਹਾਅ ਬਦਨਸੀਬਾਂ ਦੀ, ਲੈ ਜਨਾਬ ਬੈਠਾ।

ਇੱਕੀਵੀਂ ਸਦੀ ਨਾ ਲੱਗੇ ਅਤੀਤ ਉਸਨੂੰ,
ਕਰਮ-ਪਖੰਡਾਂ ਵਾਲ਼ੀ, ਲੈ ਕਿਤਾਬ ਬੈਠਾ।

ਯੁੱਗ ਵਿਗਿਆਨ ਦਾ ਜਾਪੇ ਫ਼ਜ਼ੂਲ ਹੁਣ,
ਅਲਾਪ ਤਾਂਡਵ ਦਾ,ਲੈ ਅਸਬਾਬ ਬੈਠਾ।

**ਸੇਵਾ ਸਿੰਘ "ਨੂਰਪੁਰੀ"**

## ਕਵਿਤਾ

ਉਹ ਵੀ ਦਿਨ ਸੀ ਕਿੰਨੇ ਪਿਆਰੇ

ਮੇਰੀ ਨਾਨੀ ਜਦ ਆਉਂਦੀ ਸੀ!
ਬਹੁਤ ਖਿਡਾਉਣੇ ਲੈ ਆਉਂਦੀ ਸੀ!

ਸੋਹਣੇ ਬਹੁਤ ਖਿਡਾਉਣੇ ਹੁੰਦੇ,
ਕੁਝ ਲੰਮੇ ਕੁਝ ਬੌਣੇ ਹੁੰਦੇ।

ਚਿੜੀਆਂ ਹੁੰਦੀਆਂ ਤੋਤੇ ਹੁੰਦੇ,
ਕਈ ਵੱਡੇ ਕਈ ਛੋਟੇ ਹੁੰਦੇ।

ਬੰਦਰ ਹੁੰਦਾ ਹੱਸਣ ਵਾਲਾ,
ਭਾਲੂ ਹੁੰਦਾ ਰੋਂਦੀ ਕਾਲਾ।

ਮੋਰ ਵੀ ਲੱਕੜੀ ਦੇ ਹੁੰਦੇ ਸੀ,
ਹਾਥੀ ਘੋੜੇ ਵੀ ਹੁੰਦੇ ਸੀ।

ਸ਼ੇਰ ਜੀ ਬੜੇ ਨਿਰਾਲੇ ਹੁੰਦੇ,
ਲੰਬੇ ਵਾਲਾਂ ਵਾਲੇ ਹੁੰਦੇ।

ਚਕਲਾ-ਵੇਲਣਾ ਥਾਲੀ ਹੁੰਦੀ,
ਪਲੇਟ ਵੀ ਫੁੱਲਾਂ ਵਾਲੀ ਹੁੰਦੀ।

ਕਈ ਗਲਾਸ ਕਟੋਰੀਆਂ ਹੁੰਦੀਆਂ,
ਝਾਰਨੀਆ ਵਿੱਚ ਮੇਰੀਆਂ ਹੁੰਦੀਆਂ।

ਖਾਣ ਵਾਲਾ ਸਮਾਨ ਵੀ ਲਿਆਉਂਦੀ,
ਕੱਢ ਕੇ ਨਾਨੀ ਸਮਾਨ ਵਿਖਾਉਂਦੀ।

ਲੱਡੂ-ਪੇੜੇ- ਬਰਫੀ ਬਿਸਕੁਟ,
'ਖਾਵੋ ਬੱਚਿਓ' ਆ ਕੇ ਝੱਟਪਟ।

ਫਲ ਵੀ ਲਿਆਉਂਦੀ ਦੋ-ਤਿੰਨ ਸੇਰ,
ਖਾਣ ਲੱਗੇ ਨਾ ਕਰਦੇ ਦੇਰ।

ਖਿਲਾਉਣੇ ਸਾਨੂੰ ਵੰਡ ਦੇਂਦੀ ਸੀ,
ਵੰਡ ਕੇ ਪੀੜ੍ਹੀ ਤੇ ਬਹਿੰਦੀ ਸੀ।

ਭੈਣ ਮੇਰੀ ਨੂੰ ਕੁੜੀਆਂ ਵਾਲੇ,
ਮੈਨੂੰ ਖਿਲੌਣੇ ਮੁੰਡਿਆਂ ਵਾਲੇ।

ਆਪ ਵੀ ਉਹ ਮਠਿਆਈਆਂ ਖਾਂਦੀ,
ਸਾਨੂੰ ਵੀ ਸਭ ਨੂੰ ਸੱਦ ਖਵਾਉਂਦੀ।

ਮੰਮੀ ਨੂੰ ਵੀ ਕਹਿੰਦੀ ਖਾ ਲਉ,
ਪਾਪਾ ਨੂੰ ਵੀ ਕੋਲ ਬੁਲਾ ਲਉ।

ਖਾਂਦੇ-ਪੀਂਦੇ ਮਿਲ ਕੇ ਸਾਰੇ,
ਉਹ ਵੀ ਦਿਨ ਸੀ ਕਿੰਨੇ ਪਿਆਰੇ।



**ਓਮਕਾਰ ਸੂਦ ਬਹੋਨਾ**
**9654036080**

## ਲੁਟੇਰਾ

ਪਹਿਲਾਂ ਲੁੱਟ ਲੁੱਟ ਬਾਣੀਆ ਖਾ ਗਿਆ ,
ਹੁਣ ਖਾ ਰਿਹਾ ਸੁਨਿਆਰ।
ਕੰਮ ਨਾ ਕੋਈ ਉਹ ਜਾਣਦਾ,
ਚਾਕੂ, ਸੂਏ ਨਾਲ ਕਰੇ ਵਾਰ।

ਕੰਮ ਮੇਰੇ ਵਿੱਚ ਲੱਤ ਅੜਾਵੇ।
ਜੀਜੇ ਤੋਂ ਖੋਹ ਲੈ ਜਾਵੇ।

ਸੋਨੇ ਦੇ ਅੰਡੇ ਵਾਲੀ,
ਸਮਝੇ ਮੁਰਗੀ ਜੀਜੇ ਨੂੰ।
ਰੋਟੀ ਨਾ ਖਾਧੀ ਜਾਵੇ,
ਪਾਵੇ ਹੱਥ ਪੀਜੇ ਨੂੰ।

ਪਲਾਟ ਨਾ ਕੋਈ ਵਿਕ ਰਿਹਾ,
ਚੜ੍ਹਿਆ ਸਿਰ ਭਾਰ।
ਜਿਸ ਦਿਨ ਬਾਹਰ ਆ ਗਿਆ,
ਬਣਾਊ ਤੈਨੂੰ ਸਰਦਾਰ।

ਸੁੱਖੀ ਸਾਡਾ ਸੁੱਖ ਸਹੂਲਤਾਂ,
ਸੁਧਾਰ ਘਰ ਮਾਣੇ ਹਜ਼ਾਰ।
ਜਦ ਬਾਹਰ ਆਇਆ,
ਆ ਜਾਣੀ ਬਹਾਰ।

ਕਹਿੰਦਾ ਜੇਲ੍ਹ ਵਿੱਚ ਬੈਠੇ,
ਕਈ ਨੇ ਮੇਰੇ ਯਾਰ।
ਇੱਕ ਫੋਨ ਕਾਲ ਤੇ,
ਕਰਾਉਣ ਕੰਮ ਹਰ ਵਾਰ।

ਕੋਈ ਕਹੇ ਖ਼ੁਦ ਨੂੰ ਹਰਾਮੀ,
ਤੇ ਕੋਈ ਕਹੇ ਮੈਂ ਕੁੱਤੇ ਦਾ ਵੱਢਿਆ।
ਕੋਈ ਕਹੇ ਮੈਂ ਕੰਜਰ ਵੱਡਾ,
ਜਲੂਸ ਜੱਗ ਵਿੱਚ ਕੱਢਿਆ।

ਕੋਈ ਕਹੇ ਮੈਂ ਨਾਗ ਫਨੀਅਰ,
ਨਾ ਜਿਉਣ ਜੋਗਾ ਛੱਡਿਆ।
ਕੋਈ ਕਹੇ ਖੋਹ ਗੁਜ਼ਾਰਾ ਕੀਤਾ,
ਹੱਥ ਕਿਸੇ ਅੱਗੇ ਨਹੀਂ ਅੱਡਿਆ।

ਔਲਾਦ ਕੰਜ਼ਰ ਦੀ,
ਕੰਜ਼ਰ ਹੀ ਨਿਕਲੇਗੀ।
ਨਾ ਹੋਏ ਫ਼ਸਲ ਜ਼ਮੀਨ ਤੇ ਜੇ,
ਬੰਜ਼ਰ ਹੀ ਨਿਕਲੇਗੀ।

ਠੀਕ ਹੈ ਦਾਤਾ ਕੁੱਤਾ ਮੈਂ,
ਕੁੱਤਾ ਤੇਰੇ ਦਰ ਦਾ।
ਬਿਨ ਤੇਰੇ ਦਾਤਾ ਮੇਰਾ,
ਨਾ ਕਦੇ ਵੀ ਸਰਦਾ।

ਨੀਲੀ ਛੱਤਰੀ ਵਾਲਿਆ,
ਤੂੰ ਗੱਲ ਮੇਰੀ ਸੁਣ ਲੈ।
ਸੱਚ ਝੂਠ ਨੂੰ ਤੂੰ,
ਆਪੇ ਪੁਣ ਲੈ।

ਮੇਰੇ ਐਬ ਗੁਨਾਹਾਂ ਤੇ,
ਆਪੇ ਹੀ ਪਾਈ ਪਰਦਾ।
ਕਦੇ ਕਰਾਂ ਦਲੇਰੀ,
ਕਦੇ ਰਹਾਂ ਡਰਦਾ।

ਨੀਲੀ ਛੱਤਰੀ ਵਾਲਿਆ,
ਤੂੰ ਗੱਲ ਮੇਰੀ ਸੁਣ ਲੈ।
ਸੱਚ ਝੂਠ ਨੂੰ ਤੂੰ,
ਆਪੇ ਪੁਣ ਲੈਂ।

ਖ਼ਰਚ ਹੋ ਗਿਆ ਉਹ ਪੈਸਾ,
ਜੋ ਕਰਨਾ ਸੀ ਤੈਨੂੰ ਦਾਤਾ ਭੇਟਾ ।
ਹੱਕ ਮੇਰਾ ਖਾ ਗਿਆ,
ਉਹ ਕਿਸੇ ਸਿਆਣੇ ਦਾ ਬੇਟਾ।

ਇੱਕ ਪਾਸੇ ਕਹਿੰਦਾ,
ਮੈਨੂੰ ਬਦਦੁਆ ਨਾ ਦੇਵੀ।
ਤੇਰੀ ਧੀ ਮੇਰੀ ਹੈ ਧੀ,
ਸਾਊ ਹੈ ਤੇਰੀ ਕੰਨਿਆ ਦੇਵੀ।

ਮੇਰੇ ਹੱਕ ਦੀ ਖਾ ਰਿਹਾ,
ਜੋ ਖੋਹ ਕੇ ਰੋਟੀ।
ਅਕਲ ਟਿਕਾਣੇ ਲਿਆ ਦੇ,
ਤੂੰ ਮਾਰ ਕੇ ਸੋਟੀ।



**ਸਰਬਜੀਤ ਸੰਗਰੂਰਵੀ**
**946316243**

## ਅਧਿਆਪਕ ਸੂਰਜ ਦਾ ਸਿਰਨਾਵਾਂ

ਅਧਿਆਪਕ ਸੂਰਜ ਦਾ ਸਿਰਨਾਵਾਂ।
ਅਧਿਆਪਕ ਮੰਜ਼ਿਲ ਦੀਆਂ ਰਾਵ੍ਹਾਂ।
ਅਧਿਆਪਕ ਮਾਤਾ ਪਿਤਾ ਤੇ ਦੋਸਤ।
ਅਧਿਆਪਕ ਸਿਰ 'ਤੇ ਹੱਥ ਦੀ ਉਲਫਤ।

ਅਧਿਆਪਕ ਪੁਲ ਮਾਝੀ ਤੇ ਰਹਿਬਰ।
ਅਧਿਆਪਕ ਉਡਦੇ ਬੋਟਾ ਦੇ ਪਰ।
ਅਧਿਆਪਕ ਸੁੱਖ ਅਸੀਸਾਂ ਦੀ ਦਾਤ।
ਅਧਿਆਪਕ ਨੇਰ੍ਹੇ ਵਿਚ ਪ੍ਰਭਾਤ।

ਅਧਿਆਪਕ ਤੀਜੀ ਅੱਖ ਦੀ ਲੋਰੀ।
ਅਧਿਆਪਕ ਉਡਦੀ ਗੁੱਡੀ ਦੀ ਡੋਰੀ।
ਅਧਿਆਪਕ ਮੰਦਿਰ ਵਰਗੀ ਪੂਜਾ।
ਅਧਿਆਪਕ ਅੰਬਰ ਵਾਂਗੂ ਗੂੜ੍ਹਾ।

ਅਧਿਆਪਕ ਗੂੰਗੇ ਦੀ ਸ਼ਬਦਾਵਲੀ।
ਅਧਿਆਪਕ ਸ਼ਬਦਾਂ ਦੀ ਅਰਥਾਵਲੀ।
ਅਧਿਆਪਕ ਸੰਘਣੇ ਰੁੱਖ ਦੀ ਛਾਂ ਜਿਹਾ।
ਅਧਿਆਪਕ ਸੁਲਝੀ ਹੋਈ ਮਾਂ ਜਿਹਾ।

ਅਧਿਆਪਕ ਪਰਬਤ ਵਾਲੀ ਪੌੜੀ।
ਅਧਿਆਪਕ ਆਸ਼ਾ ਲੰਬੀ ਚੌੜੀ।
ਅਧਿਆਪਕ ਵਿਦਿਆ ਵਾਲਾ ਪਾਰਸ।
ਅਧਿਆਪਕ ਵਿਰਸੇ ਦਾ ਵੀ ਵਾਰਸ।

ਅਧਿਆਪਕ ਪਿਆਸੇ ਲਈ ਜਿਉਂ ਪਾਣੀ।
ਅਧਿਆਪਕ ਜੀਵਨ ਦੀ ਜ਼ਿੰਦਗਾਨੀ।
ਅਧਿਆਪਕ ਲੱਖਾਂ ਹੱਥਾਂ ਦਾ ਹੱਥ।
ਅਧਿਆਪਕ ਅੱਖਰ ਜਨਨੀ ਸਮਰੱਥ।

ਅਧਿਆਪਕ ਸੰਕਲਪ ਸ਼ਕਤੀ ਗੁਰੂ।
ਅਧਿਆਪਕ ਉਨਤੀ ਭਗਤੀ ਆਬਰੂ।
ਅਧਿਆਪਕ 'ਬਾਲਮ' ਗਮ ਵਿਚ ਹਾਸਾ।
ਅਧਿਆਪਕ ਜੰਨਤ ਵਰਗਾ ਵਾਸਾ।

**ਬਲਵਿੰਦਰ ਬਾਲਮ ਗੁਰਦਾਸਪੁਰ**
**98156-25409**

## ਮੱਘਦਾ ਸੂਰਜ

ਸਾਡੇ ਵਿਹੜੇ ਮੱਘਦਿਆ ਸੂਰਜਾ
ਤੇਰੀ ਠੰਡੀ ਹੋ ਗਈ ਧੁੱਪ
ਦਿਨੇ ਹਨੇਰਾ ਵੇਖਕੇ
ਤੂੰ ਵੀ ਹੋ ਗਿਆ ਚੁੱਪ।
ਸਾਡੇ ਵਿਹੜੇ ਵੱਸੀਆਂ ਬਾਰਿਸ਼ਾਂ
ਸਾਡੇ ਚੋਵੇ ਕੱਚੀ ਛੱਤ
ਸਾਡੇ ਘਰ ਨਾ ਢਾਵੀਂ ਪਾਣਿਆਂ
ਇਹਦੀ ਨੀਂਹ ਵਿੱਚ ਸਾਡੀ ਰੱਤ।
ਸਾਡੇ ਵਿਹੜੇ ਆਉਂਦੇ ਵੈਦ ਨੀ
ਸਾਡੇ ਪੁਛਦੇ ਆ ਕੇ ਦੁੱਖ
ਸਾਡੇ ਪੀਲੇ ਮੂੰਹ ਨੀ ਵੇਖਦੇ
ਸਾਨੂੰ ਕੋਹਿਆ ਕੜਮੀ ਭੁੱਖ।
ਸਾਡੇ ਵਿਹੜੇ ਧੁਖੀਆਂ ਧੂਣੀਆਂ
ਸਾਡੇ ਸੜਦੇ ਅੱਲੜ੍ਹ ਚਾਅ
ਸਾਡੇ ਅੱਖੀਂ ਕੋਸੇ ਨੀਰ ਵੇ
ਸਾਡੇ ਸੀਨੇ ਅੰਦਰ ਤਾਅ।
ਸਾਡੇ ਵਿਹੜਿਓ ਦਿੱਲੀ ਦੂਰ ਏ
ਸਾਨੂੰ ਅੰਬੋ ਮਿਲਿਆ ਸੱਕ
ਸਾਡੇ ਤਨ ਤੇ ਲੀਰਾਂ ਪਾਟੀਆਂ
ਸਾਡੇ ਬੁੱਚੇ ਕੰਨ ਤੇ ਨੱਕ।
ਸਾਡੇ ਵਿਹੜੇ ਜੰਮੀਆਂ ਕੰਜਕਾਂ
ਬਾਬਲ ਆਖੇ ਪੁੱਤ
ਸਾਡੀ ਮਾਂ ਨੂੰ ਪੈਂਦੇ ਹੌਲ ਨੇ
ਜਿਉ ਜਿਉ ਕਰਦੀ ਗੁੱਤ।
ਸਾਡੇ ਵਿਹੜੇ ਉਗੀਆਂ ਬੇਰੀਆਂ
ਤਾਹੀਓਂ ਵੱਟੇ ਮਾਰੇ ਜੱਗ
ਸਿਰ ਤੋਂ ਖੁਲਕੇ ਬੇਲੀਆ
ਸਾਡੇ ਗਲ ਵਿੱਚ ਆ ਗਈ ਪੱਗ।
ਸਾਡੇ ਵਿਹੜੇ ਦੱਸ ਖਾਂ ਹਾਕਮਾਂ
ਸਾਨੂੰ ਕਿਸ ਦਿਨ ਲੱਭਣਾ ਰੱਜ
ਸਾਡੇ ਖਾਲੀ ਰੋਣ ਭੜੋਲੜੇ
ਸਾਡੇ ਵੈਣ ਕਰੇਂਦੇ ਛੱਜ।



**ਕੁਲਦੀਪ ਸਿੰਘ ਸਾਹਿਲ**
**9417990040**

# Dosanjh Family AUTO GROUP

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD